I N T E R N A T I O N A L
# ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171
E-mail: iptribune@gmail.com
www.punjabitribune.ca
Vol.31 / No.13
28 March, 2025
੧੫ ਚੇਤ ਨਾਨਕਸ਼ਾਹੀ ਸੰਮਤ ੫੫੭

## ਕੈਨੇਡੀਅਨ ਫੈਡਰਲ ਚੋਣਾਂ 'ਚ ਟੈਰਿਫ਼ ਮੁੱਖ ਚੋਣ ਮੁੱਦਾ ਬਣਿਆ




ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ 'ਚ ਫੈਡਰਲ ਚੋਣਾਂ 28 ਅਪ੍ਰੈਲ ਨੂੰ ਹੋਣ ਜਾ ਰਹੀਆਂ ਹਨ ਅਤੇ ਕੈਨੇਡੀਅਨ ਫੈਡਰਲ ਚੋਣ ਮੁਹਿੰਮ ਵਿਚ ਅਮਰੀਕਾ ਵਲੋਂ ਲਗਾਏ ਜਾ ਰਹੇ ਟੈਰਿਫ਼ ਇੱਕ ਵੱਡਾ ਚੋਣ ਮੁੱਦਾ ਬਣਕੇ ਉਭਰਿਆ ਹੈ। ਵੱਖ-ਵੱਖ ਪਾਰਟੀਆਂ ਵਲੋਂ ਇਸ ਮਸਲੇ 'ਤੇ ਵੱਖਰੀ-ਵੱਖਰੀ ਨੀਤੀ ਪੇਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਵਪਾਰ, ਉਤਪਾਦਨ ਅਤੇ ਉਪਭੋਗਤਾਵਾਂ 'ਤੇ ਹੋਣ ਵਾਲੇ ਅਸਰਾਂ ਨੂੰ ਲੈ ਕੇ ਬਹਿਸ ਤੇਜ਼ ਹੋ ਗਈ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਮਰੀਕਾ ਤੋਂ ਬਾਹਰ ਬਣੀਆਂ ਕਾਰਾਂ ਅਤੇ ਹਲਕੀਆਂ ਟਰੱਕਾਂ 'ਤੇ 25% ਟੈਰਿਫ਼ ਲਗਾਉਣ ਦਾ ਫ਼ੈਸਲਾ, ਕੈਨੇਡੀਅਨ ਚੋਣ ਮੁਹਿੰਮ ਦਾ ਕੇਂਦਰੀ ਮੁੱਦਾ ਬਣ ਗਿਆ ਹੈ। ਲਿਬਰਲ ਆਗੂ ਮਾਰਕ ਕਾਰਨੀ, ਨੇ ਆਪਣਾ ਕਿਊਬੈਕ 'ਚ ਚੋਣ ਪ੍ਰਚਾਰ ਛੱਡ, ਆਪਣਾ ਦੌਰਾ ਰੱਦ ਕਰਕੇ ਔਟਵਾ ਜਾਣ ਦਾ ਫ਼ੈਸਲਾ ਕੀਤਾ। ਉੱਥੇ, ਉਨ੍ਹਾਂ ਨੇ ਕੈਨੇਡਾ-ਅਮਰੀਕਾ ਸੰਬੰਧੀ ਕੌਂਸਲ ਦੀ ਬੈਠਕ ਬੁਲਾਈ ਤਾਂ ਕਿ ਆਟੋ ਟੈਰਿਫ਼ਾਂ ਨੂੰ ਲੈ ਕੇ ਕੈਨੇਡਾ ਦੀ ਜਵਾਬੀ ਯੋਜਨਾ 'ਤੇ ਚਰਚਾ ਕੀਤੀ ਜਾਵੇ।

ਕੰਜ਼ਰਵੇਟਿਵ ਆਗੂ ਪੀਅਰ ਪੌਲੀਵੀਅਰ ਇਸ ਸਮੇਂ ਬ੍ਰਿਟਿਸ਼ ਕੋਲੰਬੀਆ 'ਚ ਹਨ, ਜਦਕਿ ਐਨਡੀਪੀ ਆਗੂ ਜਗਮੀਤ ਸਿੰਘ ਓਂਟਾਰੀਓ 'ਚ ਆਪਣੇ

☛ ਬਾਕੀ ਸਫ਼ਾ 31 'ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਉਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

# ਕਿਲੋਨਾ ਸ਼ਹਿਰ ਕੈਨੇਡਾ ਦੇ ਸਭ ਤੋਂ ਵੱਧ ਰਿਹਾਇਸ਼ੀ ਅਪਰਾਧਾਂ ਵਾਲੇ ਸ਼ਹਿਰਾਂ 'ਚ ਸ਼ਾਮਲ

### ਲੈਥਬ੍ਰਿਜ ਅਤੇ ਕੈਲਗਰੀ ਵਿੱਚ ਜਾਇਦਾਦੀ ਅਪਰਾਧ ਲਾਸ ਵੇਗਾਸ ਨਾਲੋਂ ਵੀ ਵੱਧ




**ਸਰੀ, (ਏਕਜੋਤ ਸਿੰਘ):** ਕੈਨੇਡਾ ਵਿੱਚ ਰਿਹਾਇਸ਼ੀ ਅਪਰਾਧਾਂ ਦੀ ਦਰ ਵਧਦੀ ਜਾ ਰਹੀ ਹੈ। ਫਰੇਜ਼ਰ ਇੰਸਟੀਟਿਊਟ ਦੀ ਇੱਕ ਨਵੀਂ ਰਿਪੋਰਟ ਅਨੁਸਾਰ, ਲੈਥਬ੍ਰਿਜ (ਅਲਬਰਟਾ) ਅਤੇ ਕਿਲੋਨਾ (ਬ੍ਰਿਟਿਸ਼ ਕੋਲੰਬੀਆ) ਉੱਤਰੀ ਅਮਰੀਕਾ ਦੇ 300 ਤੋਂ ਵੱਧ ਸ਼ਹਿਰਾਂ ਵਿੱਚ ਸਭ ਤੋਂ ਉੱਚੀ ਰਿਹਾਇਸ਼ੀ ਅਪਰਾਧਾਂ ਦੀ ਦਰ ਵਾਲੇ ਸ਼ਹਿਰ ਹਨ। ਫਰੇਜ਼ਰ ਇੰਸਟੀਟਿਊਟ ਨੇ 2019 ਤੋਂ 2022 ਦੇ ਵਿਚਕਾਰ ਕੈਨੇਡਾ ਅਤੇ ਅਮਰੀਕਾ ਦੇ 36 ਕੈਨੇਡੀਅਨ ਅਤੇ 300 ਅਮਰੀਕੀ ਸ਼ਹਿਰਾਂ ਦਾ ਵਿਸ਼ਲੇਸ਼ਣ ਕੀਤਾ। ਇਹ ਅਧਿਐਨ ਚੋਰੀ, ਧੋਖਾਧੜੀ ਅਤੇ ਘਰਾਂ ਵਿੱਚ ਦਾਖਲ ਹੋਣ ਵਰਗੇ ਰਿਹਾਇਸ਼ੀ ਅਪਰਾਧਾਂ ਅਤੇ ਹਿੰਸਕ ਅਪਰਾਧਾਂ ਦੀ ਦਰ ਦੀ ਤੁਲਨਾ ਕਰਨ 'ਤੇ ਕੇਂਦ੍ਰਤ ਸੀ। ਅਧਿਐਨ ਵਿੱਚ ਦਰਸਾਇਆ ਗਿਆ ਕਿ 25% ਕੈਨੇਡੀਅਨ ਸ਼ਹਿਰ ਹਿੰਸਕ ਅਪਰਾਧਾਂ ਦੀ ਦਰ 'ਚ ਅਮਰੀਕੀ ਸ਼ਹਿਰਾਂ ਨਾਲ ਦੇ ਬਰਾਬਰ ਹੀ ਹਨ, ਪਰ ਜਾਇਦਾਦੀ ਅਪਰਾਧਾਂ ਦੀ ਗੱਲ ਕੀਤੀ ਜਾਵੇ ਤਾਂ ਲੈਥਬ੍ਰਿਜ ਤੇ ਕਿਲੋਨਾ ਨੇ ਸਭ ਤੋਂ ਉੱਚਾ ਅੰਕ ਪ੍ਰਾਪਤ ਕੀਤਾ। 2014 ਤੋਂ ਬਾਅਦ ਕਨੇਡਾ ਵਿੱਚ ਚੋਰੀ, ਧੋਖਾਧੜੀ, ਅਤੇ ਘਰਾਂ ਵਿੱਚ ਦਾਖਲ ਹੋਣ ਜਿਹਾ ਅਪਰਾਧ ਵਧਿਆ ਹੈ। 2022 ਤੱਕ, ਕਨੇਡਾ ਦੀ ਜਾਇਦਾਦੀ ਅਪਰਾਧ ਦਰ ਅਮਰੀਕਾ ਨਾਲੋਂ 27.5% ਵੱਧ ਸੀ। ਵੈਨਕੂਵਰ, ਐਬਟਸਫੋਰਡ-ਮਿਸ਼ਨ ਅਤੇ ਕਿਲੋਨਾ ਨੇ ਪੈਸਿਫਿਕ ਖੇਤਰ ਦੇ 49 ਸ਼ਹਿਰਾਂ ਵਿੱਚ ਉੱਚੀ ਦਰ ਦਰਜ ਕੀਤੀ। ਲੈਥਬ੍ਰਿਜ ਅਤੇ ਕੈਲਗਰੀ ਵਿੱਚ ਜਾਇਦਾਦੀ ਅਪਰਾਧ ਲਾਸ ਵੇਗਾਸ ਨਾਲੋਂ ਵੀ ਵੱਧ ਹੈ। ਵੈਨਕੂਵਰ ਦੀ ਜਾਇਦਾਦੀ ਅਪਰਾਧ ਦਰ ਲਾਸ ਏਂਜਲਸ ਨਾਲੋਂ 60% ਵੱਧ ਹੈ। ਟੋਰਾਂਟੋ ਦੀ ਜਾਇਦਾਦੀ ਅਪਰਾਧ ਦਰ ਨਿਊਯਾਰਕ ਨਾਲੋਂ 40% ਵੱਧ ਹੈ। ਕਨੇਡਾ ਵਿੱਚ 2022 ਤੱਕ ਹਿੰਸਕ ਅਪਰਾਧ ਦਰ 14% ਵਧ ਗਈ। ਵਿੰਨੀਪੈਗ ਨੂੰ ਕਨੇਡਾ ਦੀ "ਮਰਡਰ ਕੈਪੀਟਲ" ਕਿਹਾ ਗਿਆ, ਪਰ ਇਹ ਅਮਰੀਕਾ ਅਤੇ ਕਨੇਡਾ ਦੇ 18ਵੇਂ ਨੰਬਰ 'ਤੇ ਰਿਹਾ। ਅਕਤੂਬਰ 2023 ਵਿੱਚ ਸਰਵੇਅ ਅਨੁਸਾਰ, 58% ਕੈਨੇਡੀਅਨ ਲੋਕ ਸਰਕਾਰ ਦੀ ਅਪਰਾਧ ਨੀਤੀ ਤੋਂ ਨਾਰਾਜ਼ ਹਨ। 70% ਕੰਜ਼ਰਵੇਟਿਵ ਪਾਰਟੀ ਦੇ ਸਮਰਥਕ ਇਹ ਮੰਨਦੇ ਹਨ ਕਿ ਕੈਨੇਡਾ ਵਿੱਚ ਅਪਰਾਧ ਵਧ ਰਿਹਾ ਹੈ। ਕੰਜ਼ਰਵੇਟਿਵ ਆਗੂ ਪੀਅਰ ਪੋਲੀਵੀਅਰ ਨੇ ਕੈਨੇਡਾ 'ਚ ਵੱਧ ਰਹੇ ਅਪਰਾਧ ਲਈ "ਕੈਚ-ਐਂਡ-ਰਿਲੀਜ਼" ਪਾਲਸੀ ਨੂੰ ਦੋਸ਼ ਦਿੱਤਾ। ਜਿਵੇਂ ਕਿ ਬਿਲ ਸੀ -75 – ਬੇਲ ਪ੍ਰਣਾਲੀ ਵਿੱਚ ਢਿੱਲ ਦੇਣੀ। ਬਿਲ ਸੀ 5 – ਘੱਟੋ-ਘੱਟ ਸਜ਼ਾਵਾਂ ਨੂੰ ਰੱਦ ਕਰਨਾ। ਪੋਲੀਵੀਅਰ ਨੇ ਵਾਅਦਾ ਕੀਤਾ ਹੈ ਕਿ ਉਹ ਕੈਨੇਡਾ ਨੂੰ ਸੁਰੱਖਿਅਤ ਬਣਾਉਣ ਲਈ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈਆਂ ਕਰਨਗੇ।

# ਬੀ.ਸੀ. ਦੀ ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਫੈਡਰਲ ਚੋਣਾਂ ਨਾ ਲੜਨ ਦਾ ਲਿਆ ਫੈਸਲਾ

### ਅਕਤੂਬਰ ਕ੍ਰਿਸਟੀ ਕਲਾਰਕ ਨੇ ਲਿਬਰਲ ਪਾਰਟੀ ਦੀ ਆਗੂ ਬਣਨ ਦੀ ਪ੍ਰਗਟਾਈ ਸੀ ਇੱਛਾ



ਵੈਨਕੂਵਰ: ਸਾਬਕਾ ਬ੍ਰਿਟਿਸ਼ ਕੋਲੰਬੀਆ (ਬੀਸੀ) ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਐਲਾਨ ਕੀਤਾ ਹੈ ਕਿ ਉਹ ਇਸ ਵਾਰ ਦੀ ਫੈਡਰਲ ਚੋਣ ਵਿੱਚ ਲਿਬਰਲ ਪਾਰਟੀ ਵਲੋਂ ਹਿੱਸਾ ਨਹੀਂ ਲੈ ਰਹੇ। ਉਨ੍ਹਾਂ ਨੇ ਇਹ ਜਾਣਕਾਰੀ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਕੇ ਦਿੱਤੀ ਹੈ।

ਕ੍ਰਿਸਟੀ ਕਲਾਰਕ ਨੇ ਭਾਵੇਂ ਕਿ ਚੋਣ ਨਾ ਲੜਨ ਦੇ ਪੱਕੇ ਕਾਰਨ ਨਹੀਂ ਦੱਸੇ, ਪਰ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਦੇਸ਼ ਭਰ ਤੋਂ ਦੋਸਤਾਂ ਅਤੇ ਸਮਰਥਕਾਂ ਵਲੋਂ ਬਹੁਤ ਸਾਰਾ ਉਤਸ਼ਾਹ ਅਤੇ ਸ਼ੁਭਕਾਮਨਾਵਾਂ ਮਿਲੀਆਂ ਹਨ। ਉਨ੍ਹਾਂ ਨੇ ਆਉਣ ਵਾਲੀ ਚੋਣ ਮੁਹਿੰਮ ਲਈ ਕਿਸੇ ਵੀ ਉਮੀਦਵਾਰ ਜਾਂ ਪਾਰਟੀ ਨੂੰ ਖੁੱਲ੍ਹਾ ਸਮਰਥਨ ਨਹੀਂ ਦਿੱਤਾ।

ਇਸ ਤੋਂ ਪਹਿਲਾਂ ਅਕਤੂਬਰ 2023 ਵਿੱਚ ਕ੍ਰਿਸਟੀ ਕਲਾਰਕ ਨੇ ਖੁਲਾਸਾ ਕੀਤਾ ਸੀ ਕਿ ਉਹ ਲਿਬਰਲ ਪਾਰਟੀ ਦੀ ਆਗੂ ਬਣਨ ਦੀ ਇੱਛਾ ਰੱਖਦੇ ਹਨ, ਪਰ ਇਸ ਬਾਰੇ ਉਨ੍ਹਾਂ ਨੇ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ। ਟਰੂਡੋ ਦੀ ਨੀਤੀ ਅਤੇ ਨੇਤ੍ਰਤਵ ਨੂੰ ਲੈ ਕੇ ਲਗਾਤਾਰ ਚਲ ਰਹੀਆਂ ਚਰਚਾਵਾਂ ਦੇ ਦੌਰਾਨ, ਕਲਾਰਕ ਨੂੰ ਲਿਬਰਲ ਪਾਰਟੀ ਦੇ ਸੰਭਾਵੀ ਆਗੂ ਵਜੋਂ ਵੇਖਿਆ ਜਾਂਦਾ ਰਿਹਾ ਹੈ।

ਕ੍ਰਿਸਟੀ ਕਲਾਰਕ 2011 ਤੋਂ 2017 ਤੱਕ ਬੀਸੀ ਦੀ ਪ੍ਰੀਮੀਅਰ ਰਹਿ ਚੁੱਕੀ ਹਨ। ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਲਿਬਰਲ ਪਾਰਟੀ ਦਾ ਨੇਤ੍ਰਤਵ 2011 ਵਿੱਚ ਸੰਭਾਲਿਆ ਸੀ। ਪ੍ਰੀਮੀਅਰ ਵਜੋਂ ਉਨ੍ਹਾਂ ਨੇ ਵਾਤਾਵਰਣ ਪ੍ਰਤੀ ਚੇਤਨ, ਵਿੱਤੀ ਤੌਰ 'ਤੇ ਵਿਵੇਕਸ਼ੀਲ ਅਤੇ ਉਦਯੋਗ-ਹਿਮਾਇਤੀ ਆਗੂ ਵਜੋਂ ਆਪਣੀ ਸਾਖ ਬਣਾਈ। ਉਨ੍ਹਾਂ ਦੀ ਸਰਕਾਰ ਨੇ ਮਾਈਨਿੰਗ ਅਤੇ ਤੇਲ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ, ਜਿਸ ਕਾਰਨ ਉਨ੍ਹਾਂ ਦੀ ਆਲੋਚਨਾ ਵੀ ਹੋਈ।

2017 ਦੀ ਸੂਬੇ ਦੀ ਚੋਣ 'ਚ ਬੀਸੀ ਲਿਬਰਲ ਪਾਰਟੀ ਨੇ ਸਭ ਤੋਂ ਵੱਧ ਸੀਟਾਂ ਜਿੱਤੀਆਂ ਸਨ, ਪਰ ਬਹੁਮਤ ਨਾ ਮਿਲਣ ਕਾਰਨ ਉਨ੍ਹਾਂ ਦੀ ਸਰਕਾਰ ਢਹਿ ਗਈ। ਉਸ ਤੋਂ ਬਾਅਦ, ਨਵੀਂ ਸਰਕਾਰ ਬਣਨ 'ਚ ਅਸਫਲ ਰਹਿਣ ਦੇ ਬਾਅਦ, ਉਨ੍ਹਾਂ ਨੇ 2017 ਵਿੱਚ ਹੀ ਲਿਡਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ।

**Are you looking to Buy, Sell or Invest in Properties?**

**We Can Help!** for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

**Amarpal Singh | Call : 604.338.7310**

1200 W 73rd Ave Unit 828, Vancouver, BC V6P 6G5

**HOUSE FOR SALE**

**9213 133rd Street Surrey B.C., V3V7E3**




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

**15108 83A Avenue, Surrey, BC, V3S8R9**




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

# ਬੀ.ਸੀ. ਵਿੱਚ 3.7 ਮਿਲੀਅਨ ਵਾਹਨ ਬੀਮਾ ਗਾਹਕਾਂ ਲਈ $110 ਦੀ ਰੀਬੇਟ




**ਸਰੀ, (ਏਕਜੋਤ ਸਿੰਘ):** ਆਈ.ਸੀ.ਬੀ.ਸੀ. ਨੇ 3.7 ਮਿਲੀਅਨ ਗਾਹਕਾਂ ਨੂੰ $110 ਦੀ ਰੀਬੇਟ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਰੀਬੇਟ ਜਨਵਰੀ 2025 ਤੱਕ ਮੌਜੂਦ ਮੁਲਕ (ਭਓਸਚਿ) ਇਨਸ਼ੋਰੈਂਸ ਵਾਲੇ ਵਿਆਪਾਰਕ ਅਤੇ ਨਿੱਜੀ ਗਾਹਕਾਂ ਨੂੰ ਮਿਲੇਗੀ।

ਬੀ.ਸੀ. ਦੇ ਲੋਕ ਸੁਰੱਖਿਆ ਮੰਤਰੀ ਅਤੇ ਸਾਲਿਸੀਟਰ ਜਨਰਲ ਗੈਰੀ ਬੈਗ ਨੇ 26 ਮਾਰਚ ਨੂੰ ਐਲਾਨ ਕਰਦਿਆਂ ਕਿਹਾ, "ਇਹ ਰੀਬੇਟ ਇੱਕ ਛੋਟੀ ਤੋਹਫ਼ਾ ਹੈ, ਜੋ ਆਈ.ਸੀ.ਬੀ.ਸੀ.ਵੱਲੋਂ ਆਪਣੇ ਗਾਹਕਾਂ ਨੂੰ ਵਾਪਸ ਦਿੱਤਾ ਜਾ ਰਿਹਾ ਹੈ, ਜਦੋਂ ਅਸੀਂ ਅਰਥਿਕ ਅਸਥਿਰਤਾ ਅਤੇ ਟੈਰਿਫ਼ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ।" ਸਰਕਾਰ ਨੇ ਇਹ $410 ਮਿਲੀਅਨ ਦੀ ਰੀਬੇਟ ਯੋਜਨਾ ਸਾਲ 2025 ਦੇ ਬਜਟ ਦੇ ਹਿੱਸੇ ਵਜੋਂ ਐਲਾਨੀ ਸੀ। ਇਹ ਫਰਵਰੀ 2021 ਤੋਂ ਹੁਣ ਤੱਕ ਆਈ.ਸੀ.ਬੀ.ਸੀ.ਵੱਲੋਂ ਦਿੱਤੀ ਗਈ ਪੰਜਵੀਂ ਰੀਬੇਟ ਹੈ।

ਆਈ.ਸੀ.ਬੀ.ਸੀ.ਦੇ ਪ੍ਰਧਾਨ ਅਤੇ ਸੀ.ਈ.ਓ. ਡੇਵਿਡ ਵੋਂਗ ਮੁਤਾਬਕ, "ਮਜ਼ਬੂਤ ਨਿਵੇਸ਼ ਮੁਨਾਫਿਆਂ ਦੇ ਕਾਰਨ ਅਸੀਂ ਇਹ ਰੀਬੇਟ ਦੇਣ ਦੇ ਯੋਗ ਹੋਏ ਹਾਂ। ਅਸੀਂ ਪਿਛਲੇ ਛੇ ਸਾਲਾਂ ਤੋਂ ਮੁਲਕ ਇਨਸ਼ੋਰੈਂਸ ਰੇਟ 'ਚ ਕੋਈ ਵਾਧੂ ਨਹੀਂ ਕੀਤੀ ਅਤੇ ਮਜ਼ਬੂਤ ਆਰਥਿਕ ਜਮਾਪੂੰਜੀ ਨੂੰ ਕਾਇਮ ਰੱਖਿਆ ਹੈ।"

ਆਈ.ਸੀ.ਬੀ.ਸੀ. ਨੇ ਦੱਸਿਆ ਕਿ ਰੀਬੇਟ ਉਨ੍ਹਾਂ ਗਾਹਕਾਂ ਨੂੰ ਮਿਲੇਗੀ, ਜਿਨ੍ਹਾਂ ਨੇ 2025 ਦੀ ਸ਼ੁਰੂਆਤ ਵਿੱਚ ਬੀਮਾ ਕਰਵਾਇਆ ਹੋਇਆ ਹੈ। ਗਾਹਕਾਂ ਨੂੰ ਰੀਬੇਟ ਮਿਲਣ ਦੀ ਵਿਧੀ ਉਨ੍ਹਾਂ ਦੇ ਭੁਗਤਾਨ ਤਰੀਕੇ 'ਤੇ ਨਿਰਭਰ ਕਰੇਗੀ।

ਮਹੀਨਾਵਾਰ ਭੁਗਤਾਨ ਕਰਨ ਵਾਲੇ ਗਾਹਕਾਂ ਨੂੰ ਅਪਰੈਲ ਵਿੱਚ ਉਨ੍ਹਾਂ ਦੀ ਅਗਲੀ ਕਿਸ਼ਤ 'ਚ ਵਾਪਸ ਮਿਲੇਗਾ। ਕ੍ਰੈਡਿਟ ਕਾਰਡ ਰਾਹੀਂ ਭੁਗਤਾਨ ਕਰਨ ਵਾਲਿਆਂ ਨੂੰ ਇੱਕ ਮਹੀਨੇ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਡਾਇਰੈਕਟ ਡਿਪਾਜਟਿ ਵਾਲਿਆਂ ਨੂੰ ਤਿੰਨ ਦਿਨਾਂ ਵਿੱਚ ਰਕਮ ਮਿਲ ਜਾਵੇਗੀ। ਚੈਕ ਰਾਹੀਂ ਭੁਗਤਾਨ ਕਰਨ ਵਾਲਿਆਂ ਨੂੰ ਛੇ ਹਫ਼ਤਿਆਂ ਤੱਕ, ਮਈ ਦੇ ਅਖੀਰ ਤੱਕ, ਇੰਤਜ਼ਾਰ ਕਰਨਾ ਪੈ ਸਕਦਾ ਹੈ।

ਆਈ.ਸੀ.ਬੀ.ਸੀ.ਨੇ ਇਹ ਵੀ ਕਿਹਾ ਕਿ ਇਹ ਰੀਬੇਟ ਸਿਰਫ਼ ਕੈਨੇਡੀਅਨ ਵਪਾਰਕ ਸਹਿਯੋਗੀਆਂ ਰਾਹੀਂ ਦਿੱਤੀ ਜਾ ਰਹੀ ਹੈ, ਜਦਕਿ ਅਮਰੀਕੀ ਵਪਾਰਕ ਨੀਤੀਆਂ ਦੀ ਸਮੀਖਿਆ ਜਾਰੀ ਹੈ।

ਇਸ ਨਵੀਨਤਮ ਰੀਬੇਟ ਨਾਲ, ਆਈ.ਸੀ.ਬੀ.ਸੀ. ਨੇ 2021 ਤੋਂ ਹੁਣ ਤੱਕ ਆਪਣੇ ਯੋਗ ਗਾਹਕਾਂ ਨੂੰ ਕੁੱਲ $640 ਦੀ ਰੀਬੇਟ ਦਿੱਤੀ ਹੈ। This report was written by Ekjot Singh as part of the Local Journalism Initiative.

# ਸੁੱਖ ਧਾਲੀਵਾਲ ਨੇ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ, ਸਰੀ-ਨਿਊਟਨ ਵਾਸੀਆਂ ਲਈ ਵਚਨਬੱਧਤਾ ਪ੍ਰਗਟਾਈ




**ਸਰੀ-ਨਿਊਟਨ (ਏਕਜੋਤ ਸਿੰਘ):** ਲਿਬਰਲ ਪਾਰਟੀ ਦੇ ਉਮੀਦਵਾਰ ਸੁੱਖ ਧਾਲੀਵਾਲ ਨੇ ਬੀਤੇ ਕੱਲ੍ਹ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ, ਉਨ੍ਹਾਂ ਕਿਹਾ ਕਿ ਫੈਡਰਲ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਉਹ ਸਰੀ-ਨਿਊਟਨ ਦੇ ਵਾਸੀਆਂ ਦੀ ਆਵਾਜ਼ ਬਣਨ ਲਈ ਮੁੜ ਮੈਦਾਨ ਵਿੱਚ ਉਤਰ ਰਹੇ ਹਨ। ਉਨ੍ਹਾਂ ਨੇ ਆਪਣੇ ਸਮਰਥਕਾਂ ਅਤੇ ਸਮੂਹ ਟੀਮ ਨੂੰ ਚੋਣ ਮੁਹਿੰਮ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਉਹ ਸਮਾਜ ਦੀ ਭਲਾਈ ਲਈ ਆਪਣੀ ਲੜਾਈ ਜਾਰੀ ਰੱਖਣਗੇ।

ਸੁੱਖ ਧਾਲੀਵਾਲ ਨੇ ਆਪਣੇ ਸੰਦੇਸ਼ ਵਿੱਚ ਕਿਹਾ, ""ਮੈਂ ਤੁਹਾਡੇ ਹੱਕ ਲਈ ਲੜਨਾ ਜਾਰੀ ਰੱਖਾਂਗਾ, ਮੈਂ ਪਿਛਲੇ ਕਈ ਸਾਲਾਂ ਤੋਂ ਸਰੀ-ਨਿਊਟਨ ਦੀ ਨੁਮਾਇੰਦਗੀ ਕਰ ਰਿਹਾ ਹਾਂ, ਅਤੇ ਮੈਨੂੰ ਆਪਣੇ ਖੇਤਰ ਦੀ ਤਰੱਕੀ, ਸੁਰੱਖਿਆ ਅਤੇ ਭਲਾਈ ਲਈ ਕੰਮ ਕਰਨ ਤੇ ਮਾਣ ਹੈ। ਇਹ ਚੋਣਾਂ ਇੱਕ ਵੱਡਾ ਮੌਕਾ ਹਨ ਸਾਡੀ ਆਵਾਜ਼ ਨੂੰ ਹੋਰ ਵੀ ਮਜ਼ਬੂਤ ਬਣਾਉਣ ਦਾ।"

ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਲੋਕ-ਭਲਾਈ, ਵਧੀਆ ਆਵਾਸੀ ਸੁਵਿਧਾਵਾਂ, ਨੌਜਵਾਨਾਂ ਲਈ ਵਧੇਰੇ ਮੌਕੇ ਅਤੇ ਸਮਾਜਿਕ ਸੁਰੱਖਿਆ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਨੇ ਸਰੀ-ਨਿਊਟਨ ਦੀਆਂ ਪਰਵਾਰਕ, ਆਰਥਿਕ ਅਤੇ ਵਪਾਰਕ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਵਿੱਖ ਲਈ ਆਪਣੀ ਯੋਜਨਾ ਪੇਸ਼ ਕਰਨ ਦੀ ਗੱਲ ਵੀ ਕੀਤੀ।

ਸੁੱਖ ਧਾਲੀਵਾਲ ਨੇ ਆਪਣੀ ਚੋਣ ਮੁਹਿੰਮ ਵਿੱਚ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ, "ਜੇ ਤੁਸੀਂ ਸਾਡੀ ਟੀਮ ਦਾ ਹਿੱਸਾ ਬਣਨਾ ਚਾਹੁੰਦੇ ਹੋ, ਤਾਂ ਸਾਡੇ ਨਾਲ ਸੰਪਰਕ ਕਰੋ। ਅਸੀਂ ਸਰੀ-ਨਿਊਟਨ ਦੀ ਆਵਾਜ਼ ਹਾਂ, ਅਤੇ ਮਿਲ ਕੇ ਇਸ ਖੇਤਰ ਨੂੰ ਹੋਰ ਵੀ ਵਧੀਆ ਬਣਾਵਾਂਗੇ।" ਉਨ੍ਹਾਂ ਨੇ ਸੰਪਰਕ ਲਈ ਈਮੇਲ -info@teamsukhdhaliwal.com ਵੀ ਜਾਰੀ ਕੀਤਾ।

ਸੁੱਖ ਧਾਲੀਵਾਲ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਨਾਲ ਹੀ ਸਰੀ-ਨਿਊਟਨ ਵਿੱਚ ਚੋਣੀ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਲੋਕ ਉਨ੍ਹਾਂ ਦੇ ਕੰਮ ਦੀ ਸਰਾਹਨਾ ਵੀ ਕਰ ਰਹੇ ਹਨ ਅਤੇ ਆਉਣ ਵਾਲੀਆਂ ਚੋਣਾਂ ਨੂੰ ਇੱਕ ਵੱਡਾ ਮੁਕਾਬਲਾ ਮੰਨ ਰਹੇ ਹਨ।

ਲਿਬਰਲ ਪਾਰਟੀ ਨੇ ਤੁਰੰਤ ਚੋਣ ਮੁਹਿੰਮ ਦੀ ਰਣਨੀਤੀ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੇ ਜਨਤਾ ਨਾਲ ਨਿੱਜੀ ਮਿਲਾਪ, ਸਮੂਹਕ ਈਵੈਂਟ ਅਤੇ ਡੋਰ-ਟੂ-ਡੋਰ ਮੁਹਿੰਮ ਰਾਹੀਂ ਲੋਕਾਂ ਤੱਕ ਆਪਣਾ ਸੰਦੇਸ਼ ਪਹੁੰਚਾਉਣ ਦੀ ਯੋਜਨਾ ਬਣਾਈ ਹੈ। This report was written by Ekjot Singh as part of the Local Journalism Initiative.

# ਕੈਨੇਡਾ ਸਰਕਾਰ ਨੇ ਟੈਸਲਾ ਲਈ ਇਲੈਕਟ੍ਰਿਕ ਗੱਡੀਆਂ ਰੀਬੇਟ ਰੋਕੀ

ਸਰੀ, (ਏਕਜੋਤ ਸਿੰਘ): ਕੈਨੇਡਾ ਦੀ ਸਰਕਾਰ ਨੇ ਟੈਸਲਾ ਲਈ ਇਲੈਕਟ੍ਰਿਕ ਗੱਡੀਆਂ ਲਈ ਰੀਬੇਟ ਪ੍ਰੋਗਰਾਮ ਤਹਿਤ ਭੁਗਤਾਨ ਨੂੰ ਰੋਕ ਦਿੱਤਾ ਹੈ, ਕਿਉਂਕਿ ਇਹ ਜਾਂਚ ਜਾਰੀ ਹੈ ਕਿ ਕੀ ਇਹ ਯੋਜਨਾ ਕਾਨੂੰਨੀ ਤੌਰ 'ਤੇ ਵੈਧ ਹੈ ਜਾਂ ਨਹੀਂ।

ਕੈਨੇਡਾ ਦੀ ਟਰਾਂਸਪੋਰਟ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਕਿ ਡ੍ਰਾਈਵ-ਜ਼ੀਰੋ ਇਮੀਸ਼ਨ ਵਾਹਨਾਂ ਲਈ ਭਵਿੱਖ ਦੇ ਪ੍ਰੋਤਸਾਹਨ ਪ੍ਰੋਗਰਾਮਾਂ ਦੇ ਯੋਗਤਾ ਪੈਮਾਨਿਆਂ ਵਿੱਚ ਬਦਲਾਅ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ: "ਜਦ ਤਕ ਅਮਰੀਕਾ ਵੱਲੋਂ ਕੈਨੇਡਾ 'ਤੇ ਟੈਰਿਫ ਲਾਗੂ ਰਹੇਗਾ, ਟੈਸਲਾ ਇਸ ਨਵੇਂ ਰੀਬੇਟ ਪ੍ਰੋਗਰਾਮ ਲਈ ਯੋਗ ਨਹੀਂ ਹੋਵੇਗੀ।"

ਫ੍ਰੀਲੈਂਡ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਹੁਕਮ ਆਪਣੇ ਮੰਤਰੀ ਬਣਨ ਤੋਂ ਤੁਰੰਤ ਬਾਅਦ ਜਾਰੀ ਕੀਤਾ ਸੀ। ਹੁਣ, ਫੈਡਰਲ ਚੋਣਾਂ 'ਚ ਵੀ ਇਹ ਮੁੱਦਾ ਮਹੱਤਵਪੂਰਨ ਬਣ ਗਿਆ ਹੈ, ਕਿਉਂਕਿ ਅਮਰੀਕਾ-ਕੈਨੇਡਾ ਸੰਬੰਧ ਚਰਚਾ ਦਾ ਕੇਂਦਰ ਬਣੇ ਹੋਏ ਹਨ।

ਐੱਨਡੀਪੀ ਦੇ ਉਮੀਦਵਾਰ ਬਰਾਇਨ ਮੈਸੇ, ਜੋ ਵਿੰਡਸਰ ਵੇਸਟ ਤੋਂ ਚੋਣ ਲੜ ਰਹੇ ਹਨ, ਨੇ ਮੰਗਲਵਾਰ ਨੂੰ ਕਿਹਾ ਕਿ ਟੈਸਲਾ ਲਈ ਹੁਣ ਰੀਬੇਟ ਲੈਣ ਦੀ ਆਖਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। This report was written by Ekjot Singh as part of the Local Journalism Initiative.

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...
Accepting Canadian Dental Care Plan From Govt.



Consult Dr. Sra for a health SMILE
Value $500
COMPLIMENTARY NIGHT GUARD
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਸਰਦਾਰ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ, ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ, ਭਾਈ ਸ਼ਾਹਬਾਜ਼ ਸਿੰਘ ਅਤੇ ਸ਼ਹੀਦੀ ਦਿਹਾੜਾ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਮਨਾਇਆ ਜਾਵੇਗਾ।
- ਇਸ ਮੌਕੇ ਦੋ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ
- 1. ਨਗਰ ਧਾਲੀਵਾਲ ਦੋਨਾਂ ਦੀ ਸੰਗਤ ਵੱਲੋਂ
- 2. ਨਗਰ ਝਾਂਡੇ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ
- ਇਹ ਅਖੰਡ ਪਾਠ ਦਿਨ ਸ਼ੁੱਕਰਵਾਰ 28 ਮਾਰਚ ਸਵੇਰੇ 9:00 ਵਜੇ ਆਰੰਭ ਹੋਣਗੇ ਅਤੇ ਭੋਗ ਐਤਵਾਰ 30 ਮਾਰਚ ਨੂੰ 9:30 ਵਜੇ ਪਾਏ ਜਾਣਗੇ, ਉਪਰੰਤ ਖੁੱਲੇ ਦੀਵਾਨ ਸਜਣਗੇ ਅਤੇ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ਨਿੱਚਰਵਾਰ ਮਾਰਚ 29 ਨੂੰ 10:00 ਵਜੇ ਦੋ ਆਨੰਦ ਕਾਰਜ ਹੋਣਗੇ:
- 1 ਬੱਚੇ ਅਮਨਪ੍ਰੀਤ ਕੌਰ ਦਾ ਕਾਕਾ ਪਵਨਦੀਪ ਸਿੰਘ ਦੇ ਅਨੰਦਕਾਰਜ
- 2 ਬੱਚੀ ਰਮਨਦੀਪ ਕੌਰ ਕਾਕਾ ਹਰਮਨ ਸਿੰਘ ਦੇ ਅਨੰਦਕਾਰਜ
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਮਨਜੀਤ ਕੌਰ ਗਿੱਲ ਪਰਿਵਾਰ ਵੱਲੋਂ ਹੋਵੇਗੀ :
- ਐਤਵਾਰ ਮਾਰਚ 30 ਨੂੰ 11:00 ਵਜੇ ਸਵਰਗੀ ਭਾਈ ਹਰਦਿਆਲ ਸਿੰਘ ਧਨੋਆ ਦਾ ਅੰਤਿਮ ਸੰਸਕਾਰ ਰਿਵਰਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 12:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸੰਸਕਾਰ 2:00 ਵਜੇ ਸਵਰਗੀ ਭਾਈ ਬਲਜੀਤ ਸਿੰਘ ਰੰਧਾਵਾ ਦਾ ਰਿਵਰਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਤੇ 3:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਅੰਤਿਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਪ੍ਰਿਤਪਾਲ ਸਿੰਘ ਸੰਘੇੜਾ ਪਰਿਵਾਰ ਵੱਲੋਂ ਆਪਣੇ ਬੱਚੀ ਦੇ ਆਨੰਦ ਕਾਰਜ ਦੀ ਖੁਸ਼ੀ ਵਿੱਚ ਹੋਵੇਗੀ।
- 1 ਅਪ੍ਰੈਲ ਦਿਨ ਮੰਗਲਵਾਰ ਸਵੇਰੇ 10:00 ਵਜੇ ਅੰਤਮ ਸਸਕਾਰ ਸਵ: ਬੀਬੀ ਗੁਰਦੀਪ ਕੌਰ ਗਿੱਲ ਦਾ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ। ਉਪਰੰਤ ਭੋਗ ਸ੍ਰੀ ਗੁਰੂ ਸਿੰਘ ਸਭਾ 11:30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- 1 ਅਪ੍ਰੈਲ ਦਿਨ ਮੰਗਲਵਾਰ ਅੰਤਮ ਸੰਸਕਾਰ 1:00 ਵਜੇ ਸਵ: ਭਾਈ ਸੁਰਜੀਤ ਸਿੰਘ ਦਾ ਰਿਵਰ ਸਾਈਡ 'ਤੇ ਹੋਵੇਗਾ ਅਤੇ ਭੋਗ 3:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਰਾਗੀ ਜੱਥਾ :** ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ

**ਕਥਾਵਾਚਕ :** ਭਾਈ ਨਿਸ਼ਾਨ ਸਿੰਘ

**ਢਾਡੀ ਜਥਾ :** ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

**ਵਿਸ਼ੇਸ਼ ਨੋਟ :** ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

| | |
|---|---|
| ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਬ੍ਰਿਟਿਸ਼ ਕੋਲੰਬੀਆ ਵਿੱਚ ਕਈ ਪੁਰਾਣੇ ਖੁੰਡ ਫੈਡਰਲ ਚੋਣਾਂ ਦੇ ਮੈਦਾਨ 'ਚ ਨਿੱਤਰਨ ਦੇ ਇਛੁੱਕ

### ਸਾਬਕਾ ਵੈਨਕੂਵਰ ਮੇਅਰ ਗ੍ਰੇਗਰ ਰਾਬਰਟਸਨ ਲਿਬਰਲ ਪਾਰਟੀ ਵਲੋਂ ਲੜਨਗੇ ਚੋਣ

**ਵੈਨਕੂਵਰ (ਏਕਜੋਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਵੋਟਰਾਂ ਨੂੰ ਇਸ ਵਾਰ ਫੈਡਰਲ ਚੋਣ ਵਿੱਚ ਕਈ ਪੁਰਾਣੇ ਚਿਹਰੇ ਦੇਖ ਨੂੰ ਮਿਲਣਗੇ। ਕਈ ਸਾਬਕਾ ਸੂਬਾਈ ਨੇਤਾ ਫੈਡਰਲ ਚੋਣਾਂ 'ਚ ਹਿਸਾ ਲੈ ਰਹੇ ਹਨ, ਜਦਕਿ ਕਈ ਮਹੱਤਵਪੂਰਨ ਚਿਹਰੇ ਪਹਿਲਾਂ ਹੀ ਰੇਸ ਤੋਂ ਪਹਲਾਂ ਹੀ ਬਾਹਰ ਹੋ ਗਏ। ਸਾਬਕਾ ਵੈਨਕੂਵਰ ਮੇਅਰ ਗ੍ਰੇਗਰ ਰਾਬਰਟਸਨ ਜੋ 2005-2008 ਤੱਕ ਸੂਬਾਈ ਵਿਧਾਨ ਸਭਾ ਦੇ ਮੈਂਬਰ ਰਹੇ, ਹੁਣ ਫੈਡਲਰ ਲਿਬਰਲ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਹਾਲਾਂਕਿ ਉਨ੍ਹਾਂ ਦੀ ਪਹਚਾਣ ਪਹਿਲਾਂ ਸੂਬਾਈ ਨਿਊ ਡੈਮੋਕ੍ਰਿਟਕ ਪਾਰਟੀ ਨਾਲ ਸਨ।




ਦੂਜੇ ਪਏਸੇ ਕ੍ਰਿਸਟੀ ਕਲਾਰਕ ਦੀ ਫੈਡਰਲ ਰਾਜਨੀਤੀ 'ਚ ਦਾਖਲ ਹੋਣ ਦੀ ਉਮੀਦ 'ਤੇ ਪਾਣੀ ਫਿਰ ਗਿਆ। ਉਹ ਸਾਊਥ ਸਰੀ-ਵਾਈਟ ਰੌਕ ਤੋਂ ਲਿਬਰਲ ਉਮੀਦਵਾਰ ਬਣਨਾ ਚਾਹੁੰਦੀ ਸੀ, ਪਰ ਸਥਾਨਕ ਲਿਬਰਲ ਆਗੂ ਉਨ੍ਹਾਂ ਦੇ ਵਿਰੋਧ 'ਚ ਖੜ੍ਹੇ ਹੋ ਗਏ। ਸਟਿਊਅਰਟ ਪ੍ਰੈਸਟ ਨੇ ਕਿਹਾ ਕਿ ਕਲਾਰਕ ਬੀ.ਸੀ. ਲਿਬਰਲ ਪਾਰਟੀ ਦੀ ਇੱਕ ਐਸੀ ਗਠਜੋੜ ਨਾਲ ਜੁੜੀ ਹੋਈ ਨੇਤਾ ਰਹੀ ਹੈ ਜੋ ਹੁਣ ਮੌਜੂਦ ਨਹੀਂ।

ਉਨ੍ਹਾਂ ਮੁਤਾਬਕ, "ਫੈਡਰਲ ਲਿਬਰਲ ਪਾਰਟੀ ਖੁਦ ਨੂੰ ਐਨ.ਡੀ.ਪੀ. ਵਿਰੁੱਧ ਰੱਖਦੀ ਹੈ, ਪਰ ਕਲਾਰਕ ਦੀ ਪਿਛਲੀ ਰਾਜਨੀਤੀ ਰੁਝਾਨ ਦੀ ਦੋਹਰੀ ਪਛਾਣ ਨੂੰ ਦਰਸਾਉਂਦੀ ਹੈ, ਜੋ ਉਨ੍ਹਾਂ ਲਈ ਨੁਕਸਾਨਦਾਇਕ ਸਾਬਤ ਹੋਈ।"

ਦੂਜੇ ਪਾਸੇ, ਐਲਿਸ ਰੌਸ (2017-2024 ਤੱਕ ਸੂਬਾਈ ਵਿਧਾਇਕ) ਫੈਡਲਰ ਕੰਜ਼ਰਵੇਟਿਵ ਪਾਰਟੀ ਵਲੋਂ ਸਕੀਨਾ-ਬਲਕਲੀ ਵੈਲੀ ਤੋਂ ਚੋਣ ਲੜ ਰਹੇ ਹਨ, ਜਿੱਥੇ ਐਨ.ਡੀ.ਪੀ. ਦੇ ਟੇਲਰ ਬੈਕਰੈਕ ਉਨ੍ਹਾਂ ਨੂੰ ਟੱਕਰ ਦੇ ਰਹੇ ਹਨ।

ਮਾਈਕ ਡੀ ਜੌਂਗ, ਜੋ 1994-2024 ਤੱਕ ਬੀ.ਸੀ. ਵਿਧਾਨ ਸਭਾ ਦੇ ਮੈਂਬਰ ਰਹੇ, ਉਨ੍ਹਾਂ ਨੂੰ ਫੈਡਰਲ ਕੰਜ਼ਰਵੇਟਿਵ ਪਾਰਟੀ ਨੇ ਐਬਟਸਫੋਰਡ-ਸਾਊਥ ਲੈਂਗਲੀ ਤੋਂ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਆਪਣੇ ਇਨਕਾਰ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ, "ਸਥਾਨਕ ਪੈਨਲ ਨੇ ਮੇਰੀ ਉਮੀਦਵਾਰੀ ਦਾ ਸਮਰਥਨ ਕੀਤਾ ਸੀ, ਪਰ ਫਿਰ ਵੀ ਮੈਂ ਨਾਕਾਬਿਲ ਮੰਨਿਆ ਗਿਆ।" ਬੀ.ਸੀ. ਵਿੱਚ ਐਨ.ਡੀ.ਪੀ. ਨੂੰ ਕਾਫ਼ੀ ਮੁਸ਼ਕਿਲਾਂ ਆ ਰਹੀਆਂ ਹਨ। ਸਰਵੇਖਣ ਅਨੁਸਾਰ, ਐਨ.ਡੀ.ਪੀ. ਹੁਣ ਕੇਵਲ 9-10% ਹਿੱਸੇ 'ਤੇ ਖੜੀ ਹੈ। This report was written by Ekjot Singh as part of the Local Journalism Initiative.

# ਸਰੀ ਸੈਂਟਰ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜਵੀਰ ਢਿੱਲੋਂ ਨੇ ਚੋਣ ਮੁਹਿੰਮ ਦਾ ਕੀਤਾ ਆਗਾਜ਼

### ਸਰੀ ਨੌਰਥ ਤੋਂ ਐਮਐਲਏ ਮਨਦੀਪ ਧਾਲੀਵਾਲ ਵੀ ਉਹਨਾਂ ਦੇ ਸਮਰਥਨ ਵਿੱਚ ਨਿੱਤਰੇ





ਸਰੀ (ਹਰਦਮ ਮਾਨ): ਕੰਜ਼ਰਵੇਵਿਟ ਪਾਰਟੀ ਦੇ ਉਮੀਦਵਾਰ ਰਾਜਵੀਰ ਢਿਲੋਂ ਅੱਜ ਸਰੀ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਆਪਣੇ ਪਰਿਵਾਰ ਸਮੇਤ ਨਤਮਸਤਕ ਹੋਏ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਸਮੇਂ ਉਹਨਾਂ ਦੇ ਨਾਲ ਉਹਨਾਂ ਦੇ ਸਮਰਥਕ ਅਤੇ ਨਾਮਜ਼ਦਗੀ ਵਿੱਚ ਹਿੱਸਾ ਲੈਣ ਵਾਲੇ ਕਈ ਵੋਟਰ ਵੀ ਹਾਜ਼ਰ ਸਨ।

ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਉਹਨਾਂ ਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਰਾਜਵੀਰ ਢਿੱਲੋਂ, ਉਹਨਾਂ ਦੀ ਪਤਨੀ, ਬੱਚਿਆਂ ਅਤੇ ਉਹਨਾਂ ਦੇ ਸਮਰਥਕਾਂ ਨੇ ਵੱਖੋ ਵੱਖ ਟੀਮਾਂ ਬਣਾ ਕੇ ਵੋਟਰਾਂ ਦੇ ਘਰਾਂ ਵਿੱਚ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਕੰਸਰਵੇਟਿਵ ਪਾਰਟੀ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰ ਰਹੇ ਹਨ। ਇਸੇ ਦੌਰਾਨ ਸਰੀ ਨੌਰਥ ਤੋਂ ਐਮਐਲਏ ਮਨਦੀਪ ਧਾਲੀਵਾਲ ਵੀ ਉਹਨਾਂ ਦੇ ਸਮਰਥਨ ਵਿੱਚ ਨਿੱਤਰ ਆਏ ਹਨ ਅਤੇ ਹਲਕੇ ਵਿੱਚ 'ਡੋਰ ਨੌਕਿੰਗ' ਕਰ ਰਹੇ ਹਨ। ਰਾਜਵੀਰ ਢਿੱਲੋਂ ਨੇ ਕਿਹਾ ਕਿ ਵੋਟਰਾਂ ਦਾ ਹੁੰਗਾਰਾ ਬਹੁਤ ਹੀ ਹਾਂ ਪੱਖੀ ਹੈ, ਵੋਟਰ ਲਿਬਰਲ ਪਾਰਟੀ ਦੇ ਰਾਜ ਤੋਂ ਅੱਕ ਚੁੱਕੇ ਹਨ ਤੇ ਕੰਸਰਵੇਟਿਵ ਪਾਰਟੀ ਦੀ ਸਰਕਾਰ ਚਾਹੁੰਦੇ ਹਨ। ਇਸ ਮੌਕੇ ਐਮਐਲਏ ਮਨਦੀਪ ਧਾਲੀਵਾਲ, ਰਿੱਕੀ ਬਾਜਵਾ, ਸੰਦੀਪ ਤੂਰ, ਜਸਦੀਪ ਸਿੱਧੂ, ਜਗਦੀਪ ਸੰਧੂ, ਬੂਟਾ ਬਰਾੜ, ਇਕਬਾਲ ਸੰਧੂ, ਅਮਰੀਕ ਸਿੱਧੂ, ਬੁੱਧੀ ਕਪੂਰ ਅਤੇ ਯਸ਼ ਪਟੇਲ ਵੀ ਹਾਜ਼ਰ ਸਨ।


HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।


- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ



Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Divorces Probate
All kind of Notary Services

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)



NEWTON DENTURE CLINIC INC.
Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਲੋਬਲੌਜ਼ ਵੱਲੋਂ ਕੈਨੇਡਾ ਭਰ ਵਿੱਚ ਬਾਡੀ ਕੈਮਰਾ ਪਾਇਲਟ ਪ੍ਰੋਗਰਾਮ ਦਾ ਵਿਸਤਾਰ




**ਸਰੀ, (ਏਕਜੋਤ ਸਿੰਘ):** ਲੋਬਲੌਜ਼ ਵੱਲੋਂ ਸੁਪਰਸਟੋਰ ਅਤੇ ਸ਼ਾਪਰਜ਼ ਡਰੱਗ ਮਾਰਟ ਸਟੋਰਾਂ ਵਿੱਚ ਬਾਡੀ ਕੈਮਰਾ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤੀ ਸਫਲਤਾ ਦੇ ਮੱਦੇਨਜ਼ਰ ਹੁਣ ਇਸ ਨੂੰ ਕੈਨੇਡਾ ਭਰ ਵਿੱਚ ਹੋਰ ਸਟੋਰਾਂ ਤੱਕ ਵਧਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਤਹਿਤ, ਭਾਗ ਲੈ ਰਹੀਆਂ ਰਿਟੇਲ ਥਾਵਾਂ 'ਤੇ ਕਰਮਚਾਰੀਆਂ ਨੂੰ ਬਾਡੀ ਕੈਮਰਿਆਂ ਨਾਲ ਲੈਸ ਕੀਤਾ ਜਾ ਰਿਹਾ ਹੈ। ਲੋਬਲੌਜ਼, ਜੋ ਰੀਅਲ ਕੈਨੇਡੀਅਨ ਸੁਪਰਸਟੋਰ, ਟੀ ਐਂਡ ਟੀ ਸੁਪਰਮਾਰਕੀਟ, ਨੋ ਫ੍ਰਿਲਸ, ਸ਼ਾਪਰਜ਼ ਡਰੱਗ ਮਾਰਟ ਤੇ ਹੋਰ ਕਈ ਸਟੋਰ ਚਲਾਉਂਦੀ ਹੈ, ਨੇ ਕਿਹਾ ਕਿ ਇਹ ਉਪਰਾਲਾ ਕਰਮਚਾਰੀਆਂ ਅਤੇ ਗਾਹਕਾਂ ਲਈ ਇੱਕ ਸੁਰੱਖਿਅਤ ਖਰੀਦਦਾਰੀ ਵਾਤਾਵਰਣ ਬਣਾਉਣ ਦੀ ਕੋਸ਼ਿਸ਼ ਹੈ।

ਲੋਬਲੌਜ਼ ਨੇ ਸਾਫ਼ ਕੀਤਾ ਕਿ ਕੈਮਰੇ ਸਿਰਫ਼ ਉਸ ਵੇਲੇ ਚਾਲੂ ਕੀਤੇ ਜਾਣਗੇ, ਜਦੋਂ ਕਿਸੇ ਗੰਭੀਰ ਹਾਲਾਤ ਵਿੱਚ ਕਰਮਚਾਰੀ ਦੀ ਸੁਰੱਖਿਆ ਜਾਂ ਹੋਰ ਲੋਕਾਂ ਦੀ ਸੁਰੱਖਿਆ ਨੂੰ ਖ਼ਤਰਾ ਹੋਵੇ।

ਲੋਬਲੌਜ਼ ਨੇ ਦੱਸਿਆ ਕਿ "ਸਿਰਫ਼ ਉਹੀ ਕਰਮਚਾਰੀ ਕੈਮਰੇ ਪਹਿਨਣਗੇ, ਜਿਨ੍ਹਾਂ ਨੂੰ ਵਿਸ਼ੇਸ਼ ਤਰੀਕੇ ਨਾਲ ਸਿਖਲਾਈ ਦਿੱਤੀ ਗਈ ਹੋਵੇ, ਜਿਵੇਂ ਕਿ ਐਸੈਟ ਪਰੋਟੈਕਸ਼ਨ ਪ੍ਰਤਿਨਿਧੀ, ਤੀਜੀ ਪੱਖੀ ਸੁਰੱਖਿਆ ਟੀਮ, ਸਟੋਰ ਮੈਨੇਜਮੈਂਟ, ਅਤੇ ਹੋਰ ਸਟਾਫ਼ (ਜਿੱਥੇ ਲਾਗੂ ਹੋਵੇ)।"

ਇਹ ਪ੍ਰੋਗਰਾਮ 2024 ਵਿੱਚ ਸਸਕੈਚਵਾਨ ਅਤੇ ਅਲਬਰਟਾ ਵਿੱਚ ਸ਼ੁਰੂ ਹੋਇਆ ਸੀ। ਬਾਅਦ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਕੁਝ ਸਟੋਰਾਂ, ਜਿਵੇਂ ਕਿ ਐਬਬਟਸਫੋਰਡ ਦੇ ਸੁਪਰਸਟੋਰ ਅਤੇ ਸ਼ਾਪਰਜ਼ ਡਰੱਗ ਮਾਰਟ ਤੱਕ ਇਸਨੂੰ ਵਧਾਇਆ ਗਿਆ ਸੀ।

ਹੁਣ, ਇਹ ਪ੍ਰੋਗਰਾਮ ਬੀ.ਸੀ. ਵਿੱਚ 11 ਹੋਰ ਥਾਵਾਂ, ਉੱਤਰੀ ਓਨਟਾਰਿਓ ਅਤੇ ਮੈਨਿਟੋਬਾ ਤੱਕ ਵੀ ਫੈਲਾਇਆ ਜਾ ਰਿਹਾ ਹੈ। ਲੋਬਲੌਜ਼ ਮੁਤਾਬਕ, ਪਹਿਲੇ ਨਤੀਜੇ ਦਰਸਾਉਂਦੇ ਹਨ ਕਿ ਬਾਡੀ ਕੈਮਰੇ ਹਿੰਸਕ ਘਟਨਾਵਾਂ ਨੂੰ ਘਟਾਉਣ ਵਿੱਚ ਮਦਦਗਾਰ ਹੋਏ। ਪਰ ਇਸਦੀ ਪੂਰੀ ਪ੍ਰਭਾਵਸ਼ੀਲਤਾ ਦੀ ਜਾਂਚ ਕਰਨ ਲਈ ਹੋਰ ਸਟੋਰਾਂ 'ਤੇ ਲੰਬੇ ਸਮੇਂ ਤੱਕ ਪਾਇਲਟ ਟੈਸਟਿੰਗ ਲੋੜੀਂਦੀ ਹੈ।

ਬਾਡੀ ਕੈਮਰਾ ਪ੍ਰੋਗਰਾਮ ਕੈਨੇਡਾ ਵਿੱਚ ਵਧ ਰਹੀ ਹਿੰਸਕ ਅਪਰਾਧਕ ਗਤੀਵਿਧੀ ਦਾ ਜਵਾਬ ਦੇਣ ਲਈ ਲਿਆਂਦਾ ਗਿਆ ਹੈ। ਕੈਨੇਡੀਅਨ ਫੈਡਰੇਸ਼ਨ ਆਫ਼ ਇਨਡਿਪੈਂਡੈਂਟ ਬਿਜ਼ਨਸ ਦੇ ਅੰਕੜਿਆਂ ਮੁਤਾਬਕ, 2024 ਵਿੱਚ ਬੀ.ਸੀ. ਦੀ 57% ਛੋਟੇ-ਛੋਟੇ ਬਿਜ਼ਨਸ ਪ੍ਰਭਾਵਿਤ ਹੋਣ ਦੀ ਰਿਪੋਰਟ ਦਿੱਤੀ। ਇਹ ਕੈਨੇਡਾ ਵਿੱਚ ਦੂਸਰੇ ਨੰਬਰ 'ਤੇ ਸਭ ਤੋਂ ਉੱਚੀ ਦਰ ਸੀ। ਕੈਨੇਡਾ ਭਰ ਵਿੱਚ, ਚੌਥਾਈ ਤੋਂ ਵੱਧ ਛੋਟੇ ਬਿਜ਼ਨਸਾਂ ਨੇ ਕਿਹਾ ਕਿ ਸਥਾਨਕ ਅਪਰਾਧਕ ਗਤੀਵਿਧੀ ਕਰਕੇ ਉਨ੍ਹਾਂ ਦੇ ਕਰਮਚਾਰੀ ਅਤੇ ਗਾਹਕਾਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਚਿੰਤਾ ਹੈ। 42% ਹੋਰ ਇਸ ਬਾਰੇ "ਕੁਝ ਹੱਦ ਤੱਕ ਚਿੰਤਤ" ਹਨ। ਲੋਬਲੌਜ਼ ਨੇ ਹੁਣ ਤੱਕ ਇਹ ਨਹੀਂ ਦੱਸਿਆ ਕਿ ਹੋਰ ਕਿਹੜੇ-ਕਿਹੜੇ ਸਟੋਰ ਇਸ ਪ੍ਰੋਗਰਾਮ 'ਚ ਸ਼ਾਮਲ ਹੋਣਗੇ। ਪਰ ਇਸਦੇ ਫੈਲਾਅ ਦੀ ਯੋਜਨਾ ਜ਼ੋਰਾਂ 'ਤੇ ਜਾਰੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਜੇਕਰ ਇਹ ਪ੍ਰੋਗਰਾਮ ਲੰਬੇ ਸਮੇਂ ਤੱਕ ਸਫ਼ਲ ਰਹਿੰਦਾ ਹੈ, ਤਾਂ ਇਸਨੂੰ ਹੋਰ ਵੀ ਵਿਸ਼ਾਲ ਪੱਧਰ 'ਤੇ ਲਾਗੂ ਕੀਤਾ ਜਾ ਸਕਦਾ ਹੈ। This report was written by Ekjot Singh as part of the Local Journalism Initiative.

# ਹਰਪਾਲ ਸਿੰਘ ਬਰਾੜ 'ਕਿੰਗ ਚਾਰਲਸ ਕੋਰੋਨੇਸ਼ਨ ਮੈਡਲ' ਨਾ.ਲ ਸਨਮਾਨਿਤ




**ਸਰੀ, (ਹਰਦਮ ਮਾਨ):** ਬੀਤੇ ਦਿਨੀਂ ਇੰਡੋ ਕਨੇਡੀਅਨ ਸੀਨੀਅਰ ਸਿਟੀਜ਼ਨ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੂੰ 'ਕਿੰਗ ਚਾਰਲਸ ਕੋਰੋਨੇਸ਼ਨ ਮੈਡਲ' ਨਾ.ਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਇਹ ਮੈਡਲ ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵਿਖੇ ਕਰਵਾਏ ਗਏ ਇਕ ਸਮਾਗਮ ਦੌਰਾਨ ਸਰੀ ਨਿਊਟਨ ਦੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਪ੍ਰਦਾਨ ਕੀਤਾ।

ਇਸ ਮੌਕੇ ਹਰਪਾਲ ਸਿੰਘ ਬਰਾੜ ਨੂੰ ਮੁਬਾਰਕਬਾਦ ਦਿੰਦਿਆਂ ਰੇਡੀਓ ਹੋਸਟ ਹਰਜੀਤ ਸਿੰਘ ਗਿੱਲ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਤੇ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਸੀਨੀਅਰ ਸੈਂਟਰ ਦੇ ਮੈਂਬਰਾਂ ਅਤੇ ਹੋਰ ਦੋਸਤ-ਮਿੱਤਰਾਂ ਨੇ ਹਰਪਾਲ ਸਿੰਘ ਬਰਾੜ ਵੱਲੋਂ ਲੰਬੇ ਸਮੇਂ ਤੋਂ ਨਿਭਾਈ ਜਾ ਰਹੀ ਕਮਿਊਨਿਟੀ ਸੇਵਾ ਦੀ ਸ਼ਲਾਘਾ ਕੀਤੀ। ਇਸ ਮੌਕੇ ਕਵਿਤਾਵਾਂ ਅਤੇ ਗ਼ਜ਼ਲਾਂ ਰਾਹੀਂ ਖ਼ੂਬਸੂਰਤ ਮਾਹੌਲ ਸਿਰਜਿਆ ਗਿਆ। ਹਰਪਾਲ ਸਿੰਘ ਬਰਾੜ ਦੇ ਬੇਟੇ ਅੰਮ੍ਰਿਤਪਾਲ ਸਿੰਘ ਬਰਾੜ ਤੇ ਬੇਟੀ ਮਨਜੀਤ ਕੌਰ ਖੁਣਖੁਣ, ਇੰਦਰਜੀਤ ਕੌਰ ਸੰਧੂ, ਗੁਰਚਰਨ ਸਿੰਘ ਬਰਾੜ, ਦਵਿੰਦਰ ਕੌਰ ਜੌਹਲ, ਮਨਜੀਤ ਸਿੰਘ ਮੱਲ੍ਹਾ, ਸੁਰਜੀਤ ਸਿੰਘ ਗਿੱਲ ਅਤੇ ਕੁਲਵੰਤ ਸਿੰਘ ਭਾਟੀਆ ਨੇ ਆਪਣੇ ਵਿਚਾਰ ਅਤੇ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਅਵਤਾਰ ਸਿੰਘ ਢਿੱਲੋਂ ਨੇ ਨਿਭਾਈ। ਅੰਤ ਵਿਚ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ।

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਅਮਰੀਕੀ ਅਧਿਕਾਰੀਆਂ ਨਾਲ ਸਾਂਝ ਰੱਖਣ ਕਾਰਨ ਅਲਬਰਟਾ ਦੀ ਪ੍ਰੀਮੀਅਰ 'ਤੇ "ਗੱਦਾਰੀ" ਦਾ ਦੋਸ਼ ਲੱਗਾ

ਔਟਵਾ : ਅਲਬਰਟਾ ਦੀ ਮੁੱਖ ਮੰਤਰੀ ਡੈਨੀਅਲ ਸਮਿਥ ਨੇ ਬੁੱਧਵਾਰ ਨੂੰ ਵਿਧਾਨ ਸਭਾ ਵਿੱਚ ਖੜ੍ਹੇ ਹੋ ਕੇ ਉਨ੍ਹਾਂ ਦੋਸ਼ਾਂ ਦਾ ਜਵਾਬ ਦਿੱਤਾ, ਜਿਨ੍ਹਾਂ 'ਚ ਉਨ੍ਹਾਂ ਨੂੰ ਅਮਰੀਕੀ ਪ੍ਰਭਾਵਸ਼ਾਲੀ ਹਸਤੀਆਂ ਅਤੇ ਅਧਿਕਾਰੀਆਂ ਨਾਲ ਸਾਂਝ ਰੱਖਣ ਕਾਰਨ "ਗੱਦਾਰੀ" ਦਾ ਦੋਸ਼ ਲਗਾਇਆ ਗਿਆ। ਜ਼ਿਕਰਯੋਗ ਹੈ ਕਿ ਇਹ ਵਿਵਾਦ ਉਸ ਸਮੇਂ ਉਭਰਿਆ, ਜਦੋਂ ਸਮਿਥ ਨੇ ਫਲੋਰੀਡਾ ਜਾਣ ਦੀ ਤਿਆਰੀ ਕੀਤੀ, ਜਿੱਥੇ ਉਹ ਇੱਕ ਅਮਰੀਕੀ ਪੌਡਕਾਸਟਰ ਵਾਲੀ ਫੰਡਰੇਜ਼ਰ ਮੀਟਿੰਗ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਇਸ ਪੌਡਕਾਸਟਰ ਨੇ ਪਹਿਲਾਂ ਕੈਨੇਡਾ ਨੂੰ "ਮੂਰਖ ਦੇਸ਼" ਕਰਾਰ ਦਿੱਤਾ ਸੀ ਅਤੇ ਇਹ ਵੀ ਕਿਹਾ ਸੀ ਕਿ ਕੈਨੇਡਾ ਨੂੰ 51ਵੀਂ ਰਾਜ ਦੇ ਤੌਰ 'ਤੇ ਅਮਰੀਕਾ ਨਾਲ ਮਿਲਾ ਲੈਣਾ ਚਾਹੀਦਾ ਹੈ। ਸਮਿਥ ਨੇ ਕਿਹਾ, "ਜੇਕਰ ਅਸੀਂ ਅਜਿਹੇ ਅਮਰੀਕੀ ਮੀਡੀਆ ਹਸਤੀਆਂ ਨਾਲ ਗੱਲਬਾਤ ਕਰੀਏ, ਜਿਨ੍ਹਾਂ ਨਾਲ ਅਸੀਂ ਸਹਿਮਤ ਨਹੀਂ, ਤਾਂ ਇਹ 'ਗੱਦਾਰੀ' ਹੈ? ਜੇਕਰ ਅਸੀਂ ਉੱਚ ਪੱਧਰੀ ਰਿਪਬਲਿਕਨਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰੀਏ, ਤਾਂ ਇਹ 'ਵਫ਼ਾਦਾਰੀ' ਹੈ ?

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਯਾਤਰਾ ਦਾ ਉਦੇਸ਼ ਅਮਰੀਕੀ ਨੇਤਾਵਾਂ ਅਤੇ ਉਚ ਅਧਿਕਾਰੀਆਂ ਨੂੰ ਇਨ੍ਹਾਂ ਵਪਾਰਕ ਮਸਲਿਆਂ 'ਤੇ ਆਪਣੇ ਪੱਖ ਵਿੱਚ ਕਰਨਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬੁੱਧਵਾਰ ਰਾਤ ਨੂੰ ਅਮਰੀਕਾ ਨੇ ਕੈਨੇਡਾ ਦੇ ਆਟੋ ਨਿਰਯਾਤ 'ਤੇ 25% ਟੈਕਸ ਲਗਾ ਦਿੱਤਾ, ਜਿਸ ਕਾਰਨ ਇਹ ਸੰਕਟ ਹੋਰ ਵੀ ਗਹਿਰਾ ਹੋ ਗਿਆ।

ਮੁੱਖ ਮੰਤਰੀ ਨੇ ਫਲੋਰੀਡਾ 'ਚ ਅਮਰੀਕੀ ਮੀਡੀਆ ਹਸਤੀ "ਬੈਨ ਸ਼ਾਪੀਰੋ" ਨਾਲ ਮਿਲਣ ਦੀ ਯੋਜਨਾ ਬਣਾਈ ਹੈ। ਸਮਿਥ ਮੁਤਾਬਕ, "ਉਸਦੀ ਗੱਲ ਅਮਰੀਕਾ ਦੇ ਉੱਚ ਪੱਧਰੀ ਨੇਤਾਵਾਂ ਤੱਕ ਪਹੁੰਚਦੀ ਹੈ, ਜੇਕਰ ਅਸੀਂ ਉਸਨੂੰ ਮਨਾ ਸਕੀਏ, ਤਾਂ ਅਸੀਂ ਅਮਰੀਕੀ ਪ੍ਰਸ਼ਾਸਨ ਨੂੰ ਵੀ ਮਨਾ ਸਕਦੇ ਹਾਂ।"

ਮੁੱਖ ਮੰਤਰੀ ਡੈਨੀਅਲ ਸਮਿਥ ਨੇ ਆਪਣੇ ਵਿਰੋਧੀਆਂ ਨੂੰ ਜਵਾਬ ਦਿੰਦੇ ਹੋਏ ਕਿਹਾ, "ਕੁਝ ਲੋਕ ਚਾਹੁੰਦੇ ਹਨ ਕਿ ਅਸੀਂ ਚੁੱਪ ਰਹੀਏ, ਪਰ ਅਸੀਂ ਆਪਣੀ ਸੂਬੇ ਦੇ ਹੱਕਾਂ ਦੀ ਆਵਾਜ਼ ਚੁੱਕਾਂਗੇ।

ਉਨ੍ਹਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਟੀਮ, ਅਮਰੀਕੀ ਟੈਰਿਫ਼ ਹਟਾਉਣ ਲਈ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੇ ਅਨੇਕਾਂ ਰਾਤਾਂ "ਹੋਟਲਾਂ" ਅਤੇ "ਹਵਾਈ ਅੱਡਿਆਂ" ਵਿੱਚ ਬਿਤਾਈਆਂ ਤਾਂ ਕਿ ਕੈਨੇਡਾ ਅਤੇ ਐਲਬਰਟਾ ਦੇ ਹੱਕ 'ਚ ਕੰਮ ਕੀਤਾ ਜਾ ਸਕੇ।

# ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਰੀਅਲ ਅਸਟੇਟ ਵਿਚ ਲਗਾਤਾਰ 11ਵੀਂ ਵਾਰ ਅਵਾਰਡ ਕੀਤਾ ਹਾਸਲ




ਸਰੀ, (ਹਰਦਮ ਮਾਨ): ਬੀਤੇ ਦਿਨੀਂ ਪਲੈਨਟ ਗਰੁੱਪ ਰੀਐਲਿਟੀ ਵੱਲੋਂ ਸਾਲਾਨਾ ਅਵਾਰਡ ਸਮਾਗਮ - 2025 ਧਾਲੀਵਾਲ ਬੈਂਕੁਇਟ ਹਾਲ ਸਰੀ ਵਿੱਚ ਕਰਵਾਇਆ ਗਿਆ। ਇਸ ਮੌਕੇ 'ਤੇ ਰੀਅਲ ਅਸਟੇਟ ਅਤੇ ਮੀਡੀਆ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਲਗਾਤਾਰ 11ਵੀਂ ਵਾਰ ਰੀਅਲ ਅਸਟੇਟ ਦੇ ਖੇਤਰ ਵਿੱਚ ਅਵਾਰਡ ਹਾਸਿਲ ਕੀਤਾ। ਉਹਨਾਂ ਨੂੰ ਇਹ ਅਵਾਰਡ ਪਲੈਨਿਟ ਗਰੁੱਪ ਰਿਐਲਿਟੀ ਇੰਕ. ਵੱਲੋਂ ਜੈਸ, ਮਨਜੀਤ ਕੌਰ ਹੇਅਰ, ਬਲਜੀਤ ਸਿੰਘ ਕੋਛੜ ਅਤੇ ਮੈਨੇਜਿੰਗ ਬਰੋਕਰ ਮਹਿਮੂਦ ਮੁਹੰਮਦ ਵੱਲੋਂ ਪ੍ਰਦਾਨ ਕੀਤਾ ਗਿਆ।

ਡਾ. ਗੁਰਵਿੰਦਰ ਸਿੰਘ ਨੇ ਇਹ ਅਵਾਰਡ ਆਪਣੇ ਪਿਤਾ ਭਾਈ ਹਰਪਾਲ ਸਿੰਘ ਲੱਖਾ ਨੂੰ ਸਮਰਪਿਤ ਕੀਤਾ। ਉਹਨਾਂ ਪਲੈਨਿਟ ਗਰੁੱਪ ਰੀਐਲਟੀ ਦੇ ਸਾਰੇ ਪ੍ਰਬੰਧਕਾਂ ਅਤੇ ਸਮੂਹ ਭਾਈਚਾਰੇ ਵੱਲੋਂ ਲਗਾਤਾਰ 17 ਵਰ੍ਹਿਆਂ ਤੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਇਥੇ ਦੱਸਣਯੋਗ ਹੈ ਕਿ ਡਾ. ਗੁਰਵਿੰਦਰ ਸਿੰਘ ਆਪਣੀਆਂ ਲਿਖਤਾਂ ਰਾਹੀਂ ਪਾਠਕਾਂ ਨਾਲ਼ ਅਕਸਰ ਸਾਂਝ ਪਾਉਂਦੇ ਰਹਿੰਦੇ ਹਨ ਅਤੇ ਚੈਨਲ ਪੰਜਾਬੀ 'ਤੇ ਪ੍ਰੋਗਰਾਮ ਆਵਾਜ਼-ਏ-ਪੰਜਾਬ ਪੇਸ਼ ਕਰਦੇ ਹਨ।

# ਕੰਜ਼ਰਵੇਟਿਵ ਪਾਰਟੀ ਵਲੋਂ ਸਰਕਾਰ ਬਣਨ 'ਤੇ 15% ਆਮਦਨੀ ਟੈਕਸ 'ਚ ਛੋਟ ਦੇਣ ਦਾ ਵਾਅਦਾ

**ਵੈਨਕੂਵਰ (ਏਕਜੋਤ ਸਿੰਘ):** ਕੰਜ਼ਰਵੇਟਿਵ ਆਗੂ ਪੀਅਰ ਪੋਲੀਵੀਅਰ ਨੇ ਕੈਨੇਡੀਅਨ ਲਈ 15% ਆਮਦਨੀ ਟੈਕਸ 'ਚ ਛੂਟ ਦੇਣ ਦਾ ਵਾਅਦਾ ਕੀਤਾ ਹੈ, ਜਿਸ ਨਾਲ ਘਰ 'ਚ ਕਮਾਉਣ ਵਾਲੇ ਦੋ ਵਿਅਕਤੀਆਂ ਦੇ ਪਰਿਵਾਰ ਨੂੰ ਹਰ ਸਾਲ $1,800 ਦੀ ਬਚਤ ਹੋ ਸਕਦੀ ਹੈ।




ਜੇਕਰ ਇਹ ਟੈਕਸ ਛੋਟ ਲਾਗੂ ਹੋਈ, ਤਾਂ $57,000 ਤੱਕ ਦੀ ਆਮਦਨੀ ਵਾਲੇ ਕਰਦਾਤਿਆਂ ਦੀ ਟੈਕਸ ਦਰ 15% ਤੋਂ ਘੱਟ ਕੇ 12.75% ਹੋ ਜਾਵੇਗੀ। ਇਸ ਤਬਦੀਲੀ ਨਾਲ ਇੱਕ ਔਸਤ ਕਰਮਚਾਰੀ ਨੂੰ $900 ਅਤੇ ਦੋ ਆਮਦਨੀ ਵਾਲੇ ਪਰਿਵਾਰ ਨੂੰ $1,800 ਤੱਕ ਦੀ ਬਚਤ ਹੋ ਸਕਦੀ ਹੈ। ਪੀਅਰ ਪੌਲੀਵੀਅਰ ਨੇ ਇਹ ਵਾਅਦਾ ਕਰਦੇ ਹੋਏ ਕਿਹਾ ਕਿ "ਹੁਣ ਸਮਾਂ ਆ ਗਿਆ ਹੈ ਕਿ ਕਨੇਡੀਅਨ ਆਪਣੇ ਕਮਾਏ ਪੈਸਿਆਂ ਵਿੱਚੋਂ ਹੋਰ ਵੱਧ ਰਕਮ ਆਪਣੇ ਕੋਲ ਰੱਖ ਸਕਣ," ਉਧਰ ਮਾਰਕ ਕਾਰਨੀ ਨੇ ਆਪਣੇ ਚੋਣ ਮੁਹਿੰਮ ਦੌਰਾਨ ਇਨਕਮ ਟੈਕਸ ਰੇਟ 'ਚ ਇੱਕ ਫੀਸਦੀ ਘਟਾਉਣ ਦਾ ਐਲਾਨ ਕੀਤਾ। ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਪੋਲੀਵਰ ਦੀ 15% ਛੋਟ ਕਾਰਨੀ ਦੀ ਛੋਟ ਨਾਲੋਂ ਦੁਗੁਣਾ ਵੱਧ ਬਚਤ ਹੋਵੇਗੀ। ਲਿਬਰਲ ਆਗੂ ਮਾਰਕ ਕਾਰਨੀ ਨੇ 28 ਅਪ੍ਰੈਲ ਨੂੰ ਆਮ ਚੋਣਾਂ ਲਈ ਐਲਾਨ ਕੀਤਾ ਹੈ, ਜਿਸ ਨਾਲ ਸਿਆਸੀ ਪਾਰਟੀਆਂ ਨੂੰ ਕੇਵਲ 37 ਦਿਨ ਦੀ ਮੁਹਿੰਮ ਦਾ ਸਮਾਂ ਮਿਲਿਆ ਹੈ। ਪੋਲੀਵੀਅਰ ਨੇ ਦੱਸਿਆ ਕਿ ਇਹ ਟੈਕਸ ਘਟਾਉਣ ਸਾਡੀ ਖਾਸ ਨੀਤੀ ਦਾ ਹਿੱਸਾ ਹੋਵੇਗੀ, ਜੋ ਕਿ ਕਾਰਗੁਜ਼ਾਰੀ, ਨਿਵੇਸ਼, ਊਰਜਾ ਅਤੇ ਘਰ-ਨਿਰਮਾਣ ਨੂੰ ਉਤਸ਼ਾਹਿਤ ਕਰੇਗੀ। ਸੀਟੀਐਫ਼ ਦੇ ਡਾਇਰੈਕਟਰ ਫ੍ਰਾਂਕੋ ਤੇਰਾਜ਼ਾਨੋ ਨੇ ਕਿਹਾ, "ਪੋਲੀਵੀਅਰ ਦੀ ਟੈਕਸ ਛੋਟ, ਲੋਕਾਂ ਦੀ ਜ਼ਿੰਦਗੀ ਆਸਾਨ ਬਣਾਉਣ ਲਈ ਸਰਕਾਰ ਵੱਲੋਂ ਸਭ ਤੋਂ ਵਧੀਆ ਉਪਾਅ ਹੈ।" ਪੋਲੀਵੀਅਰ ਨੇ ਦੱਸਿਆ ਕਿ ਮਾਰਕ ਕਾਰਨੀ ਨੇ, ਜਦ ਉਹ ਜਸਟਿਨ ਟਰੂਡੋ ਦੇ ਆਰਥਿਕ ਸਲਾਹਕਾਰ ਸਨ, ਉਦੋਂ ਟੈਕਸ ਵਧਾਉਣ ਅਤੇ ਸਰਕਾਰੀ ਖਰਚੇ ਵਧਾਉਣ ਵਿੱਚ ਭੂਮਿਕਾ ਨਿਭਾਈ ਸੀ। ਪੋਲੀਵੀਅਰ ਨੇ ਵਾਅਦਾ ਕੀਤਾ ਕਿ ਉਹ "ਕੈਨੇਡਾ ਨੂੰ ਵਧੇਰੇ ਸੁਰੱਖਿਅਤ ਅਤੇ ਵਿੱਤੀ ਤੌਰ 'ਤੇ ਮਜ਼ਬੂਤ" ਬਣਾਉਣ ਲਈ ਕਦਮ ਚੁੱਕਣਗੇ।

This report was written by Ekjot Singh as part of the Local Journalism Initiative.

# ਬ੍ਰੈਂਪਟਨ 'ਚ ਘਰ ਅਤੇ ਗੱਡੀ ਨੂੰ ਅੱਗ ਲਗਾਉਣ ਦੇ ਮਾਮਲੇ 'ਚ ਤਿੰਨ ਪੰਜਾਬੀ ਗ੍ਰਿਫਤਾਰ

ਬ੍ਰੈਂਪਟਨ : ਪੀਲ ਰੀਜਨਲ ਪੁਲਿਸ ਨੇ ਅੱਗ ਲਗਾਉਣ ਦੇ ਮਾਮਲੇ ਵਿੱਚ ਬ੍ਰੈਂਪਟਨ ਦੇ ਤਿੰਨ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ 19 ਮਾਰਚ ਬੁੱਧਵਾਰ ਨੂੰ ਹੁਰੋਨਟਾਰੀ ਸਟਰੀਟ ਅਤੇ ਵੈਕਸਫੋਰਡ ਡਰਾਈਵ ਇਲਾਕੇ ਵਿੱਚ ਇੱਕ ਘਰ ਅਤੇ ਗੱਡੀ ਨੂੰ ਅੱਗ ਲੱਗਣ ਦੀ ਘਟਨਾ ਵਾਪਰੀ ਸੀ , ਇਸ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਘਟਨਾ ਤੋਂ ਬਾਅਦ ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ। ਯੂਨੀਫਾਰਮ ਪੈਟਰੋਲ




ਅਧਿਕਾਰੀਆਂ ਨੇ ਤਿੰਨ ਆਰੋਪੀਆਂ ਨੂੰ ਇੱਕ ਗੱਡੀ 'ਚ ਫਰਾਰ ਹੋਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕੀਤਾ। ਜਿਨ੍ਹਾਂ 'ਚ ਧਨੰਜੈ (ਉਮਰ 23 ਸਾਲ), ਅਵਤਾਰ ਸਿੰਘ (ਉਮਰ 21 ਸਾਲ). ਗੌਰਵ ਕਟਾਰੀਆ (ਉਮਰ 21 ਸਾਲ) ਨੂੰ ਹਿਰਾਸਤ 'ਚ ਲਿਆ ਗਿਆ ਹੈ।

ਇਨ੍ਹਾਂ ਨੌਜਵਾਨਾਂ 'ਤੇ ਸੰਪਤੀ ਨੂੰ ਨੁਕਸਾਨ ਪਹੁੰਚਾਉਣ" ਦੇ ਦੋਸ਼ ਲਗਾਏ ਗਏ ਹਨ। ਓਟਵਾਰੀਓ ਕੋਰਟ ਆਫ ਜਸਟਿਸ (ਬ੍ਰੈਂਪਟਨ) ਵਿੱਚ ਬੇਲ ਸੁਣਵਾਈ ਹੋਣ ਤੱਕ ਉਨ੍ਹਾਂ ਨੂੰ ਹਿਰਾਸਤ 'ਚ ਰੱਖਿਆ ਗਿਆ ਹੈ।

# ਟੈਸਲਾ ਦੇ ਸ਼ੋਅਰੂਮ ਦੇ ਬਾਹਰ ਲੋਕਾਂ ਵਲੋਂ ਰੋਸ ਪ੍ਰਦਰਸ਼ਨ

ਸਰੀ : ਬ੍ਰਿਟਿਸ਼ ਕੋਲੰਬੀਆ ਦੇ ਲੈਂਗਲੀ ਸ਼ਹਿਰ ਵਿੱਚ "ਟੈਸਲਾ ਟੇਕਡਾਊਨ" ਨਾਂਅ ਨਾਲ ਇੱਕ ਵਿਰੋਧ ਪ੍ਰਦਰਸ਼ਨ ਹੋਇਆ, ਜਿੱਥੇ ਇਕੱਠੇ ਹੋਏ ਲੋਕਾਂ ਨੇ ਕਾਰ ਖਰੀਦਣ ਵਾਲਿਆਂ ਅਤੇ ਕੈਨੇਡੀਅਨਾਂ ਨੂੰ ਸੁਨੇਹਾ ਦਿੱਤਾ।

ਪ੍ਰਦਰਸ਼ਨਕਾਰੀਆਂ ਨੇ ਟੈਸਲਾ ਦੇ ਮਾਲਕ ਇਲੋਨ ਮਸਕ ਨੂੰ "ਖ਼ਤਰਨਾਕ" ਕਰਾਰ ਦਿੱਤਾ। ਪ੍ਰਦਰਸ਼ਨਕਾਰੀ ਜੋਆਨ ਫ੍ਰਾਈ ਨੇ ਕਿਹਾ, "ਮੈਂ ਵੀ ਪਿਛਲੇ ਸਾਲ ਟੈਸਲਾ ਖਰੀਦਣ ਦੀ ਸੋਚ ਰਹੀ ਸੀ, ਪਰ ਹੁਣ ਮੈਨੂੰ ਖੁਸ਼ੀ ਹੈ ਕਿ ਮੈਂ ਨਹੀਂ ਲਈ। ਪਰ ਜੋ ਲੋਕ ਟੈਸਲਾ ਲੈ ਚੁੱਕੇ ਹਨ, ਉਨ੍ਹਾਂ ਲਈ ਮੈਨੂੰ ਅਫ਼ਸੋਸ ਹੈ। ਪਰ ਅਸੀਂ, ਕੈਨੇਡੀਅਨਾਂ ਵਜੋਂ, ਖੜ੍ਹੇ ਹੋਣਾ ਪਵੇਗਾ।"

ਇਹ ਵਿਰੋਧ ਮੁਹਿੰਮ ਅਮਰੀਕਾ ਤੋਂ ਸ਼ੁਰੂ ਹੋ ਕੇ ਹੁਣ ਕੈਨੇਡਾ ਤਕ ਫੈਲ ਰਹੀ ਹੈ।

ਇਲੋਨ ਮਸਕ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਨਜ਼ਦੀਕੀ ਕਾਰਨ ਟੈਸਲਾ 'ਤੇ ਵਿਰੋਧ ਹੋ ਰਿਹਾ ਹੈ। ਲੈਂਗਲੀ ਤੋਂ ਇਲਾਵਾ, ਐਡਮੰਟਨ, ਅਲਬਰਟਾ ਵਿੱਚ




ਵੀ ਟੈਸਲਾ ਡੀਲਰਸ਼ਿਪ ਬਾਹਰ ਇੱਕ ਛੋਟਾ ਸਮੂਹ ਇਕੱਠਾ ਹੋਇਆ। ਇਸ ਤੋਂ ਇਲਾਵਾ, ਹੈਮਿਲਟਨ (ਓਂਟਾਰੀਓ) ਸਮੇਤ ਹੋਰ ਥਾਵਾਂ 'ਤੇ ਟੈਸਲਾ ਗੱਡੀਆਂ 'ਤੇ ਹਮਲੇ ਅਤੇ ਤੋੜ-ਫੋੜ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਵੈਨਕੂਵਰ ਪੁਲਿਸ ਮੁਤਾਬਕ, ਜਨਵਰੀ ਤੋਂ ਲੈ ਕੇ ਹੁਣ ਤਕ ਟੈਸਲਾ ਡੀਲਰਸ਼ਿਪਾਂ ਨਾਲ ਜੁੜੀਆਂ 8 ਵੱਖ-ਵੱਖ ਘਟਨਾਵਾਂ ਦੀ ਜਾਂਚ ਚੱਲ ਰਹੀ ਹੈ। ਪੁਲਿਸ ਦੀ ਕਾਂਸਟੇਬਲ ਟਾਨੀਆ ਵਿਸਿੰਟਿਨ ਨੇ ਕਿਹਾ, "ਅਸੀਂ ਲੋਕਾਂ ਨੂੰ ਸਮਝਾ ਰਹੇ ਹਾਂ ਕਿ ਉਹ ਸ਼ਾਂਤੀਪੂਰਨ ਵਿਰੋਧ ਕਰ ਸਕਦੇ ਹਨ, ਪਰ ਜੇਕਰ ਕਿਸੇ ਨੇ ਅਪਰਾਧਕ ਗਤੀਵਿਧੀ ਕੀਤੀ, ਤਾਂ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ।"

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

BASEMENT FOR RENT
Two Bedroom Basement Suite to Rent
March 15 or April 1st.
Small Family. 3-4 person!
Utilities included . No laundry)
Call for Rent info :
604-961-4065

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• **Rachhpal Singh Gill**
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

- **Gurvinder Singh Dhaliwal**
  Vancouver,
  604-825-1550
- **Gurlal Singh**
  Journalist,
- **Karamjit Singh Butter**
  Journalist,
- **Hardam Singh Maan**
  Surrey
  604-308-6663
- **Virpal Singh Bhagta**
  News Reporter | Punjab
  +91 96532 00226
- **Ekjot Singh**
  News Reporter

**Printed & Published in Canada by :**
**International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਪਰਵਾਸ: ਨਵੀਆਂ ਸਮੱਸਿਆਵਾਂ ਨਵੇਂ ਪ੍ਰਭਾਵ

**ਲਿਖਤ : ਡਾ. ਸੁਖਦੇਵ ਸਿੰਘ**
**ਸੰਪਰਕ:** 94177-15730



ਡੋਨਲਡ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਕਮਾਨ ਸੰਭਾਲਣ ਮਗਰੋਂ ਅੰਤਰ-ਦੇਸ਼ੀ ਪਰਵਾਸ, ਰਾਜਨੀਤੀ, ਵਪਾਰ, ਟੈਕਸ, ਵਿਚਾਰਧਾਰਾ ਆਦਿ ਪੱਖਾਂ ਬਾਰੇ ਆਲਮੀ ਪੱਧਰ 'ਤੇ ਬਹਿਸ ਨੂੰ ਜਨਮ ਹੀ ਨਹੀਂ ਦਿੱਤਾ ਬਲਕਿ ਸੰਸਾਰ ਵਿੱਚ ਤੀਜੀ ਜੰਗ ਦੇ ਹਵਾਲੇ ਨਾਲ ਵਧੇਰੇ ਮੁਲਕ ਨਵੀਆਂ ਗੁਟਬੰਦੀਆਂ ਉਸਾਰਨ ਬਾਰੇ ਵੀ ਵਿਚਾਰ ਕਰ ਰਹੇ ਹਨ ਤਾਂ ਜੋ ਆਪੋ-ਆਪਣੇ ਮੁਲਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਵੱਖ-ਵੱਖ ਦੇਸ਼ਾਂ ਦੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਗਏ ਲੋਕਾਂ, ਖ਼ਾਸਕਰ ਭਾਰਤੀਆਂ ਨੂੰ ਜਿਸ ਤਰ੍ਹਾਂ ਹੱਥਕੜੀਆਂ ਤੇ ਬੇੜੀਆਂ ਵਿੱਚ ਜਕੜ ਕੇ ਅਣ-ਮਨੁੱਖੀ ਢੰਗ ਨਾਲ ਵਾਪਸ ਭੇਜਿਆ ਅਤੇ ਹੋਰਾਂ ਨੂੰ ਵੀ ਵਾਪਸ ਭੇਜਣ ਦੀ ਤਜਵੀਜ਼ ਨੇ ਭਾਰਤ ਵਿੱਚ ਪਰਵਾਸ ਪੱਖੋਂ ਨਵੇਂ ਮੁੱਦਿਆਂ ਬਾਰੇ ਚਰਚਾ ਛੇੜੀ ਹੈ। ਅਮਰੀਕਾ ਦੀ ਨਵੀਂ, ਸਖ਼ਤ, ਦਬਾਅ ਪਾਊ ਨੀਤੀ ਦੇ ਅਸਰ ਕਰ ਕੇ ਹੋਰ ਦੇਸ਼ (ਜਿਵੇਂ ਕੈਨੇਡਾ, ਬਰਤਾਨੀਆ ਆਦਿ) ਵੀ ਗ਼ੈਰ-ਕਾਨੂੰਨੀ ਢੰਗ ਨਾਲ ਉੱਥੇ ਗਏ ਪਰਵਾਸੀਆਂ ਨੂੰ ਕੱਢਣ ਦੀਆਂ ਤਿਆਰੀ ਕਰ ਰਹੇ ਹਨ। ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਜ਼ਰਾ ਵੀ ਵਿਰੋਧ ਕਰਨ 'ਤੇ ਲੋਕਾਂ ਦੇ ਗ੍ਰੀਨ ਕਾਰਡ ਤੱਕ ਰੱਦ ਕੀਤੇ ਜਾ ਰਹੇ ਹਨ ਅਤੇ ਸਮਾਜਿਕ ਸੁਰਖਿਆ ਪੱਖੋਂ ਮਿਲਣ ਵਾਲੀ ਸਹਾਇਤਾ ਵਿੱਚ ਵੀ ਕੱਟ ਲੱਗ ਸਕਦੇ ਹਨ। ਬਰਤਾਨੀਆ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਰੱਖਣ ਵਾਲਿਆਂ ਨੂੰ ਸੱਠ ਹਜ਼ਾਰ ਪੌਂਡ ਜੁਰਮਾਨਾ ਤੈਅ ਕਰ ਦਿੱਤਾ ਹੈ। ਟੈਕਸਸ (ਅਮਰੀਕਾ) ਵਿੱਚ ਭਾਰਤੀ ਮੂਲ ਦੇ ਮਾਪਿਆਂ ਦੀ ਬੱਚੀ ਨੇ ਆਤਮ-ਹੱਤਿਆ ਕਰ ਲਈ ਹੈ ਕਿਉਂਕਿ ਸਕੂਲ ਸਾਥੀਆਂ ਨੇ ਉਸ ਨੂੰ ਟਿੱਚਰਾਂ ਕੀਤੀਆਂ ਕਿ ਤੇਰੇ ਮਾਪਿਆਂ ਨੂੰ ਵੀ ਬੰਨ੍ਹ ਕੇ ਵਾਪਸ ਭੇਜਿਆ ਜਾਵੇਗਾ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ ਵਿੱਚ ਨਫ਼ਰਤ ਦੀ ਭਾਵਨਾ ਕਿਉਂ ਵਧਣ ਲੱਗੀ ਹੈ? ਕੀ ਇਨ੍ਹਾਂ ਮੁਲਕਾਂ ਵਿੱਚ ਇੰਨੇ ਪਰਵਾਸੀ ਪਹੁੰਚ ਗਏ ਹਨ ਕਿ ਉੱਥੇ ਸਮੱਸਿਆਵਾਂ ਪੈਦਾ ਕਰ ਰਹੇ ਹਨ? ਕੀ ਵਾਪਸ ਆ ਰਹੇ ਲੋਕ ਹੋਰ ਮੁਲਕਾਂ ਵੱਲ ਜਾਣਗੇ ਜਾਂ ਇੱਥੇ ਹੀ ਹੀਲਾ ਵਸੀਲਾ ਕਰਨਗੇ? ਬਦਲ ਰਹੀਆਂ ਪਰਵਾਸ ਨੀਤੀਆਂ ਅਤੇ ਪ੍ਰਭਾਵਾਂ ਨੂੰ ਨਵੇਂ ਸਿਰਿਓਂ ਵਿਚਾਰਨ ਦੀ ਲੋੜ ਹੈ।

ਪਰਵਾਸ ਜਾਂ ਇੱਕ ਦੂਜੇ ਮੁਲਕ ਵਿੱਚ ਜਾਣਾ ਕੋਈ ਨਵਾਂ ਰੁਝਾਨ ਨਹੀਂ। ਪੁਰਾਣੇ ਵੇਲਿਆਂ ਤੋਂ ਲੋਕ ਵਪਾਰਕ ਜਾਂ ਹੋਰ ਕੰਮਾਂ ਲਈ ਆਉਂਦੇ ਜਾਂਦੇ ਰਹੇ ਹਨ ਪਰ ਕੰਮ-ਕਾਜਾਂ ਤੋਂ ਬਾਅਦ ਆਪਣੀ ਜਨਮ ਭੋਇੰ 'ਤੇ ਪਰਤ ਆਉਂਦੇ ਸਨ। ਕਬੀਲਾਈ ਅਤੇ ਖੇਤੀ ਆਧਾਰਿਤ ਸਮਾਜਾਂ ਵਿੱਚ ਅਤੇ ਸੰਘਣੀ ਸਾਕਾਦਾਰੀ, ਮਿਲਵਰਤਣ, ਪਦਾਰਥਕ ਹੋੜ ਦੀ ਅਣਹੋਂਦ ਸਦਕਾ ਲੋਕ ਆਪਣੇ ਹੀ ਦੇਸ਼ ਵਿੱਚ ਪਰਤ ਆਉਂਦੇ ਸਨ। ਕੁਝ ਸਮਾਂ ਪਹਿਲਾਂ ਤੱਕ ਫੌਜ ਵਿੱਚੋਂ ਰਿਟਾਇਰਮੈਂਟ ਅਤੇ ਬਾਹਰਲੀਆਂ ਜੰਗਾਂ ਵਿੱਚ ਭਾਗ ਲੈਣ ਪਿੱਛੋਂ ਵਧੇਰੇ ਫੌਜੀ ਆਪਣੇ ਪਿੰਡਾਂ ਵਿੱਚ ਹੀ ਆਣ ਵਸਦੇ। ਖਾੜੀ ਦੇਸ਼ਾਂ ਤੋਂ ਕਮਾਈ ਕਰ ਕੇ ਵੀ ਬਹੁਤੇ ਲੋਕ ਘਰਾਂ ਨੂੰ ਵਾਪਸੀ ਕਰਦੇ। ਪਿਛਲੇ ਕੁਝ ਸਾਲਾਂ ਵਿੱਚ ਸਾਡੇ ਦੇਸ਼, ਖ਼ਾਸਕਰ ਪੰਜਾਬ ਤੋਂ ਪਰਵਾਸ ਮਗਰੋਂ ਪੱਕੇ ਵਸੇਬੇ ਦਾ ਰੁਝਾਨ ਪੈਦਾ ਹੋ ਗਿਆ। ਹੁਣ ਤਾਂ ਪੰਜਾਬ ਤੋਂ ਛੁੱਟ ਕੇਰਲਾ, ਗੁਜਰਾਤ, ਹਰਿਆਣਾ ਅਤੇ ਕਈ ਹੋਰ ਸੂਬਿਆਂ ਸਮੇਤ ਲਗਭਗ ਸਾਰੇ ਮੁਲਕ ਵਿੱਚੋਂ ਹੀ ਲੱਖਾਂ ਦੀ ਗਿਣਤੀ ਵਿੱਚ ਲੋਕ ਪਰਵਾਸ ਕਰ ਰਹੇ ਹਨ। ਲੋਕ ਵੱਖ-ਵੱਖ ਦੇਸ਼ਾਂ ਲਈ 5 ਤੋਂ 50 ਲੱਖ ਰੁਪਏ ਖਰਚ ਕੇ ਵਿਦੇਸ਼ ਜਾ ਰਹੇ ਹਨ। ਸੰਸਾਰ ਪਰਵਾਸ ਰਿਪੋਰਟ-2020 ਦੇ ਅੰਕੜਿਆਂ ਮੁਤਾਬਿਕ, ਦੁਨੀਆ ਵਿੱਚ 28.10 ਕਰੋੜ ਲੋਕ ਜੋ ਆਲਮੀ ਆਬਾਦੀ ਦਾ 3.6% ਬਣਦੇ ਹਨ, ਆਪਣੀ ਜਨਮ ਭੋਇੰ ਛੱਡ ਕੇ ਹੋਰ ਸਥਾਨਾਂ 'ਤੇ ਵਸੇ ਹਨ; ਭਾਵ ਪਰਵਾਸੀ ਹਨ। 2024 ਵਿੱਚ ਇਹ ਸੰਖਿਆ 30.40 ਕਰੋੜ ਦੱਸੀ ਗਈ ਹੈ। ਸਾਡਾ ਦੇਸ਼ ਪਰਵਾਸ ਪੱਖੋਂ ਸੰਸਾਰ ਵਿੱਚ ਪਹਿਲੇ ਨੰਬਰ 'ਤੇ ਹੈ। 1970 ਤੋਂ 2020 ਤੱਕ ਭਾਰਤ ਦੇ ਪਰਵਾਸ ਵਿੱਚ 300% ਵਾਧਾ ਦਰਜ ਹੋਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਿਕ, 2024 ਵਿੱਚ 2,16,219 ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ। ਇਸੇ ਸਾਲ ਰਾਜ ਸਭਾ ਵਿੱਚ ਬਹਿਸ ਦੌਰਾਨ ਸਰਕਾਰ ਨੇ ਮੰਨਿਆ ਕਿ ਪਿਛਲੇ 13 ਸਾਲਾਂ ਵਿੱਚ 18 ਲੱਖ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡ ਕੇ ਸੰਸਾਰ ਦੇ 135 ਮੁਲਕਾਂ ਵਿੱਚ ਪਰਵਾਸ ਕੀਤਾ। ਇਹ ਸਿਰਫ ਸਰਕਾਰੀ ਅੰਕੜੇ ਹੀ ਹਨ; ਗੈਰ-ਕਾਨੂੰਨੀ ਢੰਗਾਂ ਰਾਹੀਂ ਗਏ ਲੋਕਾਂ ਨੂੰ ਜੋੜ ਕੇ ਇਹ ਅੰਕੜਾ ਕਿਤੇ ਜ਼ਿਆਦਾ ਬਣ ਜਾਂਦਾ ਹੈ। ਵਿਦੇਸ਼ਾਂ ਵਿੱਚ ਕੁਲ 3.3 ਕਰੋੜ ਭਾਰਤੀਆਂ ਵਿੱਚੋਂ 30 ਲੱਖ ਦੇ ਕਰੀਬ ਪੰਜਾਬੀ ਹਨ। ਅਜੋਕੇ ਸਮੇਂ ਪੰਜਾਬੀ ਪਰਵਾਸੀ ਬਹੁਲਤਾ ਵਾਲੇ ਦੇਸ਼ ਕੈਨੇਡਾ, ਅਮਰੀਕਾ, ਬ੍ਰਿਟੇਨ, ਸਪੇਨ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਸਿੰਗਾਪੁਰ, ਫਿਲਪੀਨਜ਼, ਖਾੜੀ ਦੇਸ਼ ਆਦਿ ਹਨ।

ਪ੍ਰਸ਼ਨ ਹੈ: ਪਿਛਲੇ ਕੁਝ ਸਮੇਂ ਤੋਂ ਕਾਨੂੰਨੀ ਜਾਂ ਗੈਰ-ਕਾਨੂੰਨੀ ਪਰਵਾਸ ਵਿੱਚ ਅਥਾਹ ਵਾਧਾ ਆਖ਼ਿਰਕਾਰ ਕਿਉਂ ਹੋਇਆ ਹੈ? ਤੱਥ ਆਧਾਰਿਤ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਵਿਦੇਸ਼ਾਂ ਵਿੱਚ ਵਸੇਬੇ ਦਾ ਕੋਈ ਇੱਕ ਕਾਰਨ ਨਹੀਂ ਬਲਕਿ ਆਰਥਿਕ, ਸਮਾਜਿਕ, ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜ ਵਿੱਚ ਉਭਰ ਰਹੇ ਹਾਲਾਤ ਸਮੇਤ ਅਨੇਕ ਕਾਰਨ ਹਨ। ਮੋਟੇ ਤੌਰ 'ਤੇ ਦੋ ਤਰ੍ਹਾਂ ਦੇ ਤੱਥਾਂ ਨਾਲ ਪਰਵਾਸ ਨੂੰ ਸਮਝਿਆ ਜਾਂਦਾ ਹੈ। ਇੱਕ ਨਿਵਾਸ ਸਥਾਨ ਛੱਡਣ ਵਾਲੇ ਕਾਰਕ ਅਤੇ ਦੂਜਾ ਵਿਦੇਸ਼ੀ ਧਰਤੀ ਜਾਂ ਸਮਾਜਾਂ ਵਿੱਚ ਖਿੱਚ ਵਾਲੇ ਕਾਰਕ। ਸਾਡੇ ਮੁਲਕ ਵਿੱਚ ਨਿਵਾਸ ਸਥਾਨਾਂ ਨੂੰ ਛੱਡਣ ਵਾਲੇ ਕਾਰਨਾਂ ਵਿੱਚੋਂ ਮੁਖ ਹਨ: ਵਧ ਰਹੀ ਆਬਾਦੀ, ਜ਼ਮੀਨਾਂ ਦੀ ਪੁਸ਼ਤੀ ਵੰਡ ਕਰ ਕੇ ਵਾਹੀ ਜੋਤਾਂ ਦੇ ਆਕਾਰ ਘਟਣ ਕਾਰਨ ਗੁਜ਼ਾਰੇ ਵਿੱਚ ਔਖਿਆਈ, ਗਰੀਬੀ, ਬੇਰੁਜ਼ਗਾਰੀ ਵਿੱਚ ਅਥਾਹ ਵਾਧਾ, ਨਵੀਂ ਪਨੀਰੀ ਵਿੱਚ ਪੜ੍ਹਾਈ ਲਿਖਾਈ ਦਾ ਵਧਣਾ ਪਰ ਯੋਗ ਨੌਕਰੀਆਂ ਦਾ ਨਾ ਮਿਲਣਾ, ਤਕਨਾਲੋਜੀ ਦਾ ਮਨੁੱਖੀ ਜੀਵਨ ਵਿੱਚ ਭਾਰੀ ਵਾਧਾ, ਕਿੱਤਾ ਪਰਿਵਰਤਨ, ਜੀਵਨ ਦਾ ਬਦਲ ਰਿਹਾ ਰੁਝਾਨ, ਸਮਾਜ ਵਿੱਚ ਫੈਲ ਰਿਹਾ ਨਸ਼ਾ, ਵਧ ਰਹੇ ਅਪਰਾਧ, ਰਾਜਨੀਤੀ ਵਿੱਚ ਅੱਤ ਦੀ ਗਿਰਾਵਟ ਆਦਿ। ਵਿਦੇਸ਼ਾਂ ਵਿੱਚ ਵਸਣ ਦੇ ਮੁੱਖ ਕਾਰਕਾਂ ਵਿੱਚੋਂ ਹਨ: ਯੋਗਤਾ ਮੁਤਾਬਿਕ ਰੁਜ਼ਗਾਰ ਮਿਲਣਾ, ਚੰਗਾ ਜੀਵਨ ਪੱਧਰ, ਵਿਗਸਣ ਦੀ ਖੁੱਲ੍ਹ, ਕਾਨੂੰਨ ਦਾ ਰਾਜ, ਸਾਫ ਵਾਤਾਵਰਨ, ਮਾਨਵੀ ਮੁੱਲਾਂ ਦੀ ਕਦਰ, ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗੇਰੇ ਭਵਿੱਖ ਦੀ ਆਸ ਆਦਿ।

17ਵੀਂ ਸਦੀ ਤੱਕ ਸੰਸਾਰ ਵਿੱਚ ਪਰਵਾਸ ਦਾ ਮੁੱਦਾ ਨਾ-ਮਾਤਰ ਸੀ। 18ਵੀਂ ਸਦੀ ਦੇ ਮੱਧ ਵਿੱਚ ਬਰਤਾਨੀਆ ਵਿੱਚ ਉਪਜੇ ਉਦਯੋਗਕ ਇਨਕਲਾਬ ਨੇ ਦੁਨੀਆ ਵਿੱਚ ਮੱਨੁਖੀ ਜੀਵਨ ਵਿੱਚ ਤਬਦੀਲੀ ਲਿਆਂਦੀ। ਪੂੰਜੀਵਾਦ ਦੀ ਆਮਦ 'ਤੇ ਫੈਕਟਰੀਆਂ ਵਾਸਤੇ ਕਾਮਿਆਂ ਦੀ ਪੂਰਤੀ ਹਿੱਤ ਦੂਜੇ ਦੇਸ਼ਾਂ ਖਾਸ ਕਰ ਕੇ ਏਸ਼ਿਆਈ ਮੁਲਕਾਂ ਵਿੱਚੋਂ ਲੋਕ ਯੂਰੋਪ ਵੱਲ ਵਹੀਰਾਂ ਘੱਤਣ ਲਗੇ। ਤਕਨਾਲੋਜੀ ਦੀ ਆਮਦ ਨੇ ਸਾਰੇ ਦੇਸ਼ਾਂ ਨੂੰ ਇੱਕ ਦੂਜੇ ਦੇ ਨੇੜੇ ਕੀਤਾ; ਹੁਣ ਤਾਂ ਸੰਸਾਰ ਨੂੰ 'ਗਲੋਬਲ ਪਿੰਡ' ਦੀ ਕਿਹਾ ਜਾਣ ਲੱਗਾ ਹੈ। ਵੀਹਵੀਂ ਸਦੀ ਵਿੱਚ ਸੰਗਠਤ ਵਿਦਿਅਕ ਢਾਂਚੇ ਨਾਲ ਵਿਦਿਆ ਦਾ ਫੈਲਾਅ ਕਾਫੀ ਵਧਿਆ। ਭਾਰਤ ਵਿੱਚ 1947 ਵੇਲੇ 22 ਯੂਨੀਵਰਸਿਟੀਆਂ, 500 ਕਾਲਜ ਅਤੇ 2 ਲੱਖ ਦੇ ਕਰੀਬ ਸਕੂਲ ਸਨ। ਅੱਜ ਸਾਡੇ ਦੇਸ਼ ਵਿੱਚ 700 ਯੂਨੀਵਰਸਿਟੀਆਂ, 45000 ਦੇ ਕਰੀਬ ਕਾਲਜ ਅਤੇ 7 ਲੱਖ ਤੋਂ ਵੱਧ ਸਕੂਲ ਹਨ। ਜੇ ਅਣ-ਅਧਿਕਾਰਤ ਸਕੂਲ ਵੀ ਜੋੜ ਲਈਏ ਤਾਂ ਸਕੂਲਾਂ ਦੀ ਗਿਣਤੀ ਕਿਤੇ ਵੱਧ ਹੈ। ਡਿਗਰੀਆਂ ਲੈ ਕੇ ਬੱਚਿਆਂ ਨੂੰ ਯੋਗ ਨੌਕਰੀ ਨਹੀ ਮਿਲ ਰਹੀ। ਇਸ ਲਈ ਭਵਿੱਖ ਤੋਂ ਚਿੰਤਤ ਵਧੇਰੇ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ।

ਖੇਤੀ ਤੋਂ ਬਾਹਰ ਜੇ ਰੁਜ਼ਗਾਰ ਦੇ ਮੌਕੇ ਦੇਖੀਏ ਤਾਂ ਕਿਤੇ ਵੀ ਆਸ ਦੀ ਕਿਰਨ ਨਹੀਂ ਦਿਸਦੀ। ਪ੍ਰਾਈਵੇਟ ਸੈਕਟਰ ਵਿੱਚ ਰੁਜ਼ਗਾਰ ਦੀ ਖੜੋਤ ਅਤੇ ਪਬਲਿਕ ਸੈਕਟਰ ਵਿੱਚ ਅਸਲੋਂ ਹਨੇਰਾ ਤੇ ਵਧੇਰੇ ਬੱਚਿਆਂ ਦਾ ਖੇਤੀ ਵੱਲ ਝੁਕਾਅ ਨਾ ਹੋਣ ਕਰ ਕੇ ਉਹ ਵਿਦੇਸ਼ਾਂ ਦਾ ਰਾਹ ਫੜ ਰਹੇ ਹਨ। ਅੱਜ ਪੜ੍ਹਾਈ ਕਰ ਰਹੇ ਬੱਚਿਆਂ ਵਿੱਚੋਂ ਵਧੇਰੇ ਵਿਦੇਸ਼ਾਂ ਵਿੱਚ ਵੱਖ-ਵੱਖ ਕੋਰਸਾਂ ਲਈ ਕਾਲਜਾਂ ਯੂਨੀਵਰਸਿਟੀਆਂ ਦੀਆਂ ਮੋਟੀਆਂ ਫੀਸਾਂ ਭਰਨ ਲਈ ਤਤਪਰ ਹਨ ਜਦਕਿ ਲੱਖਾਂ ਹੀ ਹੋਰ ਜਾਇਜ਼/ਨਾਜਾਇਜ਼ ਵਿਆਹਾਂ ਦੇ ਜ਼ਰੀਏ, ਏਜੰਟਾਂ ਜਾਂ ਗੈਰ-ਕਾਨੂੰਨੀ ਢੰਗਾਂ ਰਾਹੀਂ ਬਾਹਰਲੇ ਮੁਲਕਾਂ ਵਿੱਚ ਜਾਣਾ ਚਾਹੁੰਦੇ ਹਨ। ਇਨ੍ਹਾਂ ਵਿੱਚੋਂ ਕੁਝ ਕਾਮਯਾਬ ਹੋ ਜਾਂਦੇ ਹਨ ਅਤੇ ਹਜ਼ਾਰਾਂ ਦੀ ਤਦਾਦ ਵਿੱਚ ਜਾਇਦਾਦਾਂ ਵੇਚ ਕੇ ਵੀ ਨਹੀਂ ਜਾ ਸਕਦੇ ਅਤੇ ਅਨੇਕ ਨਾਜਾਇਜ਼ ਢੰਗਾਂ ਰਾਹੀਂ ਜਾਂਦੇ ਕਈ ਵਾਰ ਮੌਤ ਦੇ ਮੂੰਹ ਜਾ ਡਿਗਦੇ ਹਨ ਜਾਂ ਜੇਲ੍ਹ ਦੀ ਹਵਾ ਖਾਂਦੇ ਹਨ। ਗੈਰ-ਕਾਨੂੰਨੀ ਪਰਵਾਸ ਦੇ ਮੁੱਦੇ ਨੂੰ ਅਮਰੀਕਾ ਵਲੋਂ ਚੁੱਕੇ ਜਾਣ ਕਰ ਕੇ ਨਵੀਆਂ ਬਹਿਸਾਂ ਹੋ ਰਹੀਆਂ ਹਨ। ਨਤੀਜੇ ਵਜੋਂ ਪਰਵਾਸ ਵਲੋਂ ਫਿਲਹਾਲ ਨਵਾਂ ਮੋੜ ਆਇਆ ਹੈ। ਇਕੱਲੇ ਪੰਜਾਬ ਵਿੱਚ ਸੋਲਾਂ ਹਜ਼ਾਰ ਤੋਂ ਵੱਧ ਆਈਲੈੱਟਸ ਸੈਂਟਰਾਂ ਵਿੱਚੋਂ ਵਧੇਰੇ ਖਾਲੀ ਨਜ਼ਰ ਆ ਰਹੇ ਹਨ; ਕਾਲਜਾਂ ਵਿੱਚ ਰੌਣਕ ਵੀ ਵਧੀ ਹੈ।

ਚਿੰਤਕ ਨੌਮ ਚੌਮਸਕੀ ਦਾ ਕਥਨ ਹੈ- "ਮੁਲਕ ਗਰੀਬ ਨਹੀਂ ਹੁੰਦੇ ਬਲਕਿ ਉਹ ਆਪਣੇ ਸਾਧਨਾਂ ਦੀ ਸੁਚੱਜੀ ਵਰਤੋਂ ਕਰਨ ਵਿੱਚ ਫੇਲ੍ਹ ਹੁੰਦੇ ਹਨ।" ਭਾਰਤ ਨੂੰ ਕਦੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। 1900 ਤੱਕ ਡਾਲਰ ਅਤੇ ਰੁਪਏ ਦੀ ਕੀਮਤ ਲਗਭੱਗ ਬਰਾਬਰ ਸੀ। ਅੱਜ ਸਾਡੇ ਦੇਸ਼ ਦੀ ਰਾਜਨੀਤਕ ਦਸ਼ਾ ਅਤੇ ਦਿਸ਼ਾ ਕਿਸੇ ਤੋਂ ਛੁਪੀ ਨਹੀਂ। ਸੋੜੀ ਸੋਚ ਵਾਲੇ ਰਾਜਨੀਤੀਵਾਨਾਂ ਨੇ ਦੇਸ਼ ਅੰਦਰ ਨਿਘਾਰ ਲਿਆਂਦਾ ਹੈ। ਸਮੂਹਿਕ ਵਿਕਾਸ ਨੂੰ ਪ੍ਰਕਿਰਿਆ ਰਾਹੀਂ ਚਲਾਉਣ ਦੀ ਥਾਂ ਬੁੱਤਾ ਸਾਰਨ ਵਾਲੀਆਂ ਨੀਤੀਆਂ ਕਰ ਕੇ ਦੇਸ਼ ਦੀ ਹਾਲਤ ਥੱਲੇ ਜਾ ਰਹੀ ਹੈ। ਵੱਖ-ਵੱਖ ਪਾਰਟੀਆਂ ਨੇ ਜਿੱਥੇ ਮੁਫ਼ਤਖੋਰੀ ਵਧਾ ਕੇ ਦੇਸ਼ ਦੀ ਆਰਥਿਕਤਾ ਥੱਲੇ ਲਿਆਂਦੀ ਹੈ, ਉਥੇ ਇਹ ਲੋਕਾਂ ਨੂੰ ਨਿਕੰਮੇ ਬਣਾ ਰਹੀ ਹੈ। ਸਮਾਜ ਵਿੱਚ ਵਧ ਰਿਹਾ ਹਿੰਸਕ ਵਰਤਾਰਾ, ਪਾਰਦਰਸ਼ਤਾ ਦੀ ਘਾਟ, ਅਵਿਸ਼ਵਾਸ, ਆਮ ਨਾਗਰਿਕਾਂ ਦੇ ਬਣਦੇ ਹੱਕਾਂ ਤੇ ਸਨਮਾਨ ਦੀ ਅਣਦੇਖੀ, ਵੱਖ-ਵੱਖ ਤਰ੍ਹਾਂ ਦੇ ਜੁਰਮ, ਚੋਰੀਆਂ, ਕਤਲ, ਲੜਕੀਆਂ ਨਾਲ ਛੇੜਖਾਨੀ, ਬਲਾਤਕਾਰ, ਨਸ਼ਿਆਂ ਕਰ ਕੇ ਮੌਤਾਂ, ਧਰਮਾਂ ਦੇ ਨਾਮ 'ਤੇ ਉਲਝਣਾਂ, ਆਮ ਲੋਕਾਂ ਨੂੰ ਮਾਨਸਿਕ ਪੱਖੋਂ ਚਿੰਤਤ ਕਰ ਰਹੀਆਂ ਹਨ ਅਤੇ ਲੋਕ ਵਿਦੇਸ਼ ਵਸਣ ਨੂੰ ਤਰਜੀਹ ਦੇਣ ਲੱਗੇ ਹਨ। ਪਹਿਲਾਂ ਵਿਦੇਸ਼ ਗਏ ਪੰਜਾਬੀ ਅਤੇ ਹੋਰ ਲੋਕ ਆਪਣੇ ਦੇਸ਼ ਵਿੱਚ ਪੂੰਜੀ ਭੇਜਦੇ ਸਨ ਤੇ ਜਾਇਦਾਦਾਂ ਬਣਾਉਂਦੇ ਸਨ ਪਰ ਹੁਣ ਇਹ ਪ੍ਰਕਿਰਿਆ ਵੀ ਪੁੱਠੀ ਪੈਣੀ ਸ਼ੁਰੂ ਹੋ ਗਈ ਹੈ। ਪਰਵਾਸ ਕਰ ਰਹੀ ਜਵਾਨੀ ਸਦਕਾ ਇਕੱਲਾ ਆਰਥਿਕ ਘਾਟਾ ਹੀ ਨਹੀਂ ਪੈ ਰਿਹਾ ਬਲਕਿ ਸਮਾਜਿਕ ਤੇ ਮਾਨਸਿਕ ਪੱਖੋਂ ਗੰਭੀਰ ਸਿੱਟੇ ਸਾਹਮਣੇ ਆ ਰਹੇ ਹਨ। ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ। ਸਰਕਾਰਾਂ ਨੂੰ ਯੋਗ ਪ੍ਰਸ਼ਾਸਨ ਤੇ ਵਿਕਾਸ ਨੀਤੀਆਂ ਲਾਗੂ ਕਰ ਲੋਕਾਂ ਅੰਦਰ ਇੱਥੇ ਵਸਣ ਲਈ ਭਰੋਸਾ ਬਣਾਉਣਾ ਚਾਹੀਦਾ ਹੈ। ਮੂਲ ਮੁੱਦਾ ਰੁਜ਼ਗਾਰ ਦਾ ਹੈ। ਇਹ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ, ਖੇਤੀ ਸਮੇਤ ਉਦਯੋਗਾਂ ਦੀ ਸਥਾਪਨਾ ਨਾਲ ਹੀ ਸੰਭਵ ਹੈ। ਯੋਗ ਕੋਸ਼ਿਸ਼ਾਂ ਹੀ ਸਾਨੂੰ ਬਾਹਰਲਿਆਂ ਦੇ ਧੱਕੇ ਖਾਣ ਤੋਂ ਬਚਾ ਸਕਦੀਆਂ ਹਨ।

# ਟਰੰਪ ਦੇ ਫੈਸਲੇ ਨਾਲ 5 ਲੱਖ ਤੋਂ ਵੱਧ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿਤੀ ਹੋਵੇਗੀ ਰੱਦ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਐਲਾਨ ਕੀਤਾ ਹੈ ਕਿ ਅਮਰੀਕਾ 500,000 ਤੋਂ ਵੱਧ ਕਿਊਬਾ, ਹੈਤੀਆਈ, ਨਿਕਾਰਾਗੁਆਨ ਅਤੇ ਵੈਨੇਜ਼ੁਏਲਾ ਦੇ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿਤੀ ਨੂੰ ਰੱਦ ਕਰ ਦੇਵੇਗਾ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਇਸ ਫੈਸਲੇ ਤੋਂ ਬਾਅਦ, 5 ਲੱਖ 30 ਹਜ਼ਾਰ ਪ੍ਰਵਾਸੀਆਂ ਨੂੰ 30 ਦਿਨਾਂ ਯਾਨੀ ਇੱਕ ਮਹੀਨੇ ਦੇ ਅੰਦਰ ਅਮਰੀਕਾ ਛੱਡਣਾ ਪੈ ਸਕਦਾ ਹੈ।

ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਜਾਰੀ ਇੱਕ ਨੋਟਿਸ ਵਿੱਚ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਵਰਕ ਪਰਮਿਟ ਰੱਦ ਹੋਣ ਤੋਂ ਪਹਿਲਾਂ ਉਹ ਅਮਰੀਕਾ ਛੱਡ ਦੇਣ।

ਬਾਈਡੇਨ ਪ੍ਰਸ਼ਾਸਨ ਨੇ ਸੀਐਚਐਨਵੀ ਨਾਮਕ ਇੱਕ ਪ੍ਰੋਗਰਾਮ ਰਾਹੀਂ 530,000 ਪ੍ਰਵਾਸੀਆਂ ਨੂੰ ਅਮਰੀਕਾ ਲਿਆਂਦਾ। ਸਾਲ 2022 ਵਿੱਚ, ਇਹ ਪ੍ਰੋਗਰਾਮ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਨੇ ਸ਼ੁਰੂ ਕੀਤਾ ਸੀ। ਇਹ ਪ੍ਰੋਗਰਾਮ ਕਾਨੂੰਨੀ ਪ੍ਰਵਾਸ ਦਾ ਰਾਹ ਖੋਲ੍ਹਣ ਵੱਲ ਇੱਕ ਕਦਮ ਸੀ।

ਪਰ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਬਣਨ ਤੋਂ ਤੁਰੰਤ ਬਾਅਦ ਇਸ ਸੀਐਚਐਨਵੀ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ। ਹਾਲਾਂਕਿ, ਇਸ ਸਮੇਂ ਦੌਰਾਨ ਇਨ੍ਹਾਂ ਵਿੱਚੋਂ ਕਿੰਨੇ ਪ੍ਰਵਾਸੀਆਂ ਨੇ ਕਾਨੂੰਨੀ ਦਰਜਾ ਪ੍ਰਾਪਤ ਕੀਤਾ ਹੈ ਜਾਂ ਨਹੀਂ, ਇਸ ਬਾਰੇ ਜਾਣਕਾਰੀ ਅਜੇ ਤੱਕ ਸਾਹਮਣੇ ਨਹੀਂ ਆਈ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਦੀ ਸਕੱਤਰ ਕ੍ਰਿਸਟੀ ਨੋਏਮ ਨੇ ਕਿਹਾ ਕਿ ਪ੍ਰਭਾਵਿਤ ਵਿਅਕਤੀ ਫੈਡਰਲ ਰਜਿਸਟਰ ਵਿੱਚ ਨੋਟਿਸ ਦੇ ਪ੍ਰਕਾਸ਼ਨ ਤੋਂ 30 ਦਿਨਾਂ ਬਾਅਦ 24 ਅਪ੍ਰੈਲ ਨੂੰ ਆਪਣੀ ਕਾਨੂੰਨੀ ਸਥਿਤੀ ਗੁਆ ਦੇਣਗੇ।

ਇਹ ਫੈਸਲਾ ਅਮਰੀਕੀ ਇਮੀਗ੍ਰੇਸ਼ਨ ਨੀਤੀ ਵਿੱਚ ਵੱਡੇ ਬਦਲਾਅ ਤੋਂ ਬਾਅਦ ਆਇਆ ਹੈ ਅਤੇ ਇਹ ਡੋਨਾਲਡ ਟਰੰਪ ਪ੍ਰਸ਼ਾਸਨ ਦੇ ਮਾਨਵਤਾਵਾਦੀ ਪੈਰੋਲ ਪ੍ਰੋਗਰਾਮ ਦੀ "ਦੁਰਵਰਤੋਂ" ਨੂੰ ਰੋਕਣ ਦੇ ਉਦੇਸ਼ ਨਾਲ ਲਏ ਗਏ ਇੱਕ ਪਹਿਲੇ ਕਦਮ ਦੀ ਯਾਦ ਦਿਵਾਉਂਦਾ ਹੈ।

ਏਪੀ ਦੀ ਰਿਪੋਰਟ ਅਨੁਸਾਰ, ਇਸਦੀ ਵਰਤੋਂ ਇਤਿਹਾਸਕ ਤੌਰ 'ਤੇ ਯੁੱਧ ਜਾਂ ਰਾਜਨੀਤਿਕ ਅਸਥਿਰਤਾ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੇ ਵਿਅਕਤੀਆਂ ਨੂੰ ਅਸਥਾਈ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਅਤੇ ਰਹਿਣ ਦੀ ਆਗਿਆ ਦੇਣ ਲਈ ਕੀਤੀ ਜਾਂਦੀ ਰਹੀ ਹੈ।

# ਟਰੰਪ ਨੇ ਯੂਰਪੀਅਨ ਯੂਨੀਅਨ ਅਤੇ ਕੈਨੇਡਾ ‘ਤੇ ਵੱਡੇ ਟੈਰਿਫ਼ ਲਗਾਉਣ ਦੀ ਚਿਤਾਵਨੀ ਦਿੱਤੀ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਯੂਰਪੀਅਨ ਯੂਨੀਅਨ ਅਤੇ ਕੈਨੇਡਾ, ਅਮਰੀਕਾ ਨੂੰ ਨੁਕਸਾਨ ਪਹੁੰਚਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ, ਜਿਸ ਕਰਕੇ ਉਹ ਦੋਵਾਂ ‘ਤੇ ਵੱਡੇ ਟੈਰਿਫ਼ ਲਗਾਉਣਗੇ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਹਸਤੇਖਤ ‘ਤੇ ਲਿਖਿਆ ਕਿ ਇਹ ਨਵੇਂ ਟੈਰਿਫ਼ ਪਹਿਲਾਂ ਤੋਂ ਲਗੇ ਹੋਏ ਟੈਰਿਫ਼ਾਂ ਨਾਲੋਂ ਕਿਤੇ ਵੱਡੇ ਹੋਣਗੇ। ਟਰੰਪ ਦੀ ਇਹ ਚਿਤਾਵਨੀ ਉਨ੍ਹਾਂ ਵੱਲੋਂ ਅਮਰੀਕਾ ਆਉਣ ਵਾਲੀਆਂ ਸਭ ਗੱਡੀਆਂ ‘ਤੇ 25% ਦਾ ਨਵਾਂ ਟੈਰਿਫ਼ ਲਗਾਉਣ ਤੋਂ ਬਾਅਦ ਆਈ ਹੈ। ਇਹ ਨਵੇਂ ਆਟੋ ਟੈਰਿਫ਼ 3 ਅਪ੍ਰੈਲ, 2025 ਤੋਂ ਲਾਗੂ ਹੋਣਗੇ।

ਕੈਨੇਡਾ–ਅਮਰੀਕਾ–ਮੈਕਸੀਕੋ ਸਮਝੌਤੇ ਤਹਿਤ, ਟੈਰਿਫ਼ ਸਿਰਫ਼ ਉਨ੍ਹਾਂ ਹਿੱਸਿਆਂ ‘ਤੇ ਲਗਾਇਆ ਜਾਵੇਗਾ, ਜੋ ਅਮਰੀਕਾ ਵਿੱਚ ਨਹੀਂ ਬਣਦੇ। ਅਮਰੀਕਾ ਵਿੱਚ ਤਿਆਰ ਕੀਤੀਆਂ ਗੱਡੀਆਂ ਉੱਤੇ ਕੋਈ ਵਾਧੂ ਟੈਰਿਫ਼ ਨਹੀਂ ਹੋਵੇਗਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਟਰੰਪ ਦੇ ਨਵੇਂ ਆਟੋ ਟੈਰਿਫ਼ਾਂ ਦੀ ਤਿੱਖੀ ਆਲੋਚਨਾ ਕੀਤੀ।

ਉਨ੍ਹਾਂ ਨੇ ਕਿਹਾ, "ਇਹ ਟੈਰਿਫ਼ ਕੈਨੇਡੀਅਨ ਆਟੋ ਉਦਯੋਗ ਅਤੇ ਵਰਕਰਾਂ ‘ਤੇ ਸਿੱਧਾ ਹਮਲਾ ਹਨ।" ਉਨ੍ਹਾਂ ਨੇ ਤੁਰੰਤ ਕਾਰਵਾਈ ਅਤੇ ਆਟੋ ਉਦਯੋਗ ਨੂੰ ਸਮਰਥਨ ਦੇਣ ਦਾ ਭਰੋਸਾ ਦਿੱਤਾ। ਟਰੰਪ ਵਲੋਂ ਅਮਰੀਕੀ ਵਾਹਨ ਉਦਯੋਗ ਦੀ ਰੱਖਿਆ ਕਰਨ ਦੇ ਨਾਂ ‘ਤੇ ਵਧੇਰੇ ਟੈਰਿਫ਼ ਲਗਾਉਣ ਦਾ ਐਲਾਨ ਕਰਨ ਤੋਂ ਥੋੜ੍ਹੇ ਦਿਨ ਪਹਿਲਾਂ, ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਯੂਰਪ ਦਾ ਦੌਰਾ ਕੀਤਾ ਸੀ।

ਉਨ੍ਹਾਂ ਨੇ ਫ਼ਰਾਂਸ ਅਤੇ ਯੂਨਾਈਟਿਡ ਕਿੰਗਡਮ ਦੇ ਨੇਤਾਵਾਂ ਨਾਲ ਮੁਲਾਕਾਤ ਕਰਕੇ ਆਰਥਿਕ ਸੰਬੰਧਾਂ ਤੇ ਵਪਾਰ ਬਾਰੇ ਚਰਚਾ ਕੀਤੀ। ਟਰੰਪ ਦੇ ਇਹ ਨਵੇਂ ਆਟੋ ਟੈਰਿਫ਼, ਕੈਨੇਡਾ ਅਤੇ ਯੂਰਪੀਅਨ ਯੂਨੀਅਨ ਦੇ ਨਾਲ ਅਮਰੀਕਾ ਦੇ ਵਪਾਰ ਸੰਬੰਧਾਂ ‘ਚ ਤਣਾਅ ਵਧਾ ਸਕਦੇ ਹਨ। ਅਮਰੀਕਾ–ਕੈਨੇਡਾ ਵਪਾਰ ਸੰਬੰਧ ਪਹਿਲਾਂ ਹੀ ਤਣਾਅ ‘ਚ ਹਨ, ਅਤੇ ਇਹ ਵਧੇਰੇ ਟੈਰਿਫ਼ ਇਸ ਸੰਕਟ ਨੂੰ ਹੋਰ ਗਹਿਰਾ ਕਰ ਸਕਦੇ ਹਨ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ ‘ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861


AKALI SINGH SIKH SOCIETY
1890 Skeena St, Vancouver, BC, Canada
PHONE (604) 254-2117, FAX: (604) 254-5309
Email: akalisinghsikhsociety@gmail.com
www.akalisinghgurdwara.ca
FREE TAX CLINIC
(New Building) Senior Centre
START: MARCH 1,2025 ONGOING UNTIL, APRIL 30, 2025
WALK-IN CLINIC WILL BE AVAILABLE EVERY SUNDAY
FROM 10:00 A.M. TO 2:00 P.M.
WE CAN PREPARE TAX RETURNS FOR: SENIORS, STUDENTS, NEWCOMERS TO CANADA, AND LOW- INCOME INDIVIDUALS AND FAMILIES TAX RETURN DOCUMENTS CAN ALSO BE DROPPED OFF AT THE GURDWARA'S OFFICE ON THE MAIN FLOOR BETWEEN THE HOURS OF 10:00 A.M. AND 1:00 P.M. DAILY
FOR FURTHER INFORMATION, PLEASE CALL (604) 254-2117
ਹੋਰ ਜਾਣਕਾਰੀ ਲਈ ਫੋਨ:
ਪ੍ਰਬੰਧਕ ਕਮੇਟੀ: ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ
ਫੋਨ: (604) 254-2117

## ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ : 29 ਮਾਰਚ 1917

# ਕੈਨੇਡਾ ਦੇ ਪਹਿਲੇ ਗ੍ਰੰਥੀ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦੀ ਸ਼ਹਾਦਤ ਦੀ ਅਜੋਕੇ ਹਾਲਾਤ ਵਿੱਚ ਪ੍ਰਸੰਗਿਕਤਾ




ਲਿਖਤ
ਡਾ. ਗੁਰਵਿੰਦਰ ਸਿੰਘ
604 825 1550

ਨਸਲਵਾਦ ਅਤੇ ਬਸਤੀਵਾਦ ਦੇ ਖਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੇ ਸ਼ਾਨਾਮੱਤੇ ਇਤਿਹਾਸ ਵਿਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀ ਕੁਰਬਾਨੀਆਂ ਭਰੀ ਸ਼ਾਹਦਤ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਅਰੂੜ ਸਿੰਘ ਵਰਗਿਆਂ ਵਾਂਗ ਗੋਡੇ ਟੇਕੇ।

ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ-ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀ ਪੰਜਾਬ ਸਰਕਾਰ ਦੀ ਤਾਂ ਗੱਲ ਹੀ ਛੱਡੋ, ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਵੀ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਮਹਾਨ ਯੋਧਾ ਕਰਾਰ ਦੇਣ ਦੀ ਆਸ ਰੱਖਣਾ ਹੀ ਗ਼ਲਤ ਹੈ। ਅੱਜ ਦੀ ਸਰਕਾਰ ਤਾਂ 'ਜੇਲਾਂ ਚ ਸਿੱਖਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ' ਦਾ ਵਿਅੰਗ ਕਸ ਰਹੀ ਹੈ, ਪਰ ਸੱਚ ਤਾਂ ਇਹ ਹੈ ਕਿ ਸਿੱਖ ਯੋਧੇ ਤਾਂ ਸ਼ੁਰੂ ਤੋਂ ਹੀ ਜੇਲਾਂ ਅੰਦਰ ਗੁਰਬਾਣੀ ਪਾਠ ਕਰਕੇ ਚੜਦੀ ਕਲਾ ਦਾ ਬਲ ਲੈ ਰਹੇ ਸਨ, ਦੂਜੇ ਪਾਸੇ ਸਵਰਕਰ ਵਰਗੇ ਜੇਲਾਂ 'ਚੋਂ ਬਾਹਰ ਆਉਣ ਲਈ ਅੰਗਰੇਜ਼ਾਂ ਤੋਂ ਮਾਫੀਆਂ ਮੰਗ ਰਹੇ ਸਨ। ਭਾਈ ਸਾਹਿਬ ਦੀ ਸ਼ਹਾਦਤ, ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਹੁੰਦਿਆਂ, ਉਸ ਵੇਲੇ ਦੇ ਰਾਜਸੀ ਮੁਖੀਆਂ ਨੂੰ ਚੁਣੌਤੀ ਦਿੰਦਿਆਂ, ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਕ ਕਹੀ ਜਾ ਸਕਦੀ ਹੈ।

ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਨੂੰ ਭਾਈ ਬੁੱਧ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਹੋਇਆਲ ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ, ਪਰ ਸੰਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾਲ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ





ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇੰਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।

ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ, ਪਰ ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ। ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ 'ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ।

ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁੱਕ-ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ, ਮ੍ਰਿਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈਲ ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ 'ਇੰਡੀਆ ਐਜ਼ ਆਈ ਨਿਊ' ਦੇ ਪੰਨਾ 191'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ 'ਤੀਸਰੇ ਬੰਦੇ' (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ 'ਖ਼ਤਰਨਾਕ' ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ 'ਇਸ ਮੈਂਬਰ' ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ। 5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡਰਤਾ ਨਾਲ ਵਿਚਾਰ ਰੱਖੇ। ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ-ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ 'ਕਿਰਤੀ' 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ 'ਕੇਵਲ ਸਿੱਖਾਂ ਦਾ ਮਸਲਾ' ਕਹਿ ਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਵੀ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦੀ ਵਿਰੋਧਤਾ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਪਿੱਠੂਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ।

ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ ਗਦਰੀ ਯੋਧਿਆਂ, 'ਗੁਰੂ ਨਾਨਕ ਜਹਾਜ਼' ਦੇ ਮੁਸਾਫਰਾਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ 'ਭਾਈ' ਜਾਂ 'ਸਰਦਾਰ' ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, 'ਵੀਹ ਹਜ਼ਾਰ ਰੁਪਏ' ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾ ਪਾਈਆਂ ਗਈਆਂ। 'ਸਰ' ਸੁੰਦਰ ਸਿੰਘ ਮਜੀਠੀਆ ਮਾਈਕਲ ਓਡਵਾਇਰ ਲਈ ਫੰਡ ਇਕੱਠਾ ਕਰਨ ਵਾਲੀ ਕਮੇਟੀ ਦਾ ਮੁਖੀ ਸੀ। ਭਾਈ ਬਲਵੰਤ ਸਿੰਘ ਖੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ। ਕੈਨੇਡਾ ਵਾਪਸੀ ਦੌਰਾਨ ਆਪ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ 23 ਜੁਲਾਈ 1914 ਨੂੰ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ ਚੰਦ ਨਵਾਂ ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ । ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਜਿਆਣ ਗ਼ੱਦਾਰ ਦੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ, ਜਿਨ੍ਹਾਂ ਦੇ ਆਧਾਰ ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ-ਏ-ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ।

ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੀ ਇਹ ਸ਼ਬਦ ਜ਼ਿਕਰਯੋਗ ਹਨ : "ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।" 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ 'ਜ਼ਫ਼ਰਨਾਮਾ' ਵਿੱਚੋਂ ਇਹ ਸ਼ਬਦ ਅੰਕਿਤ ਸਨ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥" ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਵੱਧ-ਚੜ ਕੇ ਪਹੁੰਚਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ ;

"ਜਦ ਧਿਰ ਉਪਾਵਾਂ ਦੀ ਹਾਰਦੀ ਹੈ,
ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"

ਤਸਵੀਰ : ਸਿੰਘ ਸਾਹਿਬ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਯਾਦਗਾਰੀ ਤਸਵੀਰ। ਨਾਲ ਹਨ ; ਸੁਪਤਨੀ ਬੀਬੀ ਕਰਤਾਰ ਕੌਰ, ਸਪੁੱਤਰੀਆਂ ਊਧਮ ਕੌਰ, ਨਿਰੰਜਣ ਕੌਰ ਅਤੇ ਕੈਨੇਡਾ ਦਾ ਜੰਮਪਲ ਪਹਿਲਾ ਸਿੱਖ ਬੱਚਾ ਭਾਈ ਹਰਦਿਆਲ ਸਿੰਘ।


**ਕੋਆਰਡੀਨੇਟਰ**
**ਪੰਜਾਬੀ ਸਾਹਿਤ ਸਭਾ ਮੁਢਲੀ,**
**ਐਬਸਫੋਰਡ ਬੀਸੀ ਕੈਨੇਡਾ**

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸਿੱਖ ਰਾਜ ਕਿਵੇਂ ਗਿਆ...?

ਲੜੀਵਾਰ ਕਿਸ਼ਤ 48

ਲਿਖਤ : ਸੋਹਣ ਸਿੰਘ ਸ਼ੀਤਲ



### ਹੈਨਰੀ ਲਾਰੰਸ

ਜਿਸ ਆਸ਼ੇ ਨੂੰ ਮੁੱਖ ਰੱਖ ਕੇ ਇਹ ਸੁਲ੍ਹਾ ਹੋਈ ਸੀ, ਉਸ ਨੂੰ ਪੂਰਾ ਕਰਨ ਬਦਲੇ ਅੰਗਰੇਜ਼ ਕਰਮਚਾਰੀਆਂ ਨੇ ਉੱਦਮ ਸ਼ੁਰੂ ਕਰ ਦਿੱਤਾ। ਹੈਨਰੀ ਲਾਰੰਸ ਨੂੰ ਮਹਾਰਾਣੀ ਦੇ ਹਰ ਕੰਮ ਉੱਤੇ ਸ਼ੱਕ ਹੋਣ ਲੱਗਾ। ਇਹ ਉਸਦਾ ਦਿਲੀ ਵਹਿਮ ਸੀ, ਜਾਂ ਗਿਣੀ ਮਿਥੀ ਗੋਂਦ? ਇਹ ਇਤਿਹਾਸ ਪੜ੍ਹਨ ਵਾਲੇ ਜਾਣਦੇ ਹਨ। ਉਹਨੇ ਮਹਾਰਾਣੀ ਨੂੰ ਬੜੀ ਹਾਕਮਾਨਾ ਬੋਲੀ ਵਿਚ ਚਿੱਠੀ ਲਿਖੀ ਤੇ ਉਹਦੇ ਨਿੱਤ ਵਿਹਾਰ 'ਤੇ ਕਰੜੀ ਨੁਕਤਾਚੀਨੀ ਕੀਤੀ, ਜਿਸਦਾ ਉਤਰ ਮਹਾਰਾਣੀ ਨੇ ਬੜੀ ਯੋਗਤਾ ਨਾਲ ਦਿੱਤਾ, ਜਿਸਨੂੰ ਪੜ੍ਹ ਕੇ ਅੰਗਰੇਜ਼ ਕਰਮਚਾਰੀ ਬੜੇ ਨਾਰਾਜ਼ ਹੋਏ ਤੇ ਦੁਰੇਡੀਆਂ ਮਿਥੀਆਂ ਹੋਈਆਂ ਗੱਲਾਂ ਨੂੰ ਛੇਤੀ ਨੇਪਰੇ ਚਾੜ੍ਹਨ ਬਦਲੇ ਸੋਚਣ ਲੱਗੇ।

### ਹਾਰਡਿੰਗ ਦੀ ਚਿੱਠੀ । ਜੁਲਾਈ

ਹੈਨਰੀ ਲਾਰੰਸ ਜਾਣਦਾ ਸੀ, ਕਿ ਉਹਨੂੰ ਕਿਸ ਮਤਲਬ ਵਾਸਤੇ ਰੈਜ਼ੀਡੈਂਟ ਬਣਾਇਆ ਗਿਆ ਸੀ। ਉਹਨੇ ਰਾਜ ਦਾ ਹਰ ਇਕ ਮਹਿਕਮਾ ਆਪਣੇ ਹੱਥ ਵਿਚ ਲੈ ਲਿਆ। ਓਧਰ ਹਾਰਡਿੰਗ ਦੀ । ਜੁਲਾਈ,੧੮੪੭ ਈ.ਦੀ ਚਿੱਠੀ ਨੇ ਹੈਨਰੀ ਲਾਰੰਸ ਦਾ ਹੌਂਸਲਾ ਹੋਰ ਵੀ ਵਧਾ ਦਿੱਤਾ। ਚਿੱਠੀ ਵਿਚ ਲਿਖਿਆ ਸੀ, ''ਭਰੋਵਾਲ ਦੀ ਸੁਲ੍ਹਾ ਅਨੁਸਾਰ ਲਾਹੌਰ ਵਿਚ ਰਹਿਣ ਵਾਲੇ ਅੰਗਰੇਜ਼ੀ ਰੈਜ਼ੀਡੈਂਟ ਨੂੰ ਰਾਜ ਪਰਬੰਧ ਦੇ ਹਰ ਇਕ ਮਹਿਕਮੇ ਦੇ ਸਾਰਿਆਂ ਕੰਮਾਂ ਵਿਚ ਪੂਰੇ ਪੂਰੇ ਅਖ਼ਤਿਆਰ ਹਨ। ਇਹ ਚੰਗੀ ਗੱਲ ਹੈ, ਕਿ ਰੈਜ਼ੀਡੈਂਟ ਕੌਂਸਲ ਦੇ ਦੇਸੀ ਮੈਂਬਰਾਂ ਨੂੰ ਆਪਣੇ ਨਾਲ ਸਹਿਮਤ ਰੱਖੇ, ਪਰ ਅਸਲ ਵਿਚ ਦੇਸੀ ਮੈਂਬਰ ਪੂਰੀ ਤਰ੍ਹਾਂ ਉਹਦੇ ਅਧੀਨ ਤੇ ਆਸਰੇ ਥੱਲੇ ਹਨ। ਉਹ ਪਹਿਲੇ ਮੈਂਬਰਾਂ ਨੂੰ ਹਟਾ ਸਕਦਾ ਤੇ ਉਹਨਾਂ ਦੀ ਥਾਂ ਨਵੇਂ ਹੋਰ ਰੱਖ ਸਕਦਾ ਹੈ। ਸ਼ਹਿਰੀ ਕੰਮਾਂ ਵਾਂਗ ਫ਼ੌਜੀ ਮਾਮਲਿਆਂ ਵਿਚ ਵੀ ਉਹਨੂੰ ਪੂਰੇ ਅਖ਼ਤਿਆਰ ਹਨ। ਸਾਰੇ ਪੰਜਾਬ ਵਿਚ ਕਿਸੇ ਵੀ ਥਾਂ ਤੋਂ ਸਿੱਖ ਫ਼ੌਜ ਹਟਾ ਕੇ ਓਥੇ ਅੰਗਰੇਜ਼ੀ ਫ਼ੌਜ ਰਖ ਸਕਦਾ ਹੈ।

ਇਸ ਪਿਛੋਂ ਇਕ ਹੋਰ ਚਿੱਠੀ ਵਿਚ ਲਾਰਡ ਹਾਰਡਿੰਗ ਨੇ ਹੈਨਰੀ ਲਾਰੰਸ ਨੂੰ ਸਲਾਹ ਦਿੱਤੀ, ਕਿ ਉਹ ਸਾਰੇ ਦੇਸੀ ਅਫ਼ਸਰਾਂ 'ਤੇ ਪੱਕਾ ਹੱਥ ਰੱਖੇ ਤੇ ਹਰ ਮਹਿਕਮੇ ਵਿਚ ਆਪਣਾ ਚੰਗਾ ਪਰਭਾਵ ਕਾਇਮ ਰੱਖੇ।''

### ਪਰਮਾ

ਇਹਨੀਂ ਹੀ ਦਿਨੀਂ ਤੇਜ ਸਿੰਘ ਦੇ ਕਤਲ ਕਰਨ ਦਾ ਇਕ ਸ਼ੜਯੰਤਰ ਰਚਿਆ ਗਿਆ, ਜਿਸ ਵਿਚ 'ਪਰਮਾ! ਤੇ 'ਮਹਾਰਾਣੀ ਦਾ ਸਕੱਤਰ ਫੜੇ ਗਏ। ਲਾਰੰਸ ਨੇ ਗੋਂਦ ਦਾ ਮੋਢੀ 'ਮਹਾਰਾਣੀ ਨੂੰ ਸਮਝਿਆ, ਪਰ ਹਾਰਡਿੰਗ ਨੇ ਮੁਕੱਦਮੇ ਦੀ ਪੜਤਾਲ ਕਰਕੇ ਮਹਾਰਾਣੀ ਨੂੰ ਤਾਂ ਨਿਰਦੋਸ਼ ਮੰਨਿਆਂ ਤੇ 'ਪਰਮੇ' ਨੂੰ ਫਾਂਸੀ ਦੀ ਸਜ਼ਾ ਦਿੱਤੀ।

### ਤੇਜ ਸਿੰਘ ਰਾਜਾ ਬਣਿਆਂ

7 ਅਗਸਤ, 1847 ਈ: ਨੂੰ ਲਾਰੰਸ ਨੇ ਇਕ ਵੱਡਾ ਦਰਬਾਰ ਕੀਤਾ, ਜਿਸ ਵਿਚ ਰਾਜ ਸੇਵਾ ਬਦਲੇ ਕੁਛ ਸਰਦਾਰਾਂ ਨੂੰ ਖ਼ਿਤਾਬ ਦਿੱਤੇ ਗਏ। ਇਹਨਾਂ ਸਰਦਾਰਾਂ ਵਿਚ- ਕੌਮੀ ਗ਼ੱਦਾਰ- ਤੇਜ ਸਿੰਘ ਵੀ ਸੀ, ਜਿਸਨੂੰ 'ਰਾਜੇ' ਦਾ ਖ਼ਿਤਾਬ ਮਿਲਨਾ ਸੀ। ਏਸ ਦਿਨ ਮਹਾਰਾਜਾ ਦਲੀਪ ਸਿੰਘ ਦਰਬਾਰ ਵਿਚ ਦੇਰ ਨਾਲ ਪਹੁੰਚਿਆ। ਸਿੱਖ ਦਰਬਾਰ ਵਿਚ ਇਹ ਮਰਯਾਦਾ ਚਲੀ ਆਉਂਦੀ ਸੀ, ਕਿ ਜਿਸ ਸਰਦਾਰ ਨੂੰ 'ਰਾਜੇ' ਦਾ ਖ਼ਿਤਾਬ ਦਿੱਤਾ ਜਾਂਦਾ, ਉਸਨੂੰ ਮਹਾਰਾਜਾ ਆਪਣੇ ਹੱਥੀਂ ਤਿਲਕ ਲਾਉਂਦਾ। ਲਾਰੰਸ ਨੇ ਮਹਾਰਾਜੇ ਨੂੰ, ਤੇਜ ਸਿੰਘ ਦੇ ਮੱਥੇ ਵਿਚ ਤਿਲਕ ਲਾਉਣ ਵਾਸਤੇ ਕਿਹਾ, ਤਾਂ ਉਹਨੇ ਆਪਣੇ ਛੋਟੇ-ਛੋਟੇ ਹੱਥ ਪਿਛੇ ਕਰ ਲਏ ਤੇ ਤਿਲਕ ਲਾਉਣ ਤੋਂ ਨਾਂਹ ਕਰ ਦਿੱਤੀ। ਫਿਰ ਇਕ ਗਰੰਥੀ ਕੋਲੋਂ ਤੇਜ ਸਿੰਘ ਨੂੰ ਤਿਲਕ ਦੁਆ ਕੇ ਰਸਮ ਪੂਰੀ ਕੀਤੀ ਗਈ। ਓਸੇ ਸ਼ਾਮ ਨੂੰ-ਏਸ ਖ਼ੁਸ਼ੀ ਵਿਚ-ਆਤਸ਼ਬਾਜ਼ੀ ਚਲਾਈ ਗਈ, ਪਰ ਮਹਾਰਾਜਾ ਵੇਖਣ ਵਾਸਤੇ ਨਾ ਆਇਆ। ਇਹ ਸਾਰੀ ਸਿਖਾਵਟ ਮਹਾਰਾਣੀ ਦੀ ਸਮਝੀ ਗਈ।

### ਹਾਰਡਿੰਗ ਮਹਾਰਾਣੀ ਦੇ ਵਿਰੋਧੀ

ਹਾਰਡਿੰਗ ਤੇ ਲਾਰੰਸ ਮੁੱਢ ਤੋਂ ਹੀ ਹਾਰਡਿੰਗ ਮਹਾਰਾਣੀ ਦੇ ਵਿਰੋਧੀ ਸਨ। ਉਹ ਕਿਸੇ ਐਸੇ ਸਮੇਂ ਦੀ ਭਾਲ ਵਿਚ ਸਨ, ਜਦੋਂ ਮਹਾਰਾਣੀ ਨੂੰ ਸਜ਼ਾ ਦੇ ਸਕਣ। 16 ਦਸੰਬਰ, 1846 ਈ. ਨੂੰ ਹਾਰਡਿੰਗ ਦੀ 'ਕਰੀ' ਵੱਲ ਲਿਖੀ ਹੋਈ ਗੁਪਤ ਚਿੱਠੀ ਵਿਚ ਲਿਖਿਆ ਹੈ, ''ਜੇ ਕੋਈ ਗੱਲ ਬਹਿਸ ਵਾਲੀ ਹੈ, ਤਾਂ ਉਹ ਹੈ ਰਾਣੀ ਨੂੰ ਬਿਲੇ ਲਾਉਣਾ। ਅਸੀਂ ਏਸ ਗੱਲੋਂ ਤੇ ਸਹਿਮਤ ਹਾਂ, ਤੇ ਇਹ ਗੱਲ ਬਿਲਕੁਲ ਯੋਗ ਹੈ, ਕਿ ਰਾਣੀ ਦੇ ਹੱਥ ਵਿੱਚ ਕਾਰ-ਮੁਖ਼ਤਿਆਰ ਦੀ ਹੈਸੀਅਤ ਵਿਚ ਕੋਈ

ਤਾਕਤ ਨਾ ਰਹੇ।ਉਸਦੀ ਰਿਹਾਇਸ਼ ਦੇ ਥਾਂ ਦਾ ਫੈਸਲਾ ਕਰਨ ਵੇਲੇ ਨਵੇਂ ਰਾਜ ਪਰਬੰਧ ਦੇ ਵਿਰੁੱਧ, ਰਾਣੀ ਵੱਲੋਂ ਹੋਣ ਵਾਲੀਆਂ ਰਾਜਸੀ ਸਾਜ਼ਸ਼ਾਂ ਦੇ ਆਧਾਰ 'ਤੇ ਉਸਨੂੰ ਉਸਦੇ ਪੁੱਤਰ ਤੋਂ ਵੱਖਰਾ ਕਰ ਦੇਣ ਦੇ ਵਿਰੁੱਧ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਆਖਿਆ ਜਾ ਸਕਦਾ ਹੈ, ਤੇ ਲੋਕਾਂ ਦੀ ਇਸ ਨਾਲ ਹਮਦਰਦੀ ਵੀ ਹੋ ਜਾਏਗੀ, ਕਿ ਰਾਣੀ ਨੂੰ ਉਸ ਵੱਲੋਂ ਹੋਏ ਕਿਸੇ ਰਾਜਸੀ ਗੁਨਾਹ ਤੋਂ ਪਹਿਲਾਂ ਹੀ ਸਜ਼ਾ ਦੇ ਦਿੱਤੀ ਗਈ ਹੈ। ਮੇਰਾ ਖ਼ਿਆਲ ਹੈ, ਕਿ ਉਹ ਪੰਜਾਬ ਵਿਚ ਕਿਸੇ ਹੋਰ ਥਾਂ ਨਾਲੋਂ ਲਾਹੌਰ ਵਿਚ ਘੱਟ ਖ਼ਤਰਨਾਕ ਹੋਵੇਗੀ। ਜੇ ਉਹ ਕੁਝ ਔਖਿਆਂ ਕਰਨ ਲੱਗ ਪਏ, ਤੇ ਉਸਨੂੰ ਦੇਸ ਨਿਕਾਲਾ ਦੇਣਾ ਯੋਗ ਹੋ ਜਾਏ, ਤਾਂ ਜ਼ਰੂਰ ਉਸਨੂੰ ਸਤਲੁਜੋਂ ਪਾਰ ਭੇਜ ਦਿੱਤਾ ਜਾਏ।''' -ਚਲਦਾ

# ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ

ਲਿਖਤ : ਪ੍ਰੋ. ਨਿਰਮਲ ਸਿੰਘ ਰੰਧਾਵਾ
ਸੰਪਰਕ: 99880-66466



ਸਿੱਖਾਂ ਵਿੱਚ ਸ਼ਹੀਦੀ ਦਾ ਮੁੱਢ ਪੰਜਵੇਂ ਗੁਰੂ ਅਰਜਨ ਦੇਵ ਨੇ ਲਾਹੌਰ ਵਿਚ ਬੰਨ੍ਹਿਆ ਸੀ। ਇਸੇ ਕਰਕੇ ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਲਾਹੌਰ ਵਿਚ ਸਿੱਖਾਂ ਦੀਆਂ ਹੋਈਆਂ ਸ਼ਹੀਦੀਆਂ ਦੀ ਸੂਚੀ ਕਾਫੀ ਲੰਮੀ ਹੈ। ਸਮੇਂ ਦੀ ਜ਼ਾਲਮ ਜ਼ਕਰੀਆ ਖਾਨ ਸਰਕਾਰ ਵਲੋਂ ਭਾਈ ਤਾਰੂ ਸਿੰਘ ਨੂੰ ਲਾਹੌਰ 'ਚ ਕੇਸਾਂ ਸਣੇ ਖੋਪੜੀ ਲਾਹ ਕੇ ਸ਼ਹੀਦ ਕੀਤਾ ਗਿਆ ਸੀ। ਲਾਹੌਰ 'ਚ ਹੀ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਇਸੇ ਲਾਹੌਰ 'ਚ ਭਾਈ ਸੁਬੇਗ ਸਿੰਘ ਤੇ ਉਨ੍ਹਾਂ ਦੇ 18 ਸਾਲ ਦੇ ਬੇਟੇ ਭਾਈ ਸ਼ਾਹਬਾਜ਼ ਸਿੰਘ ਨੂੰ ਸਮੇਂ ਦੀ ਹਕੂਮਤ ਨੇ 1745 ਈਸਵੀ 'ਚ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ।

ਭਾਈ ਸੁਬੇਗ ਸਿੰਘ ਲਾਹੌਰ ਦੇ ਪਿੰਡ ਜੰਬਰ ਦੇ ਰਹਿਣ ਵਾਲੇ ਸਨ। ਫਾਰਸੀ ਦੇ ਵਿਦਵਾਨ ਹੋਣ ਕਰਕੇ ਉਨ੍ਹਾਂ ਨੂੰ ਜ਼ਕਰੀਆ ਖਾਨ ਦੇ ਦਰਬਾਰ ਵਿੱਚ ਨੌਕਰੀ ਮਿਲੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਉਹ ਕੁਝ ਚਿਰ ਲਾਹੌਰ ਦੇ ਕੋਤਵਾਲ ਵੀ ਰਹੇ। ਇਸ ਦੌਰਾਨ ਉਨ੍ਹਾਂ ਕਈ ਧਾਰਮਿਕ ਯਾਦਗਾਰਾਂ ਤੇ ਗੁਰਦੁਆਰੇ ਵੀ ਬਣਵਾਏ। ਲੋਕ ਭਲਾਈ ਦੇ ਕਾਰਜ ਕਰਨ ਕਰਕੇ ਕੁਝ ਲੋਕ ਉਨ੍ਹਾਂ ਨਾਲ ਖਾਰ ਖਾਂਦੇ ਸਨ। ਲਾਹੌਰ ਦਰਬਾਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਮੁਗਲੀਆ ਹਕੂਮਤ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਦਿੱਲੀ ਵਿਚ ਚਿੱਠੀ ਭੇਜ ਕੇ ਇਸ ਮਤੇ ਦੀ ਮਨਜ਼ੂਰੀ ਲੈ ਲਈ ਸੀ ਕਿ ਸਿੱਖ ਕੌਮ ਨਾਲ ਸੁਲਾਹ ਕਰ ਲਈ ਜਾਵੇ ਤਾਂ ਕਿ ਚੈਨ ਨਾਲ ਹਿੰਦੋਸਤਾਨ 'ਤੇ ਰਾਜ ਕੀਤਾ ਜਾ ਸਕੇ। ਜ਼ਕਰੀਆ ਖਾਨ ਨੇ 29 ਮਾਰਚ 1733 ਵਿੱਚ ਭਾਈ ਸੁਬੇਗ ਸਿੰਘ ਨੂੰ ਆਪਣਾ ਖਾਸ ਨੁਮਾਇੰਦਾ (ਵਕੀਲ) ਬਣਾ ਕੇ ਸਿੱਖ ਪੰਥ ਦੇ ਜਥੇਦਾਰ ਨੂੰ ਨਵਾਬੀ ਦਾ ਖਿਤਾਬ ਅਤੇ ਵੱਡੀਆਂ ਜਗੀਰਾਂ ਨਾਲ ਨਿਵਾਜਣ ਲਈ ਲਾਹੌਰ ਤੋਂ ਅੰਮ੍ਰਿਤਸਰ ਭੇਜਿਆ ਸੀ। ਭਾਈ ਸੁਬੇਗ ਸਿੰਘ ਵੱਲੋਂ ਲਿਜਾਇਆ ਗਿਆ 'ਨਵਾਬੀ ਦਾ ਖਿਤਾਬ' ਪੰਥਕ ਇਕੱਠ ਵਲੋਂ ਸੰਗਤ ਅਤੇ ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਦਿੱਤਾ ਗਿਆ। ਸਿੱਖ ਇਤਿਹਾਸ ਵਿੱਚ ਭਾਈ ਸੁਬੇਗ ਸਿੰਘ ਨੂੰ 'ਵਕੀਲ' ਪਦ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਸਮੇਂ ਨੇ ਜਦੋਂ ਕਰਵਟ ਬਦਲੀ ਤਾਂ ਭਾਈ ਸੁਬੇਗ ਸਿੰਘ ਦੇ ਸੁਖੀ ਵੱਸਦੇ ਪਰਿਵਾਰ ਵਿਚ ਦੁੱਖਾਂ ਦੇ ਪਹਾੜ ਉਸ ਵੇਲੇ ਟੁੱਟ ਪਏ ਜਦੋਂ ਉਨ੍ਹਾਂ ਦੇ 18 ਸਾਲ ਦੇ ਨੌਜਵਾਨ ਪੁੱਤਰ ਭਾਈ ਸ਼ਾਹਬਾਜ਼ ਸਿੰਘ ਨੇ ਮਦਰੱਸੇ ਪੜ੍ਹਦੇ ਸਮੇਂ ਮੌਲਵੀ ਨੂੰ ਸਿੱਖ ਧਰਮ ਦੀ ਮਰਿਆਦਾ ਤੋਂ ਜਾਣੂ ਕਰਵਾਇਆ। ਇਸ ਮਗਰੋਂ ਚਰਚਾ 'ਚੋ ਹਾਰੇ ਤੇ ਆਪਣੀ ਹੇਠੀ ਸਮਝਦੇ ਹੋਏ ਮੌਲਵੀ ਨੇ ਭਾਈ ਸ਼ਾਹਬਾਜ਼ ਸਿੰਘ ਨੂੰ ਇਸਲਾਮ ਦੀ ਤੌਹੀਨ ਕਰਨ ਦੀਆਂ ਝੂਠੀਆਂ ਤੋਹਮਤਾਂ ਲਾ ਕੇ ਕੈਦ ਕਰਵਾ ਦਿੱਤਾ। ਥੋੜੇ ਸਮੇਂ ਬਾਅਦ ਉਨ੍ਹਾਂ ਦੇ ਪਿਤਾ ਭਾਈ ਸੁਬੇਗ ਸਿੰਘ ਨੂੰ ਵੀ ਬਿਨਾਂ ਕਸੂਰ ਕੈਦ ਕਰ ਲਿਆ ਗਿਆ। ਲਾਹੌਰ ਦਰਬਾਰ ਵਿਚ ਭਾਈ ਸੁਬੇਗ ਸਿੰਘ ਨਾਲ ਖਾਰ ਖਾਣ ਵਾਲੇ ਲੋਕਾਂ ਨੇ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਪਿਉ-ਪੁੱਤਰ ਨੂੰ ਇਸਲਾਮ ਕਬੂਲ ਕਰਵਾਉਣ ਲਈ ਹਾਕਮਾਂ ਨੂੰ ਉਕਸਾਇਆ। ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਨੇ ਇਸਲਾਮ ਧਰਮ ਕਬੂਲ ਕਰਨ ਨਾਲੋਂ ਮੌਤ ਨੂੰ ਗਲੇ ਲਗਾਉਣ ਨੂੰ ਪਹਿਲ ਦਿੱਤੀ। ਭਾਈ ਸੁਬੇਗ ਸਿੰਘ ਦੇ ਨਜ਼ਦੀਕੀਆਂ ਨੇ ਭਾਈ ਜੀ ਨੂੰ ਸਲਾਹ ਦਿੱਤੀ, ''ਆਪਣੇ ਇਕਲੌਤੇ ਪੁੱਤਰ ਦੀ ਜਾਨ ਬਖ਼ਸ਼ੀ ਕਰਵਾਉਣ ਲਈ ਹਕੂਮਤ ਦੀਆਂ ਸ਼ਰਤਾਂ ਮੰਨ ਲਵੋ ਤਾਂ ਜੋ ਆਪ ਜੀ ਦੀ ਅੰਸ਼ ਚੱਲਦੀ ਰਹੇ।'' ਗੁਰੂ ਗੋਬਿੰਦ ਸਿੰਘ ਦੇ ਲਾਡਲੇ ਸਿੰਘ ਭਾਈ ਸੁਬੇਗ ਸਿੰਘ ਨੇ ਜੋ ਜਵਾਬ ਦਿੱਤਾ ਉਸ ਬਾਰੇ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ 'ਪੰਥ ਪ੍ਰਕਾਸ਼' ਗ੍ਰੰਥ 'ਚ ਬਹੁਤ ਸੋਹਣਾ ਜ਼ਿਕਰ ਕੀਤਾ ਹੈ, ''ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸੈਣ ਪ੍ਰਵਾਰੇ। ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈ ਕੌਣ ਬਡਾਈ।'' ਕਾਜੀ ਵੱਲੋਂ ਸੁਣਾਏ ਹੁਕਮ ਅਨੁਸਾਰ ਦੋਵਾਂ ਪਿਉ-ਪੁੱਤਰਾਂ ਨੂੰ ਜ਼ਾਲਮਾਂ ਨੇ ਤਿੱਖੇ ਦੰਦਿਆਂ ਵਾਲੀਆਂ ਦੋ ਵੱਖ ਵੱਖ ਚਰਖੜੀਆਂ 'ਤੇ ਚਾੜ੍ਹ ਕੇ ਕਈ ਵਾਰ ਘੁਮਾਇਆ। ਪਿਉ-ਪੁੱਤਰ ਜ਼ਰਾ ਵੀ ਨਾ ਡੋਲੇ। ਦੋਵੇਂ ਨਿਰਭੈ ਯੋਧੇ ਅਕਾਲ ਅਕਾਲ ਦੇ ਜੈਕਾਰੇ ਛੱਡਦੇ ਅਤੇ ਵਾਹਿਗੁਰੂ ਦੇ ਸਿਮਰਨ ਕਰਦੇ ਰਹੇ:

ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ।
ਵਾਹਿਗੁਰੂ ਤਿਨ ਨਾਹਿ ਭੁਲਾਇਆ।

ਇਸ ਤਰ੍ਹਾਂ 1745 ਈਸਵੀ ਨੂੰ ਲਾਹੌਰ ਵਿੱਚ ਪਿਉ-ਪੁੱਤਰ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਬੇ-ਰਹਿਮੀ ਨਾਲ ਸ਼ਹੀਦ ਕੀਤਾ ਗਿਆ। ਇਸੇ ਲਾਹੌਰ ਦੀ ਧਰਤੀ 'ਤੇ ਉਬਲਦੀ ਦੇਗ 'ਚ ਬਹਿ ਕੇ, ਬੰਦ ਬੰਦ ਕਟਵਾ ਕੇ ਅਤੇ ਖੋਪੜੀਆਂ ਲੁਹਾ ਕੇ ਸ਼ਹੀਦ ਹੋਣ ਵਾਲੀ ਸ਼ਹੀਦੀ ਪਰੰਪਰਾ ਨੂੰ ਹੋਰ ਪਰਪੱਕ ਕਰ ਗਏ। ਪਿਉ-ਪੁੱਤਰ ਸ਼ਹੀਦ ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਦੀ ਲਾਸਾਨੀ ਸ਼ਹੀਦੀ ਨੂੰ ਰੋਜ਼ਾਨਾ ਸਿੱਖ ਅਰਦਾਸ ਵਿੱਚ, 'ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ' ਸਤਿਕਾਰਤ ਸ਼ਬਦਾਂ ਰਾਹੀਂ ਯਾਦ ਕੀਤਾ ਜਾਂਦਾ ਹੈ।

# ਕੀ ਪੋਲੋ ਖੇਡ ਦਾ ਹੋਲੇ ਮਹੱਲੇ ਵਿਚ ਕੋਈ ਮਹੱਤਵ ਹੈ?

**ਲਿਖਤ : ਡਾ. ਸ਼ੈਲੀ ਵਾਲੀਆ**



ਪਰੰਪਰਾਗਤ ਰੀਤਾਂ, ਜੋ ਸਭਿਆਚਾਰਕ ਪਛਾਣ ਅਤੇ ਭਾਈਚਾਰਕ ਸਾਂਝ ਨਾਲ ਗਹਿਰੇ ਰੂਪ ਵਿਚ ਜੁੜੀਆਂ ਹੁੰਦੀਆਂ ਹਨ, ਅੱਜ ਉੱਚ-ਵਰਗ ਦੇ ਵਿਹਾਰ ਅਤੇ ਕਾਰਪੋਰੇਟੀ ਲਾਲਚ ਕਾਰਨ ਨਿਰੰਤਰ ਖ਼ਤਰੇ ਵਿਚ ਹਨ। ਪਰੰਪਰਾਗਤ ਸਮਾਰੋਹ ਜੋ ਕਦੇ ਪਵਿੱਤਰ ਅਤੇ ਸਥਾਨਕ ਤੌਰ 'ਤੇ ਮਹੱਤਵਪੂਰਨ ਸਨ, ਹੁਣ ਸਿਰਫ਼ ਅਮੀਰਾਂ ਅਤੇ ਪ੍ਰਭਾਵਸ਼ਾਲੀ ਲੋਕਾਂ ਲਈ ਵਪਾਰਕ ਸਮਾਗਮਾਂ ਵਿਚ ਤਬਦੀਲ ਹੋ ਰਹੇ ਹਨ। ਉੱਚ-ਵਰਗੀ ਪ੍ਰਭਾਵ ਰਵਾਇਤੀ ਪ੍ਰਥਾਵਾਂ ਨੂੰ ਪੁਰਾਤਨ ਜਾਂ ਪੱਛੜਿਆ ਗਰਦਾਨ ਕੇ ਇਨ੍ਹਾਂ ਨੂੰ ਅਜਿਹੇ ਰੂਪ ਵਿਚ ਦੁਬਾਰਾ ਘੜ ਰਿਹਾ ਹੈ ਜੋ ਸਿਰਫ਼ ਇਕ ਖ਼ਾਸ ਵਰਗ ਨੂੰ ਪਸੰਦ ਆਉਣ, ਨਾ ਕਿ ਉਸ ਮੂਲ ਭਾਈਚਾਰੇ ਨੂੰ ਜਿਸ ਨੇ ਉਨ੍ਹਾਂ ਨੂੰ ਸਥਾਪਿਤ ਕੀਤਾ ਹੁੰਦਾ ਹੈ। ਇਹ ਲੋਕਾਂ ਨੂੰ ਨਾ ਸਿਰਫ਼ ਉਨ੍ਹਾਂ ਦੇ ਵਿਰਸੇ ਤੋਂ ਦੂਰ ਕਰਦਾ ਹੈ ਸਗੋਂ ਸਾਡੀਆਂ ਸਭਿਆਚਾਰਕ ਸਿਰਜਣਾਵਾਂ ਨੂੰ ਮੁਨਾਫ਼ੇ ਦੀਆਂ ਵਸਤੂਆਂ ਵਿਚ ਵੀ ਤਬਦੀਲ ਕਰਦਾ ਹੈ।

ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਜਸ਼ਨਾਂ ਦੌਰਾਨ ਪੋਲੋ ਖੇਡ ਨੂੰ ਸ਼ਾਮਲ ਕਰਨ ਦੇ ਪ੍ਰਸਤਾਵ ਨੇ ਸਿੱਖ ਭਾਈਚਾਰੇ ਵਿਚ ਡੂੰਘੀ ਚਰਚਾ ਅਤੇ ਚਿੰਤਾ ਨੂੰ ਜਨਮ ਦਿੱਤਾ ਹੈ। 14 ਮਾਰਚ ਨੂੰ, ਪੰਜਾਬ ਅਰੇਨਾ ਪੋਲੋ ਚੈਲੇਂਜ ਕੱਪ ਬਹੁਤ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ, ਜਿਸ ਨਾਲ ਇਹ ਹੋਲੇ ਮਹੱਲੇ ਦੇ ਮੁੱਖ ਸਮਾਗਮਾਂ ਵਿਚੋਂ ਇਕ ਬਣ ਗਿਆ।

ਇਹ ਸਮਝਣਾ ਜ਼ਰੂਰੀ ਹੈ ਕਿ ਆਨੰਦਪੁਰ ਸਾਹਿਬ ਕੇਵਲ ਇਕ ਇਤਿਹਾਸਕ ਸਥਾਨ ਹੀ ਨਹੀਂ ਹੈ; ਇਹ ਸਿੱਖ ਪਛਾਣ ਦਾ ਇਕ ਅਨਿੱਖੜਵਾਂ ਅੰਗ ਹੈ, ਜਿੱਥੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿਚ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਇਹ ਸਥਾਨ ਸਿੱਖਾਂ ਦੀ ਬਹਾਦਰੀ, ਕੁਰਬਾਨੀ ਅਤੇ ਫ਼ੌਜੀ ਪਰੰਪਰਾ ਦਾ ਪ੍ਰਤੀਕ ਹੈ। ਉਸ ਦੀਆਂ ਪ੍ਰੰਪਰਕ ਪ੍ਰਥਾਵਾਂ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨਾ ਅਤਿ ਦਰਜੇ ਦੀ ਅਸੰਵੇਦਨਸ਼ੀਲਤਾ ਹੈ ਅਤੇ ਇਹ ਤਿੰਨ ਸ਼ਤਾਬਦੀਆਂ ਤੋਂ ਚਲੀ ਆ ਰਹੀ ਪਰੰਪਰਾ ਨੂੰ ਗੰਭੀਰ ਰੂਪ ਵਿਚ ਨੁਕਸਾਨ ਪਹੁੰਚਾਉਣ ਵਾਲਾ ਹੈ। ਇਹ ਪ੍ਰਸਤਾਵ ਮਹਿਜ਼ ਗੰਭੀਰ ਵਿਸੰਗਤੀ ਹੀ ਨਹੀਂ ਹੈ ਸਗੋਂ ਵੱਡੀ ਗਲਤੀ ਹੈ ਜਿਹੜੀ ਸਮੁੱਚੇ ਰੂਪ ਵਿਚ ਸਾਡੀਆਂ ਪਰੰਪਰਕ ਖੇਡਾਂ ਅਤੇ ਧਾਰਮਿਕ ਉਤਸਵਾਂ ਦੀ ਪਵਿੱਤਰਤਾ ਨੂੰ ਨਸ਼ਟ ਕਰਦੀ ਹੈ।


ਅਜਿਹੀ ਤਬਦੀਲੀ ਨੂੰ ਸਵੀਕਾਰ ਕਰਨਾ ਸਿੱਖ ਵਿਰਾਸਤ ਤੇ ਖਾਲਸਾ ਪੰਥ ਦੇ ਸੰਕਲਪ ਨੂੰ ਮਿਟਾਉਣ ਦੇ ਬਰਾਬਰ ਹੋਵੇਗਾ। ਹੋਲੇ ਮਹੱਲੇ ਦੀਆਂ ਰਵਾਇਤੀ ਮਾਰਸ਼ਲ ਖੇਡਾਂ, ਜੋ ਸਮੂਹਿਕ ਦ੍ਰਿੜਤਾ, ਭਾਈਚਾਰਕ ਤਾਕਤ ਅਤੇ ਅਟੁੱਟ ਇਰਾਦੇ ਦਾ ਪ੍ਰਦਰਸ਼ਨ ਕਰਦੀਆਂ ਹਨ, ਗੁਰੂ ਜੀ ਦੀ ਵਿਰਾਸਤ ਦਾ ਜਿਉਂਦਾ ਜਾਗਦਾ ਪ੍ਰਮਾਣ ਹਨ। ਨਿਹੰਗ ਸਿੰਘ ਆਪਣੇ ਵਿਲੱਖਣ ਨੀਲੇ ਪਹਿਰਾਵੇ ਵਿਚ ਗੱਤਕਾ, ਤਲਵਾਰਬਾਜ਼ੀ, ਤੰਬੂ ਲਾਉਣਾ, ਤੀਰਅੰਦਾਜ਼ੀ ਅਤੇ ਹੋਰ ਪੇਂਡੂ ਖੇਡਾਂ ਵਿਚ ਬੇਮਿਸਾਲ ਲੜਾਈ ਦੇ ਹੁਨਰ ਅਤੇ ਮੁਹਾਰਤ ਦਾ ਪ੍ਰਦਰਸ਼ਨ ਕਰਦੇ ਹਨ। ਇਨ੍ਹਾਂ ਵਿਚ ਨਿਡਰ ਘੋੜਸਵਾਰੀ ਅਤੇ ਦੋ-ਦੌੜਦੇ ਘੋੜਿਆਂ 'ਤੇ ਖੜ੍ਹੇ ਹੋਣ ਵਰਗੇ ਸ਼ਾਨਦਾਰ ਕਰਤੱਬ ਵੀ ਸ਼ਾਮਲ ਹਨ। ਇਹ ਪ੍ਰਦਰਸ਼ਨ ਸਿਰਫ਼ ਖੇਡਾਂ ਨਹੀਂ ਹਨ ਸਗੋਂ ਸਿੱਖ ਬਹਾਦਰੀ ਦੀ ਪਰੰਪਰਾ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਸਿਖਾਏ ਗਏ ਅਨੁਸ਼ਾਸਨ, ਪਛਾਣ ਅਤੇ ਹਿੰਮਤ ਦਾ ਜੀਵੰਤ ਚਿੱਤਰਣ ਹਨ। ਇਹ ਤਿਉਹਾਰ, ਜਿਸ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਕੀਤੀ ਸੀ, ਸਿੱਖਾਂ ਦੁਆਰਾ ਮੁਗਲ ਸਾਮਰਾਜ ਵਰਗੀਆਂ ਦਮਨਕਾਰੀ ਸ਼ਕਤੀਆਂ ਵਿਰੁੱਧ ਬਹਾਦਰੀ ਨਾਲ ਲੜੀਆਂ ਗਈਆਂ ਲੜਾਈਆਂ ਦੀ ਯਾਦ ਦਿਵਾਉਂਦਾ ਹੈ।

ਪੋਲੋ ਖੇਡ ਨੂੰ ਸ਼ਾਮਲ ਕਰਨ 'ਤੇ ਇਕ ਵੱਡਾ ਇਤਰਾਜ਼ ਇਹ ਹੈ ਕਿ ਇਹ ਸਾਦਗੀ ਅਤੇ ਸਮਾਵੇਸ਼ ਦੇ ਸਿੱਖ ਸਿਧਾਂਤਾਂ ਤੋਂ ਭਟਕਾਉਂਦਾ ਹੈ। ਸਿੱਖ ਧਰਮ ਨਿਰਪੱਖਤਾ, ਸਵੈ-ਸੰਜਮ ਅਤੇ ਸਮੂਹ ਸਾਂਝ ਦੀਆਂ ਕਦਰਾਂ-ਕੀਮਤਾਂ 'ਤੇ ਅਧਾਰਿਤ ਹੈ। ਹੋਲਾ ਮਹੱਲਾ ਦੀਆਂ ਰਵਾਇਤੀ ਖੇਡਾਂ ਇਨ੍ਹਾਂ ਕਦਰਾਂ-ਕੀਮਤਾਂ ਦੇ ਅਨੁਸਾਰ ਹਨ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਦੀਆਂ ਹਨ। ਇਸ ਦੇ ਉਲਟ, ਪੋਲੋ ਖੇਡ ਨੂੰ ਆਮ ਤੌਰ 'ਤੇ ਕੁਲੀਨ ਵਰਗ ਨਾਲ ਜੋੜਿਆ ਜਾਂਦਾ ਹੈ, ਜਿਸ ਨਾਲ ਭਾਈਚਾਰੇ ਦੇ ਅੰਦਰ ਵੰਡ ਦੀ ਭਾਵਨਾ ਪੈਦਾ ਹੋ ਸਕਦੀ ਹੈ। ਰਵਾਇਤੀ ਪੇਂਡੂ ਖੇਡਾਂ ਤੋਂ ਲੈ ਕੇ ਉੱਚ ਪੱਧਰੀ ਖੇਡਾਂ ਤੱਕ ਦੀ ਤਬਦੀਲੀ ਨਾਲ ਸੰਗਤ ਦਾ ਇਕ ਵੱਡਾ ਹਿੱਸਾ ਅਲੱਗ-ਥਲੱਗ ਪੈ ਸਕਦਾ ਹੈ ਜੋ ਆਨੰਦਪੁਰ ਸਾਹਿਬ ਆਪਣੀ ਵਿਰਾਸਤ ਨਾਲ ਫਿਰ ਤੋਂ ਜੁੜਨ ਲਈ ਆਉਂਦੇ ਹਨ। ਇਸ ਤੋਂ ਇਲਾਵਾ, ਪੋਲੋ ਲਈ ਵਿਸ਼ੇਸ਼ ਘੋੜੇ, ਮਹਿੰਗੇ ਉਪਕਰਣ ਅਤੇ ਸਮਰਪਿਤ ਖੇਡਾਂ ਦੇ ਮੈਦਾਨਾਂ ਦੀ ਲੋੜ ਹੁੰਦੀ ਹੈ, ਜੋ ਕਿ ਵਿਹਾਰਕ ਨਹੀਂ ਹੈ। ਆਨੰਦਪੁਰ ਸਾਹਿਬ ਵਿਖੇ ਸਕੂਲ ਦੇ ਮੈਦਾਨ ਨੂੰ ਪੋਲੋ ਦੀ ਮੇਜ਼ਬਾਨੀ ਲਈ ਆਪਣੇ ਕਬਜ਼ੇ ਵਿਚ ਲੈਣ ਨਾਲ ਉਹ ਵਰਤੋਂ ਯੋਗ ਨਹੀਂ ਰਹਿਣਗੇ ਕਿਉਂਕਿ ਘੋੜਿਆਂ ਦੇ ਦੌੜਨ ਨਾਲ ਜ਼ਮੀਨ ਨੂੰ ਨੁਕਸਾਨ ਹੋਵੇਗਾ। ਵਰਤਮਾਨ ਵਿਚ ਇਸ ਤਿਉਹਾਰ ਵਿਚ ਵੱਖ-ਵੱਖ ਪਿਛੋਕੜਾਂ ਦੇ ਹਜ਼ਾਰਾਂ ਸਿੱਖ ਰਵਾਇਤੀ ਘੋੜਸਵਾਰੀ ਅਤੇ ਮਾਰਸ਼ਲ ਆਰਟਸ ਦਾ ਪ੍ਰਦਰਸ਼ਨ ਕਰਦੇ ਹਨ। ਪੋਲੋ ਨੂੰ ਸ਼ਾਮਲ ਕਰਨ ਨਾਲ ਸਿਰਫ਼ ਅਮੀਰਾਂ ਦੀ ਭਾਗੀਦਾਰੀ ਵਧੇਗੀ, ਜਿਸ ਨਾਲ ਇਸ ਭਾਈਚਾਰਕ ਸਮਾਗਮ ਦੀ ਸਾਂਝ ਦੀ ਪ੍ਰਵਿਰਤੀ ਪ੍ਰਭਾਵਿਤ ਹੋਵੇਗੀ। ਪਵਿੱਤਰ ਸਥਾਨਾਂ ਦਾ ਅਜਿਹਾ ਵਪਾਰੀਕਰਨ ਸਿੱਖ ਪਛਾਣ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ।

ਇਸ ਬਦਲਾਅ ਬਾਰੇ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਇਸ ਨਾਲ ਇਸ ਪਵਿੱਤਰ ਤਿਉਹਾਰ ਦਾ ਵਪਾਰੀਕਰਨ ਹੋ ਸਕਦਾ ਹੈ। ਪੋਲੋ ਵਰਗੀ ਖੇਡ ਨੂੰ ਸ਼ਾਮਲ ਕਰਨ ਨਾਲ ਕਾਰਪੋਰੇਟ ਸਪਾਂਸਰਸ਼ਿਪ, ਟਿਕਟ-ਅਧਾਰਤ ਸਮਾਗਮਾਂ ਅਤੇ ਇਸ ਦੇ ਅਧਿਆਤਮਕ ਸਭਿਆਚਾਰਕ ਮਹੱਤਵ ਦੇ ਨੁਕਸਾਨ ਦਾ ਜੋਖ਼ਮ ਵੱਧ ਜਾਂਦਾ ਹੈ। ਸਮੇਂ ਦੇ ਨਾਲ, ਇਸ ਦਾ ਧਿਆਨ ਸਿੱਖ ਬਹਾਦਰੀ ਅਤੇ ਰਵਾਇਤੀ ਮਾਰਸ਼ਲ ਆਰਟਸ ਦੇ ਜਸ਼ਨ ਤੋਂ ਬਦਲ ਕੇ ਇਕ ਆਧੁਨਿਕ, ਵਪਾਰਕ ਤਮਾਸ਼ੇ ਵੱਲ ਹੋ ਸਕਦਾ ਹੈ। ਇਹ ਨਾ ਸਿਰਫ਼ ਗੁਰੂ ਗੋਬਿੰਦ ਸਿੰਘ ਦੀ ਵਿਰਾਸਤ ਨਾਲ ਵਿਸ਼ਵਾਸਘਾਤ ਹੋਵੇਗਾ ਸਗੋਂ ਇਸ ਤਿਉਹਾਰ ਦੀਆਂ ਭਾਈਚਾਰਕ ਕਦਰਾਂ-ਕੀਮਤਾਂ ਨੂੰ ਵੀ ਕਮਜ਼ੋਰ ਕਰੇਗਾ।

ਇਤਿਹਾਸ ਦਰਸਾਉਂਦਾ ਹੈ ਕਿ ਆਨੰਦਪੁਰ ਸਾਹਿਬ ਵਿਚ ਪੋਲੋ ਖੇਡ ਨੂੰ ਸ਼ਾਮਲ ਕਰਨਾ ਅਣਉਚਿਤ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿੱਤੀ ਗਈ ਯੁੱਧ ਦੀ ਸਿਖਲਾਈ ਮਨੋਰੰਜਨ ਜਾਂ ਆਰਾਮ ਲਈ ਨਹੀਂ ਸੀ ਸਗੋਂ ਸਿੱਖਾਂ ਨੂੰ ਆਪਣੇ ਧਰਮ ਅਤੇ ਸਮਾਜ ਦੀ ਰੱਖਿਆ ਲਈ ਤਿਆਰ ਕਰਨ ਲਈ ਸੀ। ਹੋਲੇ ਮਹੱਲੇ ਦੀਆਂ ਖੇਡਾਂ ਅਤੇ ਯੁੱਧ-ਯੰਤਰ ਸਿਰਫ਼ ਖੇਡਾਂ ਨਹੀਂ ਹਨ ਸਗੋਂ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਇਕ ਸ਼ਰਧਾਂਜਲੀ ਹਨ। ਅਜਿਹੇ ਪਵਿੱਤਰ ਸਮਾਗਮ ਵਿਚ ਪੋਲੋ ਖੇਡ ਨੂੰ ਤਰਜੀਹ ਦੇਣ ਨਾਲ ਇਸ ਦੀ ਇਤਿਹਾਸਕ ਮਹੱਤਤਾ ਘੱਟ ਸਕਦੀ ਹੈ। ਪਵਿੱਤਰ ਪਰੰਪਰਾਵਾਂ ਦਾ ਵਪਾਰੀਕਰਨ ਉਨ੍ਹਾਂ ਦੇ ਸਭਿਆਚਾਰਕ ਮਹੱਤਵ ਅਤੇ ਅਧਿਆਤਮਕਤਾ ਨੂੰ ਘਟਾਉਂਦਾ ਹੈ।

ਸਾਡੀ ਵਿਰਾਸਤ ਦੀ ਪਰੰਪਰਾ ਨੂੰ ਸੁਰੱਖਿਅਤ ਕਰਨ ਲਈ ਪਰੰਪਰਕ ਰੀਤੀ-ਰਿਵਾਜਾਂ ਦਾ ਜ਼ਿੰਮੇਵਾਰੀ ਨਾਲ ਪਾਲਣ ਕਰਨਾ ਜ਼ਰੂਰੀ ਹੈ ਤਾਂ ਕਿ ਉਹਨਾਂ ਦੇ ਸਭਿਆਚਾਰਕ ਮਹੱਤਵ ਨੂੰ ਨਸ਼ਟ ਕਰਨ ਵਾਲੀਆਂ ਅਰਥਹੀਣ ਤਬਦੀਲੀਆਂ ਨੂੰ ਰੋਕਿਆ ਜਾ ਸਕੇ। ਸਰਕਾਰਾਂ ਅਤੇ ਸਭਿਆਚਾਰਕ ਸੰਗਠਨਾਂ ਨੂੰ ਅਜਿਹੀਆਂ ਨੀਤੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ ਜੋ ਪਵਿੱਤਰ ਪ੍ਰਥਾਵਾਂ ਨੂੰ ਵਪਾਰੀਕਰਨ ਤੋਂ ਬਚਾਉਣ। ਸਿੱਖ ਭਾਈਚਾਰੇ ਨੂੰ ਇਸ ਗੱਲੋਂ ਵੀ ਸੁਚੇਤ ਰਹਿਣਾ ਪਵੇਗਾ ਕਿ ਹੋਲੇ ਮਹੱਲੇ ਦੀ ਉਹ ਭਾਵਨਾ ਬਰਕਰਾਰ ਰਹੇ ਜੋ ਆਪਣੇ ਅਮੀਰ ਇਤਿਹਾਸ ਦੀ ਗਵਾਹੀ ਦੇ ਰੂਪ ਵਿਚ ਕਾਰਜ ਕਰੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਮੁੱਲਾਂ ਪ੍ਰਤੀ ਅਟੁੱਟ ਪ੍ਰਤੀਬੱਧਤਾ ਨੂੰ ਬਣਾਈ ਰੱਖੇ।




**ਲਿਖਤ : ਸੁਖਜੀਤ ਸਿੰਘ ਵਿਰਕ**
**ਸੰਪਰਕ: 98158-97878**

ਚਾਰ ਦਹਾਕੇ ਹੋ ਗਏ ਨੇ... ਜਦੋਂ ਵੀ ਉਸ ਸੜਕ ਤੋਂ ਲੰਘਣ ਲੱਗਿਆਂ ਪਿੰਡ ਕੋਠੇ ਬੇਹ ਵਾਲੇ... ਕੋਟਕਪੂਰਾ... ਚਾਰ ਕਿਲੋਮੀਟਰ ਦਾ ਬੋਰਡ ਦੇਖਦਾ ਹਾਂ ਤਾਂ ਹਰ ਵਾਰ ਮੇਰੀ ਗੱਡੀ ਦੀ ਰਫ਼ਤਾਰ ਜ਼ਰਾ ਸਹਿਜ ਹੋ ਜਾਂਦੀ ਹੈ। ਚਾਰ ਕੁ ਕਿੱਲੇ ਦੂਰ ਲਹਿ-ਲਹਾਉਂਦੀ ਫਸਲ ਵਿੱਚ ਖੜ੍ਹੇ ਜਾਮਣ ਦੇ ਰੁੱਖ ਨੂੰ ਹਸਰਤ ਭਰੀਆਂ ਅੱਖਾਂ ਨਾਲ ਨੀਝ ਲਾ ਕੇ ਦੇਖਦਾ ਹਾਂ ਤਾਂ ਰੂਹ ਖਿੜ ਉਠਦੀ ਹੈ... ਘਰ ਭਾਵੇਂ ਨਹੀਂ ਰਿਹਾ ਪਰ ਤੂੰ ਤਾਂ ਹੈਗੈਂ... ਸਕੂਨ ਨਾਲ ਤੱਕਦਾ-ਤੱਕਦਾ ਮਨੋ-ਮਨੀ ਉਸ ਨਾਲ ਗੱਲਾਂ ਕਰਦਾ ਅੱਗੇ ਵਧ ਜਾਂਦਾ ਹਾਂ। ਬਚਪਨ ਵਿੱਚ ਥੋੜ੍ਹੀ ਸੁਰਤ ਸੰਭਾਲੀ ਹੀ ਸੀ ਕਿ ਇੱਕ ਦਿਨ ਪਿਤਾ ਜੀ ਨੇ ਲਾਡ ਲਡਾਉਂਦਿਆਂ ਦੱਸਿਆ ਕਿ ਇਹ ਜਾਮਣ ਦਾ ਬੂਟਾ ਤੇਰੇ ਜਨਮ ਵਾਲੇ ਦਿਨ ਲਾਇਆ ਸੀ... ਹੈਂਅ... ਫਿਰ ਤਾਂ ਇਹ ਮੇਰਾ ਜਾਮਣ ਹੋਇਆ... ਮੈਂ ਭੱਜ ਕੇ ਜਾਮਣ ਨੂੰ ਜੱਫੀ ਪਾ ਲਈ। ਚਾਈਂ-ਚਾਈਂ ਕੋਲ ਪਿਆ ਰੰਬਾ ਲੈ ਕੇ ਨਿੱਕੇ-ਨਿੱਕੇ ਹੱਥਾਂ ਨਾਲ ਗੁਡਾਈ ਕਰ ਕੇ ਖੱਗਾ ਪਾਣੀ ਨਾਲ ਭਰ ਦਿੱਤਾ ਅਤੇ ਹਰ ਰੋਜ਼ ਪਾਣੀ ਪਾ ਕੇ ਉਸ ਦੀ ਦੇਖ ਰੇਖ ਕਰਨੀ ਮੇਰਾ ਨਿੱਤਨੇਮ ਬਣ ਗਿਆ।

ਮੈਂ ਸੋਲਾਂ ਸਾਲਾਂ ਦਾ ਹੋ ਗਿਆ ਸਾਂ, ਜਾਮਣ ਵੀ ਵਧ-ਫੁੱਲ ਕੇ ਖੂਬ ਮਿੱਠਾ ਫਲ ਦੇਣ ਲੱਗ ਪਿਆ ਸੀ। ਸਾਰਾ ਪਰਿਵਾਰ ਫਲ ਦੇ ਨਾਲ-ਨਾਲ ਗਰਮੀਆਂ ਵਿੱਚ ਉਸ ਦੀ ਸੰਘਣੀ ਛਾਂ ਦਾ ਖੂਬ ਆਨੰਦ ਮਾਣਦਾ। ਪਿਤਾ ਜੀ ਅਤੇ ਵੱਡੇ ਭਰਾਵਾਂ ਨੇ ਕਿਧਰੇ ਹੋਰ ਵਧਾ ਕੇ ਜ਼ਮੀਨ ਲੈਣ ਵਾਸਤੇ ਜੱਦੀ ਜ਼ਮੀਨ ਦਾ ਤਬਾਦਲਾ ਸਿਰਸਾ (ਹਰਿਆਣਾ) ਵਿੱਚ ਕਰ ਲਿਆ। ਪਰਿਵਾਰ ਵਿੱਚ ਸਭ ਤੋਂ ਛੋਟਾ ਸਾਂ, ਬੋਲ ਵੀ ਨਾ ਸਕਿਆ। ਤਬਾਦਲਾ ਅਮਲ ਵਿੱਚ ਆਉਣ ਦਾ ਇੱਕ ਮਹੀਨੇ ਦਾ ਸਮਾਂ ਮੁਕੱਰਰ ਹੋਇਆ ਸੀ। ਜੰਮਣ ਭੋਇੰ ਖੁੱਸਦੀ ਜਾਣ ਕੇ ਮੈਂ ਅੰਤਾਂ ਦਾ ਦੁਖੀ ਅਤੇ ਮਾਯੂਸ ਸਾਂ। ਘਰ ਦੀਆਂ ਕੰਧਾਂ ਅਤੇ ਜਾਮਣ ਨੂੰ ਵਾਰ-ਵਾਰ ਚੁੰਮਦਿਆਂ, ਝੂਮਦੇ ਪੱਤਿਆਂ ਦੀ ਖੁਸ਼ਬੋ ਅਤੇ ਖੇਤਾਂ ਵਿੱਚੋਂ ਉਠਦੀ ਹੋਰ ਵੀ ਮਿੱਠੀ ਹੋ ਗਈ ਮਿੱਟੀ ਦੀ ਮਹਿਕ ਵਿੱਚ ਗੁਆਚਾ ਵਾਰ-ਵਾਰ ਘੁੰਮਦਾ ਮੈਂ ਹਰ ਰੰਗ ਆਪਣੇ ਅੰਦਰ ਸਮੋਅ ਲੈਣਾ ਚਾਹੁੰਦਾ ਸਾਂ ਜੋ ਹਮੇਸ਼ਾ ਲਈ ਗੁਆਚ ਜਾਣਾ ਸੀ।

ਇੱਕ ਮਹੀਨਾ ਮੁੱਠੀ ਵਿੱਚ ਲਈ ਰੇਤ ਵਾਂਗ ਕਿਰਦਾ ਗਿਆ। ਸਮਾਨ ਨਾਲ ਲੱਦੇ ਟਰੱਕ ਵਿੱਚ ਭਾਵੇਂ ਅੱਗੇ ਸੀਟ ਖਾਲੀ ਸੀ ਪਰ ਮੈਂ ਪਿੱਛੇ ਚੜ੍ਹ ਕੇ ਪਿਛਾਂਹ ਵੱਲ ਮੂੰਹ ਕਰ ਕੇ ਬੈਠ ਗਿਆ। ਜਾਮਣ ਵੱਲ ਦੇਖਿਆ; ਜਾਪਿਆ... ਬਹੁਤ ਉਦਾਸ ਸੀ... ਉਸ ਦਾ ਕੋਈ ਵੀ ਟਹਿਣੀ-ਪੱਤਾ ਨਹੀਂ ਹਿੱਲ ਰਿਹਾ ਸੀ, ਜਿਵੇਂ ਮੈਨੂੰ ਕਹਿ ਰਿਹਾ ਹੋਵੇ... ਹੁਣ ਤੂੰ ਪਾਣੀ ਪਾਉਣ ਨਹੀਂ ਆਵੇਂਗਾ? ਫਲ ਤੋੜਨ ਲਈ ਮੇਰੇ ਉੱਤੇ ਨਹੀਂ ਚੜ੍ਹੇਂਗਾ?... ਉਹ ਮੇਰਾ ਹਾਣੀ ਸੀ। ਹੰਝੂ ਮੇਰੀਆਂ ਅੱਖਾਂ ਵਿੱਚ ਛੱਲਾਂ ਮਾਰ ਰਹੇ ਸਨ। ਟਰੱਕ ਅੱਗੇ ਵੱਲ ਵਧ ਰਿਹਾ ਸੀ, ਪਲ-ਪਲ ਦੂਰ ਹੋ ਰਹੇ ਬਾਗਵਾਨ ਨੂੰ ਕਲਾਵੇ ਵਿੱਚ ਲੈ ਕੇ ਨਾਲ ਲਿਜਾਣ ਲਈ ਮੇਰੀਆਂ ਬਾਹਾਂ ਹਵਾ ਵਿੱਚ ਖੁੱਲ੍ਹੀਆਂ ਹੋਈਆਂ ਸਨ, ਆਖ਼ਿਰ ਸਭ ਕੁਝ ਅੱਖਾਂ ਤੋਂ ਦੂਰ ਹੁੰਦਾ ਲੋਪ ਹੋ ਗਿਆ।

ਨਵੇਂ ਘਰ ਵਿੱਚ ਕਿੱਕਰਾਂ ਦੇ ਰੁੱਖ ਸਨ ਪਰ ਸਾਰਾ ਪਰਿਵਾਰ ਜਾਮਣ ਦੀ ਠੰਢੀ ਛਾਂ ਅਤੇ ਫਲ ਯਾਦ ਕਰਦਾ। ਮੈਂ ਪਹਿਲਾਂ ਸਿਰਸਾ ਕਾਲਜ, ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੜ੍ਹਿਆ ਅਤੇ ਪੁਲੀਸ ਵਿੱਚ ਅਫਸਰ ਵੀ ਬਣ ਗਿਆ ਪਰ ਲੰਮਾ ਸਮਾਂ ਬੀਤਣ ਦੇ ਬਾਵਜੂਦ ਜਾਮਣ ਦੀ ਯਾਦ ਮੱਧਮ ਪੈਣ ਦੀ ਬਜਾਇ ਹੋਰ ਤੀਬਰ ਹੁੰਦੀ ਗਈ। ਇੱਕ ਦਿਨ ਉਸੇ ਸੜਕ ਤੋਂ ਲੰਘਣ ਲੱਗਿਆਂ ਰਫ਼ਤਾਰ ਸਹਿਜ ਹੋਣ ਦੀ ਥਾਂ ਮੇਰੀ ਗੱਡੀ ਰੁਕ ਗਈ ਸੀ... ਖੇਤਾਂ ਵਿੱਚੋਂ ਲਹਿ-ਲਹਾਉਂਦੀਆਂ ਫਸਲਾਂ ਗਾਇਬ ਸਨ। ਜ਼ਮੀਨ 'ਤੇ ਉੱਚੀਆਂ-ਉੱਚੀਆਂ ਕੰਧਾਂ ਉਸਾਰੀਆਂ ਜਾ ਰਹੀਆਂ ਸਨ। ਕੰਧਾਂ ਵਿੱਚ ਘਿਰੇ ਜਾਮਣ ਵੱਲ ਤੱਕਦੇ ਹੋਏ ਕੁਝ ਲੋਕ ਕੋਈ ਰਾਇ-ਮਸ਼ਵਰਾ ਕਰ ਰਹੇ ਸਨ। ਮੈਂ ਉਥੇ ਕੰਮ ਕਰ ਰਹੇ ਮਜ਼ਦੂਰ ਤੋਂ ਉਤਸੁਕਤਾ ਨਾਲ ਜਾਨਣਾ ਚਾਹਿਆ ਤਾਂ ਉਹ ਬੋਲਿਆ, "ਇਹ ਜੀ ਜ਼ਮੀਨ ਦਾ ਨਵਾਂ ਮਾਲਕ ਐ... ਕਹਿੰਦੈ, ਜਾਮਣ ਇਮਾਰਤ ਦੀ ਉਸਾਰੀ ਵਿੱਚ ਅੜਿੱਕਾ ਬਣ ਰਿਹੈ... ਪੁੱਟਣਾ ਪੈਣੈ...?"

ਸੁਣ ਕੇ ਮੈਂ ਸੁੰਨ ਹੋ ਗਿਆ, ਧੁਰ ਅੰਦਰ ਤੱਕ ਕੰਬ ਗਿਆ... ਪੈਰਾਂ ਹੇਠ ਜ਼ਮੀਨ ਹਿੱਲ ਰਹੀ ਜਾਪੀ ਸੀ... ਅੱਖਾਂ ਵਿੱਚ ਹੰਝੂ ਛੱਲਾਂ ਮਾਰ ਰਹੇ ਸਨ... 'ਆ ਜਾ ਮੈਨੂੰ ਜੱਫੀ ਪਾ ਲੈ... ਮੈਨੂੰ ਚੁੰਮ ਲੈ... ਜਾਂਦੀ ਵਾਰੀ ਮੇਰੇ ਨਾਲ ਖੇਡ ਲੈ... ਮੈਂ ਤੇਰੀ ਜੰਮਣ ਭੋਇੰ ਦਾ ਜਾਮਣ... ਤੈਨੂੰ ਹੀ ਮਿਲਣ ਦੀ ਤਾਂਘ ਵਿੱਚ ਉਡੀਕ ਰਿਹਾ ਸਾਂ...।" ਬਹੁਤ ਉਦਾਸ ਖੜ੍ਹਾ ਉਹ ਜਿਵੇਂ ਮੈਨੂੰ ਆਵਾਜ਼ਾਂ ਮਾਰ ਰਿਹਾ ਸੀ... ਅੱਜ ਫਿਰ ਉਹਦੀਆਂ ਟਹਿਣੀਆਂ ਪੱਤੇ ਬੇ-ਹਰਕਤ ਸਨ... ਟੀਸੀ ਦੀਆਂ ਕਰੂੰਬਲਾਂ ਕੁਝ ਹਿੱਲ ਰਹੀਆਂ ਜਾਪਦੀਆਂ ਸਨ ਜਿਵੇਂ ਮੈਨੂੰ ਆਖ਼ਰੀ ਅਲਵਿਦਾ ਕਹਿ ਰਹੀਆਂ ਹੋਣ। ਪੁਲੀਸ ਅਫਸਰ ਵਜੋਂ ਸੈਂਕੜੇ ਲੋਕਾਂ ਦੇ ਹੱਕਾਂ ਹਿੱਤਾਂ ਦੀ ਰਾਖੀ ਕਰਨ ਵਾਲਾ ਮੈਂ ਲਾਚਾਰ ਹੋਇਆ ਦੇਖ ਰਿਹਾ ਸਾਂ ਜਿਵੇਂ ਕੋਈ ਮੈਨੂੰ ਮੇਰੀ ਜੰਮਣ ਭੋਇੰ ਵਿੱਚੋਂ ਪੁੱਟ ਕੇ ਬਾਹਰ ਸੁੱਟ ਰਿਹਾ ਹੋਵੇ।

# 1947 ਦੇ ਸੰਘਰਸ਼ ਦੀਆਂ
# ਗੁੰਮਨਾਮ ਵੀਰਾਂਗਣਾਵਾਂ

ਲਿਖਤ : ਡਾ. ਰਘਬੀਰ ਕੌਰ
ਸੰਪਰਕ: 94172-25365

ਭਾਰਤ ਦੀ ਆਜ਼ਾਦੀ ਲਈ ਬਰਤਾਨਵੀ ਸਾਮਰਾਜ ਵਿਰੁੱਧ ਚੱਲੀਆਂ ਅਨੇਕਾਂ ਮੁਕਤੀ ਲਹਿਰਾਂ ਵਿੱਚ ਔਰਤਾਂ ਦੇ ਪਾਏ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਜਦੋਂ ਅਸੀਂ ਔਰਤਾਂ ਦੇ ਯੋਗਦਾਨ ਦੀ ਗੱਲ ਕਰਦੇ ਹਾਂ ਤਾਂ ਪ੍ਰਤੱਖ ਤੌਰ 'ਤੇ ਇਤਿਹਾਸ ਦੇ ਪੰਨਿਆਂ 'ਤੇ ਤਾਂ ਬਹੁਤ ਘੱਟ ਔਰਤਾਂ ਦਾ ਜ਼ਿਕਰ ਮਿਲਦਾ ਹੈ ਪਰ ਅਪ੍ਰਤੱਖ ਤੌਰ 'ਤੇ ਸੈਂਕੜੇ ਅਜਿਹੀਆਂ ਔਰਤਾਂ ਹਨ ਜਿਨ੍ਹਾਂ ਦੇ ਪੁੱਤ, ਭਰਾ, ਪਤੀ ਜਾਂ ਬਾਪ ਤਾਂ ਆਪਣੇ ਦੇਸ਼ ਦੀ ਆਜ਼ਾਦੀ ਦੀ ਬਲੀ ਚੜ੍ਹ ਗਏ ਪਰ ਪਿੱਛੋਂ ਇਨ੍ਹਾਂ ਔਰਤਾਂ ਨਾਲ ਕੀ ਬੀਤੀ? ਇਸ ਬਾਰੇ ਅਜੇ ਇਤਿਹਾਸ ਦੇ ਪੰਨੇ ਤਾਂ ਕੋਰੇ ਹੀ ਹਨ। ਇੱਥੇ ਆਪਾਂ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੀਆਂ ਔਰਤਾਂ ਦੇ ਸੰਘਰਸ਼ੀ ਜੀਵਨ ਦੀ ਗਾਥਾ ਸਾਂਝੀ ਕਰ ਰਹੇ ਹਾਂ।


ਬੀਬੀ ਵਿਦਿਆਵਤੀ


ਬੀਬੀ ਹਰਨਾਮ ਕੌਰ


ਬੀਬੀ ਹੁਕਮ ਕੌਰ

**ਬੀਬੀ ਜੈ ਕੌਰ**
**(ਸ਼ਹੀਦ ਭਗਤ ਸਿੰਘ ਦੇ ਦਾਦੀ ਜੀ)**

ਬੀਬੀ ਜੈ ਕੌਰ ਮਹਾਨ ਦੇਸ਼ ਭਗਤ ਸ. ਅਰਜਨ ਸਿੰਘ ਦੀ ਪਤਨੀ ਸੀ। ਬੀਬੀ ਤਿੰਨ ਇਨਕਲਾਬੀ ਪੁੱਤਰਾਂ ਸ. ਕਿਸ਼ਨ ਸਿੰਘ, ਸ. ਅਜੀਤ ਸਿੰਘ ਅਤੇ ਸਵਰਨ ਸਿੰਘ ਦੀ ਮਾਂ ਸੀ। ਉਸ ਨੇ ਆਪਣੇ ਪਤੀ ਅਤੇ ਪੁੱਤਰਾਂ ਦੀਆਂ ਇਨਕਲਾਬੀ ਕਾਰਵਾਈਆਂ ਵਿੱਚ ਸੰਪੂਰਨ ਸਹਿਯੋਗ ਦਿੱਤਾ। ਇਨ੍ਹਾਂ ਦਾ ਘਰ ਅੰਗਰੇਜ਼ੀ ਹਕੂਮਤ ਦੇ ਕ੍ਰਾਂਤੀਕਾਰੀਆਂ ਦਾ ਟਿਕਾਣਾ ਬਣਿਆ ਰਿਹਾ। ਇਹ ਘਰ ਆਏ ਕ੍ਰਾਂਤੀਕਾਰੀਆਂ ਲਈ ਲੰਗਰ-ਪਾਣੀ, ਰਿਹਾਇਸ਼ ਅਤੇ ਸੁਰੱਖਿਆ ਦਾ ਪੂਰਾ ਧਿਆਨ ਰੱਖਦੇ ਸਨ। ਬੀਬੀ ਜੀ ਨੇ ਕ੍ਰਾਂਤੀਕਾਰੀਆਂ ਨੂੰ ਆਪਣੇ ਘਰ ਵਿੱਚ ਸਿਰਫ਼ ਪਨਾਹ ਹੀ ਨਹੀਂ ਦਿੱਤੀ ਸਗੋਂ ਹਕੂਮਤ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਆਡੰਬਰ ਵੀ ਰਚੇ। ਉਨ੍ਹਾਂ ਦੇ ਪੁੱਤਰ ਸ. ਅਜੀਤ ਸਿੰਘ ਨੇ 'ਭਾਰਤ ਮਾਤਾ ਸੁਸਾਇਟੀ' ਬਣਾਈ ਤੇ ਪੰਜਾਬ ਦੇ 'ਨਿਊ ਕਲੋਨੀ ਬਿੱਲ' ਵਿਰੁੱਧ ਅੰਦੋਲਨ ਆਰੰਭ ਕਰ ਦਿੱਤਾ। ਇਨ੍ਹਾਂ ਦੇ ਸਾਥੀ, ਇਨ੍ਹਾਂ ਦਾ ਭਰਾ ਸ. ਕਿਸ਼ਨ ਸਿੰਘ ਅਤੇ ਸੂਫੀ ਅੰਬਾ ਪ੍ਰਸਾਦ ਸਨ। ਵੀਰੇਂਦਰ ਸੰਧੂ ਲਿਖਦੇ ਹਨ ਕਿ ਇੱਕ ਵਾਰ ਇਨਕਲਾਬੀ ਸਾਹਿਤ ਛਾਪਣ ਦੇ ਜੁਰਮ ਵਿੱਚ ਪੁਲੀਸ ਇਨ੍ਹਾਂ ਦੇ ਘਰ ਸ. ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸਾਦ ਨੂੰ ਗ੍ਰਿਫ਼ਤਾਰ ਕਰਨ ਆਈ। ਸੂਫੀ ਅੰਬਾ ਪ੍ਰਸਾਦ ਉਸ ਵੇਲੇ ਘਰ ਵਿੱਚ ਹੀ ਸਨ। ਇਨ੍ਹਾਂ ਨੂੰ ਬਚਾਉਣ ਲਈ ਬੀਬੀ ਜੈ ਕੌਰ ਦਰਵਾਜ਼ੇ 'ਤੇ ਪਹੁੰਚ ਕੇ ਪੁਲੀਸ ਦੇ ਆਉਣ ਦਾ ਕਾਰਨ ਪੁੱਛਣ ਲੱਗੀ। ਅਫ਼ਸਰ ਨੇ ਗ੍ਰਿਫ਼ਤਾਰੀ ਦੀ ਗੱਲ ਛੁਪਾਈ ਤੇ ਕਿਹਾ...'ਅਸੀਂ ਘਰ ਦੀ ਤਲਾਸ਼ੀ ਲੈਣੀ ਹੈ।' ਬੀਬੀ ਨੇ ਕਿਹਾ, 'ਤੁਹਾਨੂੰ ਸਰਕਾਰ ਨੇ ਤਲਾਸ਼ੀ ਲੈਣ ਲਈ ਕਿਹਾ ਹੈ ਤਾਂ ਜ਼ਰੂਰ ਲਵੋ ਪਰ ਤੁਸੀਂ ਵੀ ਧੀਆਂ-ਭੈਣਾਂ ਵਾਲੇ ਖਾਨਦਾਨੀ ਹੋ, ਇਸ ਲਈ ਪਰਦੇ ਵਾਲੀਆਂ ਇਸਤਰੀਆਂ ਨੂੰ ਘਰੋਂ ਬਾਹਰ ਨਿਕਲ ਜਾਣ ਦਿਓ।' ਅਫ਼ਸਰ ਮੰਨ ਗਿਆ ਤੇ ਪਰਦੇ ਵਾਲੀਆਂ ਔਰਤਾਂ ਦੇ ਨਾਲ ਸੂਫੀ ਅੰਬਾ ਪ੍ਰਸਾਦ ਵੀ ਘਰੋਂ ਗਾਇਬ ਹੋ ਗਏ। ਅਜਿਹੀ ਦਲੇਰ ਸੀ ਬੀਬੀ ਜੈ ਕੌਰ।

**ਬੀਬੀ ਵਿਦਿਆਵਤੀ**
**(ਸ਼ਹੀਦ ਭਗਤ ਸਿੰਘ ਦੀ ਮਾਤਾ)**

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਮਾਤਾ ਜੀ ਦਾ ਨਾਮ ਵਿਦਿਆਵਤੀ ਹੈ। ਬੀਬੀ ਵਿਦਿਆਵਤੀ ਦਾ ਵਿਆਹ ਸ. ਕਿਸ਼ਨ ਸਿੰਘ ਨਾਲ ਹੋਇਆ ਸੀ। ਮਾਤਾ ਵਿਦਿਆਵਤੀ ਨੇ ਚਾਰ ਪੁੱਤਰਾਂ ਅਤੇ ਤਿੰਨ ਧੀਆਂ ਨੂੰ ਜਨਮ ਦਿੱਤਾ। ਇਨ੍ਹਾਂ ਦੇ ਪਲੇਠੇ ਪੁੱਤਰ ਜਗਤ ਸਿੰਘ ਦੀ 11 ਸਾਲ ਦੀ ਉਮਰ ਵਿੱਚ ਬਿਮਾਰੀ ਕਾਰਨ ਮੌਤ ਹੋ ਗਈ ਸੀ। ਉਸ ਤੋਂ ਛੋਟੇ ਪੁੱਤਰ ਭਗਤ ਸਿੰਘ ਨੂੰ 23 ਸਾਲ ਦੀ ਉਮਰ ਵਿੱਚ ਅੰਗਰੇਜ਼ੀ ਹਕੂਮਤ ਵੱਲੋਂ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਦੇ ਦੋ ਛੋਟੇ ਪੁੱਤਰਾਂ ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਨੂੰ ਕਈ ਸਾਲ ਜੇਲ੍ਹਾਂ ਵਿੱਚ ਤਸੀਹੇ ਝੱਲਣੇ ਪਏ। ਬੀਬੀ ਜੀ ਦੀਆਂ ਤਿੰਨ ਧੀਆਂ ਬੀਬੀ ਅਮਰ ਕੌਰ, ਬੀਬੀ ਸੁਮਿੱਤਰਾ ਉਰਫ਼ ਪ੍ਰਕਾਸ਼ ਕੌਰ ਅਤੇ ਬੀਬੀ ਸ਼ਕੁੰਤਲਾ ਸਨ। ਇਨ੍ਹਾਂ ਤਿੰਨਾਂ ਭੈਣਾਂ ਵਿੱਚੋਂ ਬੀਬੀ ਅਮਰ ਕੌਰ ਸਾਰੀ ਉਮਰ ਕ੍ਰਾਂਤੀਕਾਰੀ ਸਰਗਰਮੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੀ ਰਹੀ।

ਹਕੂਮਤ ਨੇ ਇਸ ਪਰਿਵਾਰ 'ਤੇ ਬਹੁਤ ਜ਼ੁਲਮ ਢਾਹੇ। ਬੀਬੀ ਦੇ ਇੱਕ ਦਿਓਰ ਸ. ਅਜੀਤ ਸਿੰਘ (ਚਾਚਾ ਅਜੀਤ ਸਿੰਘ) ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਦੂਜੇ ਦਿਓਰ ਸਵਰਨ ਸਿੰਘ ਦੀ ਜੇਲ੍ਹ ਕਰਮਚਾਰੀਆਂ ਦੇ ਮਾੜੇ ਵਿਵਹਾਰ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਟੀਬੀ ਦੀ ਬਿਮਾਰੀ ਕਾਰਨ ਮੌਤ ਹੋ ਗਈ। ਬੀਬੀ ਨੂੰ ਅਜਿਹੇ ਕਠੋਰ ਹਾਲਾਤ ਨੇ ਹਿੰਮਤੀ ਤੇ ਦਲੇਰ ਬਣਾ ਦਿੱਤਾ। ਭਗਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਦੋਵਾਂ ਭਰਾਵਾਂ ਨੂੰ ਪੁਲੀਸ ਨੇ ਸ਼ਾਹੀ ਕੈਦੀ ਬਣਾ ਕੇ ਮਿੰਟਗੁਮਰੀ ਜੇਲ੍ਹ ਵਿੱਚ ਬੰਦ ਕਰ ਦਿੱਤਾ। 1929 ਵਿੱਚ ਸ. ਹਜ਼ਾਰਾ ਸਿੰਘ ਮੁਡੇਰ ਜ਼ਿਲ੍ਹਾ ਜਲੰਧਰ, ਬੱਬਰ ਅਕਾਲੀ ਅਤੇ ਉਨ੍ਹਾਂ ਦੇ ਸਾਥੀ ਉਸੇ ਜੇਲ੍ਹ ਵਿੱਚ ਪੈਰੀਂ ਬੇੜੀਆਂ ਲਾ ਕੇ ਕੋਠੜੀਆਂ ਵਿੱਚ ਬੰਦ ਕੀਤੇ ਹੋਏ ਸਨ। ਉਨ੍ਹਾਂ ਨਿਧੜਕ ਸੂਰਮਿਆਂ ਨੇ ਸਖ਼ਤ ਪਹਿਰੇ ਦੇ ਬਾਵਜੂਦ 75 ਫੁੱਟ ਦੀ ਲੰਬੀ ਸੁਰੰਗ ਲਾ ਕੇ ਉੱਥੋਂ ਭੱਜਣ ਦਾ ਯਤਨ ਕੀਤਾ ਪਰ ਸਫਲ ਨਾ ਹੋਏ। ਉਨ੍ਹਾਂ ਨੂੰ ਵਾਪਸ ਜੇਲ੍ਹ ਵਿੱਚ ਲਿਆ ਕੇ ਅਣਗਿਣਤ ਬੈਂਤ ਮਾਰੇ ਗਏ, ਕੈਦਾਂ ਵਧਾਈਆਂ ਗਈਆਂ, ਉਨ੍ਹਾਂ ਨੂੰ ਮੁੜ ਕੋਠੜੀਆਂ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਨਾਲ ਭੈੜੇ ਵਤੀਰੇ ਕਾਰਨ ਸ. ਕੁਲਬੀਰ ਸਿੰਘ ਤੇ ਸ. ਕੁਲਤਾਰ ਸਿੰਘ ਨੇ ਉਨ੍ਹਾਂ ਨਾਲ ਹਮਦਰਦੀ ਵਜੋਂ ਭੁੱਖ ਹੜਤਾਲ ਕਰ ਦਿੱਤੀ। ਭੁੱਖ ਹੜਤਾਲ ਦੀ ਖ਼ਬਰ ਜਦੋਂ ਲਾਹੌਰ ਪੁੱਜੀ ਤਾਂ ਜਨਤਾ ਨੇ ਰੋਸ ਜਲਸਾ ਕੀਤਾ। ਜਿਸ ਵਿੱਚ ਸ਼ਹੀਦ ਭਗਤ ਸਿੰਘ ਦੀ ਮਾਤਾ ਨੇ ਜ਼ਾਲਮ ਫ਼ਰੰਗੀ ਸਰਕਾਰ ਨੂੰ ਲਲਕਾਰ ਕੇ ਕਿਹਾ ਸੀ, 'ਤੁਸੀਂ ਮੇਰੇ ਪਤੀ ਨੂੰ ਜੇਲ੍ਹਾਂ ਵਿੱਚ ਰੱਖਿਆ, ਮੇਰੇ ਦਿਓਰ ਸਵਰਨ ਸਿੰਘ ਨੂੰ ਤਪਦਿਕ ਦਾ ਮਰੀਜ਼ ਬਣਾ ਕੇ ਜੇਲ੍ਹ ਵਿੱਚੋਂ ਛੱਡਿਆ, ਮੇਰੇ ਦਿਓਰ ਅਜੀਤ ਸਿੰਘ ਨੂੰ ਦੇਸ਼ ਨਿਕਾਲੇ ਲਈ ਮਜਬੂਰ ਕੀਤਾ, ਮੇਰੇ ਲਾਲ ਭਗਤ ਸਿੰਘ ਨੂੰ ਫਾਂਸੀ ਚੜ੍ਹਾਇਆ, ਅੱਜ ਮੇਰੇ ਦੋ ਪੁੱਤਰ ਕੁਲਬੀਰ ਤੇ ਕੁਲਤਾਰ ਮਿੰਟਗੁਮਰੀ ਜੇਲ੍ਹ ਵਿੱਚ ਮੌਤ ਵਿੱਚ ਬਿਸਤਰੇ 'ਤੇ ਪਾ ਦਿੱਤੇ ਹਨ, ਉਹ ਭੁੱਖ ਹੜਤਾਲ 'ਤੇ ਹਨ। ਐ ਜ਼ਾਲਮੋਂ! ਮੇਰੇ ਦੋ ਪੁੱਤਰ ਹੋਰ ਬਾਹਰ ਹਨ, ਉਨ੍ਹਾਂ ਨੂੰ ਵੀ ਫੜ ਲਓ, ਤਾਂ ਜੋ ਮੈਂ ਆਪਣੇ ਸਰੀਰ ਦਾ ਠੀਕਰਾ ਬੇਫ਼ਿਕਰ ਹੋ ਕੇ ਫਿਰੰਗੀ ਦੇ ਸਿਰ ਭੰਨ ਕੇ, ਆਪਣੇ ਲਾਡਲੇ ਪੁੱਤਰ ਭਗਤ ਸਿੰਘ ਕੋਲ ਚਲੀ ਜਾਵਾਂ।'

ਕੁਝ ਦਿਨਾਂ ਪਿੱਛੋਂ ਮਾਤਾ ਜੀ ਮੁਲਾਕਾਤ ਵਾਸਤੇ ਮਿੰਟਗੁਮਰੀ ਪੁੱਜ ਗਏ ਪਰ ਸੁਪਰਡੈਂਟ ਨੇ ਮੁਲਾਕਾਤ ਕਰਾਉਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਆਖਿਆ, 'ਜਦ ਤੱਕ ਉਹ ਭੁੱਖ ਹੜਤਾਲ ਨਹੀਂ ਛੱਡਦੇ, ਤੱਦ ਤੱਕ ਮੁਲਾਕਾਤ ਨਹੀਂ ਹੋ ਸਕਦੀ।' ਅੱਗੋਂ ਮਾਤਾ ਜੀ ਨੇ ਕਿਹਾ, 'ਮੈਂ ਤਾਂ ਮੁਲਾਕਾਤ ਕਰਕੇ ਹੀ ਜਾਵਾਂਗੀ।' ਸੁਪਰਡੈਂਟ ਨੇ ਉੱਤਰ ਦਿੱਤਾ, 'ਮਾਤਾ ਜੀ ਮੇਰਾ ਬੱਚਾ ਬਿਮਾਰ ਹੈ, ਮੈਨੂੰ ਤੰਗ ਨਾ ਕਰੋ।' ਅੱਗੋਂ ਮਾਤਾ ਜੀ ਬੋਲੇ, 'ਤੇਰਾ ਨਿੱਕਾ ਜਿਹਾ ਬੱਚਾ ਬਿਮਾਰ ਹੈ ਤੇ ਤੈਨੂੰ ਰਾਤ ਭਰ ਨੀਂਦ ਨਹੀਂ ਆਈ, ਪਰੰਤੂ ਮੇਰੇ ਸ਼ੇਰਾਂ ਵਰਗੇ ਨੌਜਵਾਨ ਪੁੱਤਰ ਮੌਤ ਦੇ ਮੰਜੇ 'ਤੇ ਪਏ ਹਨ, ਤੈਨੂੰ ਕੀ ਪਤਾ ਮੇਰੇ ਮਨ ਦੀ ਕੀ ਹਾਲਤ ਹੈ?' ਇਸ 'ਤੇ ਵੀ ਸਰਦਾਰ ਬਹਾਦਰ ਦੇ ਮਨ 'ਤੇ ਕੋਈ ਅਸਰ ਨਾ ਹੋਇਆ। ਮਾਤਾ ਜੀ ਨੇ ਸ਼ਹਿਰ ਜਾ ਕੇ ਇੱਕ ਭਾਰੀ ਜਲਸੇ ਵਿੱਚ ਅਜਿਹੇ ਦਰਦਨਾਕ ਸ਼ਬਦਾਂ ਵਿੱਚ ਜਨਤਾ ਨੂੰ ਭੁੱਖ ਹੜਤਾਲ ਦਾ ਹਾਲ ਦੱਸਿਆ ਕਿ ਲੋਕਾਂ ਵਿੱਚ ਜੋਸ਼ ਭਰ ਗਿਆ। ਕੁਲਬੀਰ ਸਿੰਘ ਜ਼ਿੰਦਾਬਾਦ, ਕੁਲਤਾਰ ਸਿੰਘ ਜ਼ਿੰਦਾਬਾਦ, ਭਗਤ ਸਿੰਘ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਲੋਕਾਂ ਨੇ ਜੇਲ੍ਹ ਵੱਲ ਚਾਲੇ ਪਾ ਦਿੱਤੇ। ਜਦੋਂ ਉਹ ਜਲੂਸ ਜੇਲ੍ਹ ਦੇ ਅੱਗੇ ਪਹੁੰਚਿਆ ਤਾਂ ਸੁਪਰਡੈਂਟ ਜੇਲ੍ਹ ਨੇ ਹਜੂਮ ਕੋਲ ਪਹੁੰਚ ਕੇ, ਮਾਤਾ ਜੀ ਪਾਸੋਂ ਮੁਆਫ਼ੀ ਮੰਗੀ ਅਤੇ ਆਖਿਆ, 'ਮੈਂ ਕੁਲਬੀਰ ਸਿੰਘ ਨੂੰ ਲਾਹੌਰ ਹਸਪਤਾਲ ਵਿੱਚ ਭੇਜ ਦਿਆਂਗਾ ਕਿਉਂਕਿ ਉਸ ਦੀ ਹਾਲਤ ਠੀਕ ਨਹੀਂ ਹੈ।' ਫੇਰ ਮਾਤਾ ਜੀ ਰੋਜ਼ ਲਾਹੌਰ ਮੇਓ ਹਸਪਤਾਲ ਵਿੱਚ ਆ ਕੇ ਆਪਣੇ ਪੁੱਤਰ ਨੂੰ ਮਿਲਦੇ ਰਹੇ।

ਬੀਬੀ ਵਿਦਿਆਵਤੀ ਨੂੰ ਆਪਣੇ ਪੁੱਤਰ ਭਗਤ ਸਿੰਘ ਦੇ ਫਾਂਸੀ ਤੋਂ ਪਹਿਲਾਂ ਆਖ਼ਰੀ ਦਰਸ਼ਨ ਵੀ ਨਸੀਬ ਨਾ ਹੋਏ ਕਿਉਂਕਿ ਹਕੂਮਤ ਨੇ ਫਾਂਸੀ ਦੀ ਤਰੀਕ 24 ਮਾਰਚ ਸਵੇਰੇ 7 ਵਜੇ ਦੱਸ ਕੇ 23 ਦੀ ਸ਼ਾਮ ਨੂੰ ਹੀ ਫਾਂਸੀ ਦੇ ਦਿੱਤੀ ਸੀ। ਫਿਰ ਇੱਕ ਲੰਮੇ ਅਰਸੇ ਬਾਅਦ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਸ. ਭਗਤ ਸਿੰਘ ਦੀ ਯਾਦ ਵਿੱਚ ਇੱਕ ਮਿਊਜ਼ੀਅਮ ਬਣਾਇਆ ਗਿਆ। ਆਪਣੇ ਪੁੱਤਰ ਨੂੰ ਇੱਕ ਬੁੱਤ ਦੇ ਰੂਪ ਵਿੱਚ ਅਤੇ ਉਸ ਦੇ ਲਹੂ ਭਿੱਜੇ ਕੱਪੜਿਆਂ ਨੂੰ ਵੇਖ ਕੇ ਮਾਂ ਦੇ ਮਨ 'ਤੇ ਕੀ ਬੀਤੀ ਹੋਵੇਗੀ? ਕਿਵੇਂ ਸਹਾਰਿਆਂ ਹੋਵੇਗਾ ਉਸ ਨੇ ਇਹ ਸਾਰਾ ਦਰਦ? ਪਰ ਇਸ ਸੂਰਮੇ ਪੁੱਤਰ ਦੀ ਮਾਂ ਹੌਸਲਾ ਕਰਕੇ ਹਰ ਉਸ ਜਲਸੇ, ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੁੰਦੀ ਰਹੀ ਜੋ ਅੰਗਰੇਜ਼ੀ ਹਕੂਮਤ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹੁੰਦਾ ਸੀ। ਬੀਬੀ ਜੀ ਦੀ ਉਮਰ ਦੇ ਆਖ਼ਰੀ ਸਾਲ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ 'ਪੰਜਾਬ ਮਾਤਾ' ਦੇ ਖ਼ਿਤਾਬ ਨਾਲ ਨਿਵਾਜਿਆ। 1 ਜੂਨ 1975 ਨੂੰ ਉਹ ਸਾਡੇ ਕੋਲੋਂ ਵਿੱਛੜ ਗਏ।

**ਬੀਬੀ ਹਰਨਾਮ ਕੌਰ**
**(ਸ਼ਹੀਦ ਭਗਤ ਸਿੰਘ ਦੇ ਚਾਚੀ ਜੀ)**

ਬੀਬੀ ਹਰਨਾਮ ਕੌਰ ਬਚਪਨ ਵਿੱਚ ਹੀ ਯਤੀਮ ਹੋ ਗਈ। ਉਸ ਨੂੰ ਧਨਪਤ ਰਾਏ ਵਕੀਲ ਨੇ ਪਾਲਿਆ ਸੀ। 1903 ਵਿੱਚ ਬੀਬੀ ਦਾ ਵਿਆਹ ਸ. ਅਜੀਤ ਸਿੰਘ ਨਾਲ ਹੋਇਆ। ਵਿਆਹ ਤੋਂ ਤਿੰਨ-ਚਾਰ ਸਾਲ ਬਾਅਦ ਹੀ ਉਸ ਦਾ ਪਤੀ ਰਾਜਸੀ ਤੌਰ 'ਤੇ ਸਰਗਰਮ ਹੋ ਗਿਆ ਅਤੇ ਉਹ ਵਧੇਰੇ ਕਰ ਕੇ ਘਰੋਂ ਬਾਹਰ ਹੀ ਰਹਿੰਦਾ ਸੀ। 1907 ਵਿੱਚ 'ਪਗੜੀ ਸੰਭਾਲ ਜੱਟਾ' ਲਹਿਰ ਦੀ ਅਗਵਾਈ ਕਰਨ ਕਾਰਨ ਉਸ ਦੇ ਵਾਰੰਟ ਜਾਰੀ ਹੋ ਗਏ ਤੇ ਉਹ ਰੂਪੋਸ਼ ਹੋ ਗਿਆ। ਸਰਕਾਰ ਨੇ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕਰ ਦਿੱਤੇ। ਸੱਜ ਵਿਆਹੀ ਬੀਬੀ 'ਤੇ ਦੁੱਖਾਂ ਦੇ ਪਹਾੜ ਟੁੱਟ ਪਏ। ਪਤੀ ਦੇ ਸਾਥ ਤੋਂ ਵਿਹੂਣੀ, ਸੋਚਾਂ ਵਿੱਚ ਡੁੱਬੀ ਨੂੰ ਅੱਗੇ ਪਿੱਛੇ ਕੋਈ ਆਸਰਾ ਦਿਖਾਈ ਨਾ ਦਿੰਦਾ। ਉਦੋਂ ਉਸ ਘਰ ਵਿੱਚ ਇੱਕੋ ਆਸ ਦਾ ਚਿਰਾਗ ਸੀ ਡੇਢ-ਦੋ ਸਾਲਾ ਬਾਲ ਭਗਤ ਸਿੰਘ। ਬੀਬੀ ਨੇ ਆਪਣਾ ਸਾਰਾ ਧਿਆਨ ਭਗਤ ਸਿੰਘ ਨੂੰ ਪਾਲਣ, ਖਿਡਾਉਣ ਤੇ ਪੜ੍ਹਾਉਣ ਵੱਲ ਲਗਾ ਦਿੱਤਾ। ਛੋਟੀ ਉਮਰ ਵਿੱਚ ਹੀ ਭਗਤ ਸਿੰਘ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਕੁੱਦ ਪਿਆ ਤੇ ਹਕੂਮਤ ਨੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਬੀਬੀ ਹਰਨਾਮ ਕੌਰ ਦਾ ਪਤੀ ਸ. ਅਜੀਤ ਸਿੰਘ ਪੂਰੇ 40 ਸਾਲ ਬਾਅਦ ਰਿਹਾਅ ਹੋ ਕੇ ਘਰ ਪਰਤਿਆ ਤਾਂ ਉਹ ਜ਼ਿੰਦਗੀ ਦੀ ਆਖ਼ਰੀ ਮੰਜ਼ਿਲ 'ਤੇ ਸੀ ਤੇ ਕੁਝ ਮਹੀਨਿਆਂ ਬਾਅਦ ਹੀ ਉਸ ਦੀ ਮੌਤ ਹੋ ਗਈ। ਗਿਣਤੀ ਪੱਖੋਂ ਤਾਂ ਬੀਬੀ ਜੀ ਨੇ ਵਿਆਹੁਤਾ ਜੀਵਨ ਦੇ 44 ਸਾਲ ਬਤੀਤ ਕੀਤੇ ਹਨ ਪਰ ਹਕੀਕਤ ਵਿੱਚ ਤਾਂ ਚਾਰ ਸਾਲਾਂ ਵਿੱਚੋਂ ਵੀ ਗਿਣਤੀ ਦੇ ਦਿਨ ਹੀ ਉਹ ਪਤੀ-ਪਤਨੀ ਇਕੱਠੇ ਰਹੇ ਹੋਣਗੇ। ਉਹ ਮਾਂ ਨਾ ਬਣ ਸਕੀ, ਸਾਰੀ ਉਮਰ ਪਤੀ ਦੀ ਉਡੀਕ ਦੀ ਆਸ ਵਿੱਚ ਹੀ ਨਿਕਲ ਗਈ ਤੇ ਆਖ਼ਰੀ ਉਮਰ ਵਿੱਚ ਉਹ ਵਿਧਵਾ ਹੋ ਗਈ।


**ਬੀਬੀ ਹੁਕਮ ਕੌਰ**
**(ਸ਼ਹੀਦ ਭਗਤ ਸਿੰਘ ਦੇ ਚਾਚੀ ਜੀ)**

ਬੀਬੀ ਹੁਕਮ ਕੌਰ ਦਾ ਵਿਆਹ ਸ. ਸਵਰਨ ਸਿੰਘ ਨਾਲ ਹੋਇਆ ਸੀ। ਸ. ਸਵਰਨ ਸਿੰਘ ਵੀ ਆਪਣੇ ਵੱਡੇ ਭਰਾ ਸ. ਅਜੀਤ ਸਿੰਘ ਨਾਲ 'ਭਾਰਤ ਮਾਤਾ ਸੁਸਾਇਟੀ' ਵਿੱਚ ਅਤੇ ਅੰਗਰੇਜ਼ਾਂ ਵਿਰੁੱਧ ਸਾਹਿਤ ਛਾਪਣ ਵਿੱਚ ਸਰਗਰਮ ਰਹੇ। ਹਕੂਮਤ ਨੇ ਇਨ੍ਹਾਂ ਨੂੰ ਬਗਾਵਤ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰਕੇ ਬਹੁਤ ਤਸ਼ੱਦਦ ਕੀਤਾ। ਜੇਲ੍ਹ ਵਿਚਲੇ ਤਸ਼ੱਦਦ ਕਾਰਨ ਉਨ੍ਹਾਂ ਨੂੰ ਤਪਦਿਕ ਹੋ ਗਿਆ ਤੇ 23 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਬੀਬੀ ਹੁਕਮ ਕੌਰ ਬਹੁਤ ਛੋਟੀ ਉਮਰ ਵਿੱਚ ਵਿਧਵਾ ਹੋ ਗਈ। ਉਹ ਇਸ ਪਰਿਵਾਰ ਦੀ ਸਾਰਿਆਂ ਤੋਂ ਛੋਟੀ ਨੂੰਹ ਸੀ ਜੋ ਸਭ ਤੋਂ ਪਹਿਲਾ ਵਿਧਵਾ ਹੋ ਗਈ। ਇਸ ਪਰਿਵਾਰ ਵਿੱਚੋਂ ਸ਼ਹੀਦਾਂ ਦੀ ਕਤਾਰ ਵਿੱਚ ਨਾਮ ਦਰਜ ਕਰਾਉਣ ਦੀ ਪਹਿਲ ਬੀਬੀ ਹੁਕਮ ਕੌਰ ਦੇ ਪਤੀ ਸ. ਸਵਰਨ ਸਿੰਘ ਦੇ ਹਿੱਸੇ ਆਈ।

# ਵਿੱਦਿਆ ਦੇ ਤੇਜ਼ੀ ਨਾਲ ਬਦਲ ਰਹੇ ਮਾਅਨੇ

ਲਿਖਤ : ਵੀਰਪਾਲ ਕੌਰ ਮਾਨ ਪਿੰਡ : ਗੁਰੂਸਰ (ਤਲਵੰਡੀ ਸਾਬੋ)।

ਜਿਵੇਂ ਜ਼ਿੰਦਗੀ ਨੂੰ ਜਿਊਣ ਲਈ ਭੋਜਨ ਦੀ ਲੋੜ ਪੈਂਦੀ ਹੈ, ਉਵੇਂ ਹੀ ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਿੱਖਿਆ ਦੀ ਲੋੜ ਪੈਂਦੀ ਹੈ। ਜੇ ਇਹ ਕਹਿ ਦੇਈਏ ਕਿ ਸਿੱਖਿਆ ਬਿਨਾਂ ਸਾਡੀ ਜ਼ਿੰਦਗੀ ਅਧੂਰੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਸਿੱਖਿਆ ਅਸੀਂ ਬਚਪਨ ਵਿਚ ਮਾਤਾ-ਪਿਤਾ, ਭੈਣਾਂ-ਭਰਾਵਾਂ ਜਾਂ ਹੋਰ ਪਰਿਵਾਰਕ ਮੈਂਬਰਾਂ ਤੋਂ ਪ੍ਰਾਪਤ ਕਰਦੇ ਹਾਂ। ਇਸ ਤੋਂ ਬਾਅਦ ਸਕੂਲ, ਕਾਲਜ ਤੇ ਯੂਨੀਵਰਸਿਟੀ ਤੋਂ ਆਪਣੇ ਅਧਿਆਪਕ ਸਹਿਬਾਨ ਤੋਂ ਪ੍ਰਾਪਤ ਕਰਦੇ ਹਾਂ। ਗੁਜ਼ਰੇ ਜ਼ਮਾਨੇ ਵਿਚ ਸਿਆਣੇ ਕਹਿੰਦੇ ਹੁੰਦੇ ਸਨ ਕਿ ਪੜ੍ਹ ਲਵੋ, ਨਹੀਂ ਤਾਂ ਕਿਸੇ ਨੇ ਇਹ ਨਹੀਂ ਦੱਸਣਾ ਕਿ ਬੱਸ ਕਿੱਧਰ ਨੂੰ ਜਾ ਰਹੀ ਹੈ। ਉਹ 16 ਆਨੇ ਸੱਚ ਆਖਦੇ ਸਨ। ਇਸ ਲਈ ਹਰੇਕ ਨਾਗਰਿਕ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਤ੍ਰਾਸਦੀ ਇਹ ਵੀ ਹੈ ਕਿ ਅੱਜ ਦੇ ਸਮੇਂ ਵਿਚ ਪੜ੍ਹਾਈ ਸਿਰਫ਼ ਨੌਕਰੀ ਲੈਣ ਲਈ ਕੀਤੀ ਜਾਂਦੀ ਹੈ। ਪਹਿਲਾਂ ਬਾਰ੍ਹਵੀਂ ਕਰਨ ਤੋਂ ਬਾਅਦ ਬੜਾ ਚਾਅ ਹੁੰਦਾ ਸੀ ਕਿ ਕਾਲਜ ਵਿਚ ਪੜ੍ਹਨ ਲੱਗਾਂਗੇ। ਫਿਰ ਹੋਰ ਉਚੇਰੀ ਪੜ੍ਹਾਈ ਵੀ ਚਾਅ ਨਾਲ ਕੀਤੀ ਜਾਂਦੀ ਸੀ। ਇੰਨਾ ਸਭ ਪੜ੍ਹ ਕੇ ਜ਼ਿੰਦਗੀ ਜਿਊਣ ਦਾ ਤਰੀਕਾ ਆ ਜਾਂਦਾ ਸੀ, ਚਾਹੇ ਨੌਕਰੀ ਨਾ ਵੀ ਮਿਲਦੀ ਪਰ ਲੋਕ ਆਪਣਾ ਕੋਈ ਬਿਜ਼ਨਸ ਸ਼ੁਰੂ ਕਰ ਲੈਂਦੇ ਜਾਂ ਆਪਣੀ ਖੇਤੀ ਨੂੰ ਹੀ ਚੰਗੀ ਤਰ੍ਹਾਂ ਸੰਭਾਲ ਲੈਂਦੇ ਸਨ। ਪਰ ਅੱਜ-ਕੱਲ੍ਹ ਨੌਕਰੀਆਂ ਲਈ ਅੰਨ੍ਹੀ ਦੌੜ ਲੱਗੀ ਹੋਈ ਹੈ। ਜ਼ਿਆਦਾਤਰ ਵਿਦਿਆਰਥੀ ਬਾਰ੍ਹਵੀਂ ਤੋਂ ਬਾਅਦ ਨੌਕਰੀ ਕਰਨ ਦਾ ਟੀਚਾ ਰੱਖਦੇ ਨੇ। ਇਸੇ ਆਸ ਵਿਚ ਉਹ ਵੱਧ ਤੋਂ ਵੱਧ ਡਿਗਰੀ ਕਰ ਲੈਂਦੇ ਹਨ। ਫਿਰ ਟੈਸਟਾਂ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਥਾਂ-ਥਾਂ ਕੋਚਿੰਗ ਸੈਂਟਰ ਖੁੱਲ੍ਹੇ ਹੋਏ ਹਨ। ਰੱਟੇ ਲਗਵਾਉਣ ਨੂੰ ਕੀ ਤੁਸੀਂ ਸਿੱਖਿਆ ਮੰਨਦੇ ਹੋ? ਪਹਿਲਾਂ ਜਿਸ ਅਸਾਮੀ ਲਈ ਜਿੰਨੀ ਤਨਖਾਹ ਮਿਲਦੀ ਸੀ, ਓਨੀ ਵਿਚ ਤਾਂ ਹੁਣ ਚਾਰ ਬੰਦੇ ਰੱਖੇ ਜਾਂਦੇ ਹਨ। ਹੁਣ ਨੌਕਰੀਆਂ 'ਤੇ ਰੱਖਣ ਦਾ ਤਰੀਕਾ ਵੀ ਬਦਲ ਗਿਆ ਹੈ। ਸਭ ਤੋਂ ਪਹਿਲਾਂ 'ਡੀ' ਗਰੁੱਪ ਦੀਆਂ ਪੋਸਟਾਂ ਆਉਂਦੀਆਂ ਹਨ। ਵੱਧ ਤੋਂ ਵੱਧ ਪੜ੍ਹੇ-ਲਿਖੇ ਇਨ੍ਹਾਂ ਪੋਸਟਾਂ ਲਈ ਅਰਜ਼ੀਆਂ ਦਿੰਦੇ ਹਨ। ਉਨ੍ਹਾਂ 'ਚੋਂ ਕਾਫ਼ੀ ਉਮੀਦਵਾਰਾਂ ਨੂੰ ਨੌਕਰੀ ਮਿਲ ਜਾਂਦੀ ਹੈ। ਫਿਰ ਪੋਸਟਾਂ ਆਉਂਦੀਆਂ 'ਸੀ' ਗਰੁੱਪ ਦੀਆਂ। ਜੋ 'ਡੀ' ਗਰੁੱਪ ਵਿਚ ਲੱਗੇ ਹੁੰਦੇ ਹਨ, ਉਹ ਇਨ੍ਹਾਂ ਅਸਾਮੀਆਂ ਲਈ ਫਾਰਮ ਭਰਦੇ ਹਨ ਤੇ ਟੈਸਟ ਪਾਸ ਕਰਦੇ ਹਨ। ਉਹ ਫਿਰ 'ਡੀ' ਗਰੁੱਪ ਵਾਲੀ ਪੋਸਟ ਛੱਡ ਕੇ 'ਸੀ' ਗਰੁੱਪ ਵਿਚ ਆ ਲੱਗਦੇ ਹਨ। ਇਹੀ ਕ੍ਰਮ ਅੱਗੇ ਤੋਂ ਅੱਗੇ ਵਧਦਾ ਰਹਿੰਦਾ ਹੈ। ਤ੍ਰਾਸਦੀ ਇਹ ਹੈ ਕਿ ਜਦੋਂ ਅਸੀਂ ਨੌਕਰੀ ਲਈ ਹੀ ਪੜ੍ਹਦੇ ਹਾਂ ਤਾਂ ਸਾਨੂੰ ਸਿਰਫ਼ ਨੌਕਰੀ ਹੀ ਦਿਸਦੀ ਹੈ, ਉਸ 'ਚ ਹੁੰਦਾ ਸ਼ੋਸ਼ਣ ਨਹੀਂ। ਜਿਵੇਂ ਅਧਿਆਪਕ ਪੜ੍ਹਾਉਣ ਲਈ ਰੱਖੇ ਜਾਂਦੇ ਹਨ ਪਰ ਉਨ੍ਹਾਂ ਤੋਂ ਕੰਮ ਮਰਦਮਸ਼ੁਮਾਰੀ, ਵੋਟਾਂ ਬਣਾਉਣ, ਵੋਟਾਂ ਪੁਆਉਣ ਦਾ ਲਿਆ ਜਾਂਦਾ ਹੈ ਤੇ ਹੋਰ ਪਤਾ ਨਹੀਂ ਏਦਾਂ ਦੇ ਕਿੰਨੇ ਹੀ ਕੰਮ ਕਰਾਏ ਜਾਂਦੇ ਹਨ। ਜਦੋਂ ਤੱਕ ਅਸੀਂ ਕੁਝ ਸਿੱਖਣ ਲਈ ਨਹੀਂ ਪੜ੍ਹਦੇ ਉਦੋਂ ਤੱਕ ਸਾਡਾ ਇੰਜ ਹੀ ਸ਼ੋਸ਼ਣ ਹੁੰਦਾ ਰਹੇਗਾ।



ਲਿਖਤ : ਸਵਰਨ ਸਿੰਘ ਭੰਗੂ
ਸੰਪਰਕ: 94174-69290

# ਸਾਰੇ ਰੰਗ



ਮੇਰੇ ਵਿੱਦਿਅਕ ਅਨੁਭਵ ਇਹੋ ਹਨ ਕਿ ਹਰ ਵਿਦਿਆਰਥੀ ਸੰਭਾਵਨਾਵਾਂ ਨਾਲ ਭਰਿਆ ਹੁੰਦਾ ਹੈ ਬਸ਼ਰਤੇ ਸਮੇਂ-ਸਮੇਂ 'ਤੇ ਵੱਡੇ ਉਸ ਦੀ ਪਹਿਰੇਦਾਰੀ ਕਰਦੇ ਰਹਿਣ, ਉਸ ਨੂੰ ਅੱਗੇ ਵਧਣ ਦਾ ਮੌਕਾ ਅਤੇ ਮਾਹੌਲ ਦਿੱਤਾ ਜਾਵੇ। ਜੇਕਰ ਉਸ ਨੂੰ ਸਿੱਖਿਆ ਦੀ ਵਡਿਆਈ ਦਾ ਅਹਿਸਾਸ ਕਰਾਇਆ ਜਾਵੇ, ਉਸ ਵੱਲ ਸੰਜੀਦਗੀ ਹੋਵੇ, ਜਗਿਆਸਾ ਹੋਵੇ, ਉਹ ਟੀਚਾ ਮਿੱਥ ਕੇ ਪੜ੍ਹੇ ਤਾਂ ਜ਼ਰੂਰ ਹੀ ਕਿਸੇ ਨਾ ਕਿਸੇ ਦਿਨ ਉਹ ਆਪਣੇ ਟੀਚੇ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਇਸ ਤੋਂ ਅੱਗੇ ਲੋੜੀਂਦੇ ਖਰਚਿਆਂ ਦੀ ਪੂਰਤੀ ਲਈ ਸਵੈਮਾਣ ਭਰਿਆ ਰੁਜ਼ਗਾਰ ਵੀ ਉਸ ਦਾ ਹਿੱਸਾ ਬਣਦਾ ਹੈ। ਇਸ ਤੋਂ ਵੀ ਹੋਰ ਅੱਗੇ ਜਦੋਂ ਵਿਆਹ-ਸ਼ਾਦੀ ਦਾ ਸਮਾਂ ਆਉਂਦਾ ਹੈ ਤਾਂ ਸਮਾਨ ਸਿੱਖਿਆ ਪ੍ਰਾਪਤ ਜੀਵਨ ਸਾਥ ਮਿਲਦਾ ਹੈ। ਸਾਡੇ ਦੁਆਲੇ ਯੋਗ ਜੋੜਿਆਂ ਦੀਆਂ ਅਜਿਹੀਆਂ ਅਨੇਕ ਮਿਸਾਲਾਂ ਹੁੰਦੀਆਂ ਹਨ। ਇਹ ਜੋੜ, ਆਮਦਨ ਦਾ ਸੋਮਾ ਵੀ ਬਣਦਾ ਹੈ। ਇਸ ਤੋਂ ਅਗਲਾ ਵਰਦਾਨ ਬੱਚਿਆਂ ਨੂੰ ਬਿਹਤਰ ਮਾਹੌਲ ਵਿੱਚ ਪਾਲਣਾ/ਪੜ੍ਹਾਉਣਾ ਸ਼ਾਮਿਲ ਹੁੰਦਾ ਹੈ, ਜੀਵਨ ਜਿਉਣ ਦੀਆਂ ਸਮੁੱਚੀਆਂ ਸਹੂਲਤਾਂ ਯਕੀਨੀ ਬਣਦੀਆਂ ਹਨ ਅਤੇ ਸਬੰਧਿਤ ਸ਼ਖ਼ਸ ਕਿਸੇ ਲੋੜਵੰਦ ਦੀ ਸਹਾਇਤਾ ਕਰਨ ਦੇ ਯੋਗ ਹੁੰਦਾ ਹੈ।

ਇਸ ਵਾਰਤਾ ਵਿਚਲਾ ਕਿਰਦਾਰ ਕੁਲਵਿੰਦਰ ਸਿੰਘ ਅੱਜ ਕੱਲ੍ਹ ਭਾਰਤ ਸੰਚਾਰ ਨਿਗਮ ਲਿਮਟਿਡ ਵਿੱਚ ਸਬ ਡਿਵੀਜ਼ਨਲ ਇੰਜਨੀਅਰ ਹੈ। ਪਹਿਲਾਂ ਪਹਿਲ ਉਹ ਬਹੁਤ ਸੰਗਾਊ ਰਿਹਾ ਪਰ ਸਾਹਿਤ ਰਸੀਆ ਹੋਣ ਕਰ ਕੇ ਹੁਣ ਉਹ ਖ਼ੁਦ ਰਚਨਾਵਾਂ ਸਿਰਜਦਾ ਹੈ, ਲੇਖਕ ਸੱਥਾਂ ਵਿੱਚ ਸ਼ਾਮਿਲ ਹੁੰਦਾ ਹੈ। ਉਹ ਸਾਹਿਤ ਸਭਾ ਬਹਿਰਾਮਪੁਰ ਬੇਟ (ਰੂਪਨਗਰ) ਦਾ ਪ੍ਰਭਾਵੀ ਮੈਂਬਰ ਹੈ। ਉਸ ਦੀ ਆਪਣੀ ਲਿਖਣ ਵਿਧਾ ਵੀ ਵਿਸ਼ੇਸ਼ ਹੈ। ਉਸ ਦੀ ਰਚਨਾ, ਪੜ੍ਹਨ ਵਾਲੇ ਦੇ ਮਨ ਵਿੱਚ ਅਕ੍ਰਿਤੀਆਂ ਸਿਰਜ ਦਿੰਦੀ ਹੈ। ਮੈਨੂੰ ਯਾਦ ਹੈ, ਮਈ 1994 ਵਿੱਚ ਜਦੋਂ ਸਿੱਖਿਆ ਦੇ ਹਿਤ ਵਿੱਚ ਅਸੀਂ 'ਚੇਤਨਾ ਮੰਚ ਸ੍ਰੀ ਚਮਕੌਰ ਸਾਹਿਬ' ਦੁਆਰਾ ਸਰਗਰਮੀਆਂ ਕਰਦੇ ਸਾਂ ਤਾਂ ਸਾਡੇ ਕੋਲ ਉਸ ਸਮੇਂ ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਯਾਦਗਾਰੀ ਕਾਲਜ ਬੇਲਾ ਦੇ ਪ੍ਰਿੰਸੀਪਲ ਬਾਵਾ ਸਿੰਘ ਵਤਨੀ ਅਤੇ ਫਿਜ਼ਿਕਸ ਲੈਕਚਰਾਰ ਸੁਰਿੰਦਰ ਸਿੰਘ ਬਾਜਵਾ ਆਏ ਸਨ। ਉਸ ਸਮੇਂ ਇੰਜਨੀਅਰਿੰਗ ਕਾਲਜਾਂ ਵਿੱਚ ਪ੍ਰਵੇਸ਼ ਪ੍ਰੀਖਿਆ ਦੁਆਰਾ ਲਏ ਦਾਖਲੇ ਨੂੰ ਬਹੁਤ ਅਹਿਮ ਮੰਨਿਆ ਜਾਂਦਾ ਸੀ। ਪ੍ਰਿੰਸੀਪਲ ਵਤਨੀ ਦੀ ਅਗਵਾਈ ਵਿੱਚ ਲਾਈ ਜਾਂਦੀ ਵਿਸ਼ੇਸ਼ 'ਸਾਂਝੀ ਇੰਜਨੀਅਰਿੰਗ ਪ੍ਰਵੇਸ਼ ਪ੍ਰੀਖਿਆ ਵਰਕਸ਼ਾਪ' ਦੁਆਰਾ ਹਰ ਸਾਲ ਪੇਂਡੂ ਇਲਾਕੇ ਦੇ ਦਰਜਨਾਂ ਵਿਦਿਆਰਥੀ ਵਕਾਰੀ ਇੰਜਨੀਅਰਿੰਗ ਕਾਲਜਾਂ ਵਿੱਚ ਦਾਖਲਾ ਲਿਆ ਕਰਦੇ ਸਨ। ਉਨ੍ਹਾਂ ਸਾਨੂੰ ਕਿਹਾ ਸੀ ਕਿ ਤੁਸੀਂ ਲੋੜਵੰਦ ਪਰਿਵਾਰ ਦੇ ਇਸ ਵਿਦਿਆਰਥੀ ਦੀ ਸਹਾਇਤਾ ਕਰੋ। ਜਦੋਂ ਸਾਡੇ ਪੜਤਾਲੀਆ ਮੈਂਬਰਾਂ ਦੀ ਅੱਖ ਨੇ ਸਹੀ ਪਾਈ ਤਾਂ ਅਸੀਂ ਇਸ ਵਿਦਿਆਰਥੀ ਦੀ ਹਰ ਸੰਭਵ ਸਹਾਇਤਾ ਕਰਨ ਦਾ ਫੈਸਲਾ ਕਰ ਲਿਆ। ਅਸੀਂ ਉਸ ਲਈ ਕੀ ਕੀਤਾ ਸੀ, ਕਿੰਨਾ ਕੁ ਕੀਤਾ ਸੀ, ਭੁੱਲ ਵੀ ਗਏ ਸਾਂ ਪਰ ਜਦੋਂ ਵੀ ਅਸੀਂ ਉਸ ਨੂੰ ਦੇਖਦੇ ਹਾਂ, ਯਾਦ ਕਰਦੇ ਹਾਂ ਤਾਂ ਸਵੈਮਾਣ ਨਾਲ ਭਰੇ-ਭਰੇ ਰਹਿੰਦੇ ਹਾਂ। ਹਥਲੇ ਲੇਖ ਦੇ ਤੱਥ ਲੈਣ ਲਈ ਇੱਕ ਦਿਨ ਪੁੱਛਿਆ- "ਕੁਲਵਿੰਦਰ ਜੀ, ਤੁਹਾਡੀ ਡਿਗਰੀ ਦੌਰਾਨ ਅਸੀਂ ਕਿੰਨੀ ਕੁ ਸਹਾਇਤਾ ਕੀਤੀ ਸੀ?" ਜਵਾਬ ਸੀ- "ਬੇਅੰਤ ਸਰ।" ਮੇਰਾ ਅਗਲਾ ਸਵਾਲ ਸੀ, "ਤੁਹਾਡੀ ਸ਼ਖ਼ਸੀਅਤ ਦੇ ਰੰਗਾਂ ਵਿੱਚ ਸਾਡਾ ਯੋਗਦਾਨ ਕਿੰਨਾ ਕੁ ਹੈ?"

"ਸਾਰੇ ਰੰਗ ਤੁਹਾਡੇ ਹੀ ਨੇ ਸਰ।"

ਉਸ ਦੇ ਇਨ੍ਹਾਂ ਸੰਖੇਪ ਉੱਤਰਾਂ ਵਿੱਚ ਮੇਰਾ ਅਤੇ ਮੇਰੇ ਸਹਿਯੋਗੀਆਂ ਦਾ ਮੌਖਿਕ ਮਾਣ ਕਰ ਦਿੱਤਾ ਸੀ, ਉਸ ਦੇ ਇਹ ਬੋਲ ਸਾਡੇ ਲਈ ਵੀ 'ਬੇਅੰਤ' ਸਨ। ਇੱਕ/ਦੂਜੇ ਪ੍ਰਤੀ ਮਾਨਵੀ ਪਹੁੰਚ ਹੋਣ ਕਾਰਨ ਹੁਣ ਅਸੀਂ ਆਪਣੇਪਣ ਦੇ ਮਜ਼ਬੂਤ ਪੁਲ 'ਤੇ ਰੋਜ਼ ਮਿਲਦੇ ਹਾਂ। ਉਸ ਨੇ ਦੱਸਿਆ ਸੀ ਕਿ ਸਕੂਲ ਸਿੱਖਿਆ ਸਮੇਂ ਉਸ ਦੇ ਪਰਿਵਾਰ ਦੀ ਵਿਤੀ ਹਾਲਤ ਡਾਵਾਂਡੋਲ ਸੀ, ਫੀਸ ਲੇਟ ਹੁੰਦੀ, ਲੇਖਾ ਸ਼ਾਖਾ ਅਪਮਾਨ ਕਰਦੀ। ਅਜਿਹਾ ਹੋਣ ਕਾਰਨ +2 ਦੀ ਸਿੱਖਿਆ ਛੱਡ ਕੇ ਉਹ ਘਰ ਬੈਠ ਗਿਆ। ਥੋੜ੍ਹੀ ਜ਼ਮੀਨ ਸੀ, ਪਿਤਾ ਦਾ ਸਹਿਯੋਗੀ ਬਣ ਗਿਆ।

ਜਦੋਂ ਉਸ ਦੇ ਸਿੱਖਿਆ ਤੋਂ ਉਪਰਾਮ ਹੋ ਜਾਣ ਦੇ ਇਸ ਫੈਸਲੇ ਦਾ ਕਾਲਜ ਦੇ ਜਿਹੜੇ ਅਧਿਆਪਕਾਂ ਨੂੰ ਉਸ ਅੰਦਰ ਛੁਪੀ 'ਪ੍ਰਤਿਭਾ' ਦਾ ਅਹਿਸਾਸ ਹੋ ਚੁੱਕਾ ਸੀ, ਉਹ ਉਸ ਦੇ ਘਰ ਪਹੁੰਚ ਗਏ। ਉਸ ਸਮੇਂ +1 ਅਤੇ +2 ਕਲਾਸਾਂ, ਕਾਲਜਾਂ ਵਿੱਚ ਵੀ ਪੜ੍ਹਾਈਆਂ ਜਾਂਦੀਆਂ ਸਨ। ਉਸ ਨੂੰ ਪ੍ਰੇਰ ਕੇ ਅਤੇ ਸਹਾਇਤਾ ਦਾ ਵਾਅਦਾ ਕਰ ਕੇ ਵਾਪਸ ਲੈ ਆਏ ਸਨ। 1994 ਵਿੱਚ 74 ਫੀਸਦੀ ਅੰਕ ਲੈ ਕੇ ਉਹ +2 ਕਰ ਗਿਆ। ਪ੍ਰਿੰਸੀਪਲ ਵਤਨੀ ਗਣਿਤ ਦੇ ਗਿਆਤਾ ਸਨ ਜੋ ਉਸ ਸਮੇਂ ਹੋਰ ਵਿਸ਼ਿਆਂ ਦੇ ਮਾਹਿਰ ਸਟਾਫ ਦੇ ਸਹਿਯੋਗ ਨਾਲ ਕਾਲਜ ਵਿੱਚ ਹੀ 'ਸਾਂਝੀ ਪ੍ਰਵੇਸ਼ ਪ੍ਰੀਖਿਆ ਤਿਆਰੀ ਵਰਕਸ਼ਾਪ' ਲਾਉਂਦੇ ਸਨ। ਇਸ ਵਰਕਸ਼ਾਪ ਦੇ ਫਲ ਵਜੋਂ ਇਹ ਵਿਦਿਆਰਥੀ ਵੀ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਦਾ ਬੂਹਾ ਖੋਲ੍ਹਣ ਵਿੱਚ ਸਫਲ ਹੋ ਗਿਆ ਸੀ। 1999 ਵਿੱਚ ਉਹ ਇਲੈਕਟ੍ਰੌਨਿਕਸ ਅਤੇ ਇਲੈਕਟ੍ਰੀਕਲ ਕਮਿਊਨੀਕੇਸ਼ਨ ਦੀ ਡਿਗਰੀ ਕਰ ਗਿਆ ਸੀ। ਬਾਅਦ ਵਿੱਚ ਉਹਨੇ ਸਾਡੀ ਸਿੱਖਿਆ ਸੰਸਥਾ ਵਿੱਚ ਵੀ ਪੜ੍ਹਾਇਆ, ਫਿਰ ਇੱਕ ਪੋਲੀਟੈਕਨਿਕ ਕਾਲਜ ਵਿੱਚ ਪੜ੍ਹਾਇਆ। ਭਰਵੇਂ ਜੁੱਸੇ ਕਾਰਨ ਭਰਤੀ ਦੀ ਲਾਈਨ ਵਿੱਚ ਖੜ੍ਹਿਆ ਤਾਂ ਸੀਮਾ ਸੁਰੱਖਿਆ ਬਲ ਲਈ ਚੁਣਿਆ ਗਿਆ। ਕਠੋਰ ਰੰਗਰੂਟੀ ਵਿੱਚੋਂ ਲੰਘਿਆ, ਡਿਊਟੀ ਕਰਦਿਆਂ ਇੱਕ ਦਿਨ ਆਪਣੇ ਆਪ ਨੂੰ ਪੁੱਛ ਬੈਠਾ, "ਕੁਲਵਿੰਦਰ ਸਿਆਂ, ਭਾਰੇ ਬੂਟਾਂ ਨਾਲ ਠੱਪ-ਠੱਪ ਕਰੀ ਜਾਨੈਂ, ਡਿਗਰੀ ਕਾਹਦੇ ਲਈ ਕੀਤੀ ਸੀ?" ਅੰਦਰੋਂ ਜਵਾਬ ਮਿਲਿਆ, "ਪਿੱਛੇ ਮੁੜ ਜਾ... ਭਲੇ ਦਿਨ ਆਉਣਗੇ।" ਹੁਣ ਵਾਪਸੀ ਦਾ ਰਸਤਾ ਹੋਰ ਵੀ ਔਖਾ ਸੀ; ਅਧਿਕਾਰੀ ਕਹਿੰਦੇ, "ਟ੍ਰੇਨਿੰਗ ਦਾ ਖਰਚ, ਜਮਾਂ ਕਰਾਉਣਾ ਪਊ"... ਜੋ ਉਹਨੂੰ ਕਰਾਉਣਾ ਪਿਆ ਸੀ।

ਫਿਰ ਇੱਕ ਦਿਨ ਅਜਿਹਾ ਆਇਆ ਕਿ ਉਹ ਫਰਵਰੀ 2009 ਵਿੱਚ ਭਾਰਤ ਸੰਚਾਰ ਨਿਗਮ ਲਿਮਟਿਡ ਵਿੱਚ ਜੂਨੀਅਰ ਟੈਲੀਕਾਮ ਅਫਸਰ ਚੁਣਿਆ ਗਿਆ। ਇਸ ਚੋਣ ਵਿੱਚ ਉਸ ਦਾ ਅਗਲਾ ਵਰਦਾਨ ਪਿਆ ਸੀ। ਅਕਤੂਬਰ 2009 ਵਿੱਚ ਸਰਕਾਰੀ ਸੇਵਾਵਾਂ ਨਿਭਾਉਂਦੀ ਅਧਿਆਪਕਾ ਉਸ ਦੀ ਜੀਵਨ ਸਾਥਣ ਬਣ ਗਈ।

ਉਹ ਹੁਣ ਸਾਡੀ ਮਿਸ਼ਨਰੀ ਸਿੱਖਿਆ ਸੰਸਥਾ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਵੀ ਹੈ। ਇਸ ਮਿਸਾਲੀ ਕਿਰਦਾਰ ਨੂੰ ਦੇਖਦਿਆਂ ਅਕਸਰ ਅਸੀਸ ਨਿੱਕਲਦੀ ਹੈ... ਜੀਅ ਓਏ ਪਿਆਰਿਆ...।

ਲਿਖਤ : ਮੋਹਨ ਸ਼ਰਮਾ
ਸੰਪਰਕ : 94171-48866

# ਨਸ਼ਈਆਂ ਦੀ ਦੁਨੀਆਂ




ਨਸ਼ਈਆਂ ਦਾ ਆਪਣਾ ਨਾਸ਼ਵਾਨ ਸੰਸਾਰ ਹੁੰਦਾ ਹੈ। ਖੁੰਢੀ ਸੋਚ, ਰਿਸ਼ਤਿਆਂ ਦੀ ਲੋਕ-ਲੱਜ ਤੋਂ ਬੇਖ਼ਬਰ, ਖ਼ੁਦਗਰਜ਼ੀ ਦੀ ਭਾਵਨਾ ਭਾਰੂ, ਨਸ਼ੇ ਦੀ ਪ੍ਰਾਪਤੀ ਲਈ ਘਟੀਆ ਤੋਂ ਘਟੀਆ ਪੱਧਰ ਤਕ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਨਸ਼ਾ ਮਿਲ ਗਿਆ ਤਾਂ ਢੋਲੇ ਦੀਆਂ ਗਾਉਂਦੇ ਨੇ, ਜੇ ਨਸ਼ਾ ਨਹੀਂ ਮਿਲਿਆ ਤਾਂ ਕੰਧਾਂ ਕੌਲਿਆਂ ਵਿੱਚ ਟੱਕਰਾਂ ਮਾਰਦੇ ਫਿਰਦੇ ਨੇ। ਰਾਤ ਸਮੇਂ ਜਦੋਂ ਲੋਕ ਘੂਕ ਸੁੱਤੇ ਪਏ ਹੁੰਦੇ ਨੇ, ਉਸ ਸਮੇਂ ਨਸ਼ਈ ਆਉਣ ਵਾਲੇ ਸਮੇਂ ਲਈ ਨਸ਼ੇ ਦਾ ਜੁਗਾੜ ਬਣਾਉਣ ਵਾਸਤੇ ਵਿਉਂਤਬੰਦੀ ਕਰਕੇ ਠੱਗੀ ਠੋਰੀ ਜਾਂ ਫਿਰ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਨੇ। ਅਜਿਹਾ ਕੁਝ ਉਹ ਦਿਨ ਦਿਹਾੜੇ ਵੀ ਕਰ ਲੈਂਦੇ ਨੇ। ਉਹ ਰੋਟੀ ਦੀ ਭੁੱਖ ਸਹਿ ਸਕਦੇ ਹਨ ਪਰ ਨਸ਼ੇ ਦੀ ਤੋੜ ਝੱਲਣਾ ਉਹਨਾਂ ਵਾਸਤੇ ਬਹੁਤ ਹੀ ਮੁਸ਼ਕਿਲ ਹੁੰਦਾ ਹੈ।

ਨਸ਼ਾ ਛਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਕੰਮ ਕਰਦਿਆਂ ਤਰ੍ਹਾਂ ਤਰ੍ਹਾਂ ਦੇ ਨਸ਼ਈਆਂ ਨਾਲ ਮੇਰਾ ਵਾਹ ਪਿਆ ਹੈ। ਦਾਖ਼ਲ ਨਸ਼ਈ ਮਰੀਜ਼ ਅੰਦਾਜ਼ਨ ਦਸ ਕੁ ਦਿਨਾਂ ਵਿੱਚ ਦਵਾਈ ਅਤੇ ਦੁਆ ਦੇ ਸੁਮੇਲ ਨਾਲ ਨਸ਼ੇ ਦੀ ਤੋੜ ਵਾਲੀ ਸਥਿਤੀ ਵਿੱਚੋਂ ਕਾਫੀ ਹੱਦ ਤਕ ਬਾਹਰ ਆ ਜਾਂਦੇ ਸਨ। ਦਾਖ਼ਲ ਹੋਏ ਦੂਜੇ ਸਾਥੀਆਂ ਨਾਲ ਉਹ ਆਪਣੇ ਕੀਤੇ 'ਕਾਰਨਾਮੇ' ਸਾਂਝੇ ਕਰ ਲੈਂਦੇ ਸਨ। ਉਹਨਾਂ ਦੇ ਦੋਸਤ, ਭਰਾ ਅਤੇ ਹੋਰ ਨੇੜਤਾ ਦੇ ਰਿਸ਼ਤੇ ਸਿਰਜਣ ਉਪਰੰਤ ਉਹ ਮੇਰੇ ਨਾਲ ਵੀ ਦਿਲ ਹੌਲਾ ਕਰ ਲੈਂਦੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਨੌਜਵਾਨ ਨਸ਼ਾ ਛੱਡਣ ਲਈ ਦਾਖ਼ਲ ਹੋਏ। ਉਹ ਆਪਸ ਵਿੱਚ ਚਚੇਰੇ ਭਰਾ ਸਨ। ਜਦੋਂ ਉਹਨਾਂ ਤੋਂ ਪੁੱਛਿਆ ਗਿਆ ਕਿ ਨਸ਼ਾ ਕਰਨ ਲਈ ਪੈਸੇ ਦਾ ਜੁਗਾੜ ਉਹ ਕਿਸ ਤਰ੍ਹਾਂ ਕਰਦੇ ਰਹੇ। ਇੱਕ ਦੋ ਵਾਰ ਜ਼ੋਰ ਦੇ ਕੇ ਪੁੱਛਣ 'ਤੇ ਉਹਨਾਂ ਵਿੱਚੋਂ ਇੱਕ ਨੇ ਕਿਹਾ, "ਬੱਸ ਜੀ, ਝੱਸ ਪੂਰਾ ਕਰਨ ਲਈ ਕੋਈ ਨਾ ਕੋਈ ਤਾਂ ਬੰਨ੍ਹ ਸੁੱਬ ਕਰਨਾ ਹੀ ਪੈਂਦਾ ਸੀ। ਘਰ ਵਾਲਿਆਂ ਨੇ ਤਾਂ ਪੈਸਿਆਂ ਲਈ ਕੋਰਾ ਜਵਾਬ ਦੇ ਦਿੱਤਾ ਸੀ। ਕਈ ਵਾਰੀ ਤਾਂ ਅਸੀਂ ਇਸ ਤਰ੍ਹਾਂ ਕੀਤਾ ਕਿ ਮੋਟਰਸਾਈਕਲ 'ਤੇ ਸਵਾਰ ਹੋ ਕੇ ਅਸੀਂ ਬਜ਼ਾਰ ਵਿੱਚ ਨਿਕਲ ਜਾਂਦੇ। ਜਿੱਥੇ ਕਿਤੇ ਇਕੱਲੀ ਕੁੜੀ ਨੂੰ ਮੋਬਾਇਲ 'ਤੇ ਗੱਲਾਂ ਕਰਦਿਆਂ ਵੇਖ ਲੈਂਦੇ, ਉੱਥੇ ਹੀ ਮੋਟਰਸਾਈਕਲ ਰੋਕ ਕੇ ਜਾਣ ਸਾਰ ਕੁੜੀ ਦੇ ਦੋ ਤਿੰਨ ਕਰਾਰੇ ਜਿਹੇ ਥੱਪੜ ਲਾ ਕੇ ਉੱਚੀ ਆਵਾਜ਼ ਵਿੱਚ ਕਹਿਣਾ, 'ਤੂੰ ਇੱਥੇ ਫਿਰਦੀ ਹੈਂ, ਘਰੇ ਪਾਪਾ ਜੀ ਉਡੀਕੀ ਜਾਂਦੇ ਨੇ।' ਕੁੜੀ ਬੌਂਦਲ ਜਾਂਦੀ, ਅਸੀਂ ਉਹਦਾ ਮੋਬਾਇਲ ਖੋਹ ਕੇ ਮੋਟਰਸਾਈਕਲ 'ਤੇ ਦੌੜ ਜਾਂਦੇ। ਆਲੇ ਦੁਆਲੇ ਵਾਲਿਆਂ ਨੂੰ ਤਾਂ ਪ੍ਰਭਾਵ ਪੈਂਦਾ ਕਿ ਕੁੜੀ ਦੇ ਭਰਾ ਨੇ, ਇਸ ਕਰਕੇ ਕੋਈ ਨਾ ਬੋਲਦਾ। ਜਦੋਂ ਨੂੰ ਕੁੜੀ ਬੋਲਣ ਦੀ ਸਥਿਤੀ ਵਿੱਚ ਹੁੰਦੀ ਉਦੋਂ ਨੂੰ ਅਸੀਂ ਖਿਸਕ ਜਾਂਦੇ। ਮੋਬਾਇਲ ਵੇਚ ਕੇ ਨਸ਼ਾ ਖਰੀਦ ਲੈਂਦੇ। ਬੱਸ ਜੀ, ਇਸ ਤਰ੍ਹਾਂ ਹੀ ਡੰਗ ਟਪਾਈ ਕਰੀ ਜਾਂਦੇ।"

ਇੱਕ ਹੋਰ ਨਸ਼ੇ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਧਸ ਚੁੱਕੇ ਨੌਜਵਾਨ ਨੂੰ ਨਸ਼ਾ ਮੁਕਤ ਕਰਨ ਉਪਰੰਤ ਜਦੋਂ ਉਹਦੇ ਅਤੀਤ ਦੇ ਪੰਨੇ ਫਰੋਲੇ ਤਾਂ ਉਸਨੇ ਗੱਚ ਭਰ ਕੇ ਦੱਸਿਆ, "ਨਸ਼ਿਆਂ ਕਾਰਨ ਮੈਂ ਬਹੁਤ ਕੁਝ ਬਰਬਾਦ ਕਰ ਚੁੱਕਿਆ ਹਾਂ। ਨਸ਼ੇ ਦੀ ਪੂਰਤੀ ਲਈ ਅਫਰੀਕੀ ਕਾਲ਼ੇ ਤੋਂ ਦਿੱਲੀ ਜਾ ਕੇ ਚਿੱਟਾ ਲਿਆਉਂਦਾ ਅਤੇ ਇੱਧਰ ਮਹਿੰਗੇ ਭਾਅ ਵੇਚ ਕੇ ਨਸ਼ੇ ਦੀ ਪੂਰਤੀ ਕਰਦਾ ਰਿਹਾ। ਕਈ ਵਾਰ ਬੇਹੋਸ਼ ਵੀ ਹੋਇਆ। ਪੁਲਿਸ ਦੇ ਧੱਕੇ ਵੀ ਚੜ੍ਹਿਆ। ਮੈਂ ਮਾਂ-ਬਾਪ ਦਾ ਇਕਲੌਤਾ ਪੁੱਤ ਹਾਂ। ਮੇਰੀ ਮਾਂ ਤਾਂ ਮੇਰੀ ਇਹ ਹਾਲਤ ਵੇਖ ਕੇ ਦਮ ਤੋੜ ਗਈ। ਰਿਸ਼ਤੇਦਾਰ ਘਰ ਅਫਸੋਸ ਕਰਨ ਆਉਂਦੇ ਪਰ ਮੈਂ ਉਹਨਾਂ ਨੂੰ ਨਸ਼ੇ ਵਿੱਚ ਟੱਲੀ ਮਿਲਦਾ। ਥੋੜ੍ਹੇ ਚਿਰ ਬਾਅਦ ਬਾਪੂ ਵੀ ਮੇਰੇ ਗਮ ਕਾਰਨ ਮੰਜੇ 'ਤੇ ਪੈ ਗਿਆ।"

ਫਿਰ ਉਸਨੇ ਗੱਚ ਭਰ ਕੇ ਕਿਹਾ, "ਸਰ, ਹਸਪਤਾਲ ਵਿੱਚ ਬਾਪ ਵੈਂਟੀਲੇਟਰ 'ਤੇ ਪਿਆ ਸੀ ਅਤੇ ਮੈਂ ਬਾਹਰ ਕਾਰ ਦਾ ਸ਼ੀਸ਼ਾ ਤੋੜ ਕੇ ਅੰਦਰ ਬੈਠਾ ਚਿੱਟੇ ਦਾ ਟੀਕਾ ਲਾ ਰਿਹਾ ਸੀ। ਮਾਂ, ਬਾਪ ਦੀ ਮੌਤ ਉਪਰੰਤ ਮੇਰੀਆਂ ਭੈਣਾਂ ਨੇ ਜ਼ਿਦ ਕਰਕੇ ਮੈਨੂੰ ਤੁਹਾਡੇ ਲੜ ਲਾਇਆ। ਸਰ, ਹੁਣ ਮੈਂ ਬਹੁਤ ਪਛਤਾ ਰਿਹਾ ਹਾਂ।"

ਇੱਕ ਨਸ਼ਈ ਨੂੰ ਨਸ਼ਾ ਮੁਕਤ ਕਰਵਾਉਣ ਲਈ ਉਸ ਦੀ ਪਤਨੀ ਲੈ ਕੇ ਆ ਗਈ। ਨਸ਼ਈ ਦੀ ਬਜ਼ੁਰਗ ਮਾਂ ਵੀ ਨਾਲ ਹੀ ਸੀ। ਦੋਨਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਰੇਖਾਵਾਂ ਸਨ। ਉਨ੍ਹਾਂ ਦੀਆਂ ਖੁਸ਼ਕ ਅਤੇ ਵੀਰਾਨ ਅੱਖਾਂ ਤੋਂ ਘਰ ਦੀ ਬਰਬਾਦੀ ਦਾ ਪਤਾ ਲਗਦਾ ਸੀ। ਉਹਨਾਂ ਨੂੰ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਮੈਂ ਨਸ਼ਈ ਵੱਲ ਨਜ਼ਰ ਮਾਰੀ। ਨਸ਼ੇ ਕਾਰਨ ਉਹ ਤੁਰਦੀ ਫਿਰਦੀ ਲਾਸ਼ ਵਾਂਗ ਲੱਗ ਰਿਹਾ ਸੀ। ਔਰਤ ਨੇ ਖੂਨ ਦੇ ਅੱਥਰੂ ਕੇਰਦਿਆਂ ਦੱਸਿਆ, "ਇਹਨੂੰ ਤਾਂ ਜੀ ਕੋਈ ਲਹੀ-ਤਹੀ ਦੀ ਨਹੀਂ। ਪੰਜ ਕਿੱਲੇ ਜ਼ਮੀਨ ਵਿੱਚੋਂ ਤਿੰਨ ਕਿੱਲੇ ਇਹਨੇ ਨਸ਼ਿਆਂ ਦੇ ਲੇਖੇ ਲਾ ਦਿੱਤੇ ਅਤੇ ਹੁਣ ਬਾਕੀ ਰਹਿੰਦੇ ਦੋ ਕਿੱਲਿਆਂ 'ਤੇ ਵੀ ਇਹਦੀ ਅੱਖ ਸੀ। ਮੈਂ ਰਿਸ਼ਤੇਦਾਰਾਂ ਨੂੰ ਇਕੱਠੇ ਕਰਕੇ ਉਹਨਾਂ ਦੋਹ ਕਿੱਲਿਆਂ 'ਤੇ ਅਦਾਲਤ ਵੱਲੋਂ ਸਟੇਅ ਲੈ ਲਈ। ਘਰ ਦੋ ਮੱਝਾਂ ਰੱਖੀਆਂ ਹੋਈਆਂ ਨੇ। ਉਨ੍ਹਾਂ ਦਾ ਦੁੱਧ ਵੇਚ ਕੇ ਅਸੀਂ ਘਰ ਦਾ ਗੁਜ਼ਾਰਾ ਕਰਦੇ ਹਾਂ। ਪਰਸੋਂ ਮੈਨੂੰ ਜ਼ਰੂਰੀ ਕੰਮ ਲਈ ਪੇਕੀਂ ਜਾਣਾ ਪੈ ਗਿਆ। ਆਉਂਦਿਆਂ ਨੂੰ ਸੁੰਨੇ ਕੀਲੇ ਦੇਖ ਕੇ ਮੇਰੀ ਭੁੱਬ ਨਿਕਲ ਗਈ। ਇਹਨੇ ਜੀ ਉਹ ਵੀ ਕੌਡੀਆਂ ਦੇ ਭਾਅ ਵੇਚ ਕੇ ਜਵਾਕਾਂ ਦੇ ਮੂੰਹੋਂ ਰੋਟੀ ਖੋਹ ਲਈ ... ...।"

ਉਹ ਔਰਤ ਹੋਰ ਦੁੱਖ ਦੱਸ ਕੇ ਆਪਣਾ ਮਨ ਹੌਲਾ ਕਰਨਾ ਚਾਹੁੰਦੀ ਸੀ। ਨਸ਼ਈ ਨੂੰ ਤੁਰੰਤ ਦਾਖ਼ਲ ਕਰਨ ਦੇ ਫੈਸਲੇ ਉਪਰੰਤ ਮੈਂ ਜਦੋਂ ਨੂੰਹ-ਸੱਸ ਨੂੰ ਸੰਸਥਾ ਦੇ ਨਿਯਮਾਂ ਸੰਬੰਧੀ ਦੱਸਣ ਲੱਗਿਆ ਤਾਂ ਪੋਟਾ ਪੋਟਾ ਦੁਖੀ ਔਰਤ ਨੇ ਮੇਰੀ ਗੱਲ ਕੱਟਦਿਆਂ ਰੋਣ ਹਾਕੀ ਆਵਾਜ਼ ਵਿੱਚ ਕਿਹਾ, "ਤੁਸੀਂ ਜੀ ਇਹਨੂੰ ਦਾਖ਼ਲ ਕਰੋ। ਸਾਡਾ ਜਿੱਥੇ ਮਰਜ਼ੀ 'ਗੂਠਾ ਲਵਾ ਲਵੋ। ਇਲਾਜ ਦੇ ਦਰਮਿਆਨ ਜੇ ਇਹ ਮਰ ਵੀ ਜਾਂਦਾ ਹੈ ਤਾਂ ਸਾਨੂੰ ਦੱਸਣ ਦੀ ਲੋੜ ਨਹੀਂ। ਤੁਸੀਂ ਹੀ ਫੂਕ ਦਿਓ। ਲੱਕੜਾਂ ਦੇ ਪੈਸੇ ਅਸੀਂ ਦੇ ਦੇਵਾਂਗੇ।" ਨੂੰਹ-ਸੱਸ ਦੇ ਅੱਥਰੂ ਪਰਲ ਪਰਲ ਵਹਿ ਰਹੇ ਸਨ।

ਇੱਕ 20-22 ਸਾਲਾਂ ਦੇ ਨਸ਼ਈ ਨੌਜਵਾਨ ਨੂੰ ਉਸਦਾ ਬਾਪ ਇਲਾਜ ਲਈ ਲੈ ਕੇ ਆਇਆ। ਨੌਜਵਾਨ ਦੀ ਜਵਾਨੀ ਤਾਂ ਨਸ਼ਿਆਂ ਨੇ ਹੀ ਨਿਗਲ ਲਈ ਸੀ। ਇਸ ਉਮਰ ਵਿੱਚ ਹੀ ਝੁਰੜੀਆਂ ਪੈ ਗਈਆਂ ਸਨ। ਬਾਪ ਨੇ ਆਉਂਦਿਆਂ ਹੀ ਦੱਸਿਆ, "ਮੈਂ ਜੀ ਵਿੱਦਿਆ ਵਿਭਾਗ ਵਿੱਚ ਇੱਕ ਸਕੂਲ ਦਾ ਹੈਡਮਾਸਟਰ ਹਾਂ। ਲੋਕ ਇੱਜ਼ਤ ਕਰਦੇ ਹਨ। ਪਰ ਇਹਦੇ ਕਾਰਨ ਸਾਨੂੰ ਲੋਕਾਂ ਸਾਹਮਣੇ ਨੀਵੀਂ ਪਾ ਕੇ ਚੱਲਣਾ ਪੈਂਦਾ ਹੈ। ਨਿੱਤ ਦੇ ਉਲਾਂਭੇ, ਚੋਰੀਆਂ, ਠੱਗੀਆਂ, ਲੜਾਈ ਝਗੜੇ ਇਹਦਾ ਰੋਜ਼ ਦਾ ਕੰਮ ਹੈ। ਨਸ਼ੇ ਵਿੱਚ ਟੱਲੀ ਰਹਿੰਦੈ। ਡੱਕਾ ਦੂਹਰਾ ਨਹੀਂ ਕਰਦਾ। ਘਰ ਦੀ ਜਿਹੜੀ ਚੀਜ਼ ਹੱਥ ਲੱਗੇ, ਉਹ ਹੀ ਵੇਚ ਦਿੰਦਾ ਹੈ। ਬਾਹਰ ਵੀ ਲੋਕਾਂ ਨੂੰ ਇਹਦੀਆਂ ਹਰਕਤਾਂ ਦਾ ਪਤਾ ਹੈ, ਇਸ ਕਰਕੇ ਇਹਨੂੰ ਕੋਈ ਮੂੰਹ ਨਹੀਂ ਲਾਉਂਦਾ। ਘਰ ਵੀ ਪੂਰੀ ਚੌਕਸੀ ਰੱਖਦੇ ਹਾਂ, ਪਰ ਫਿਰ ਵੀ ਇਹ ਸਾਨੂੰ ਥੁੱਕ ਲਾ ਹੀ ਜਾਂਦਾ ਹੈ।"

ਥੋੜ੍ਹਾ ਜਿਹਾ ਰੁਕ ਕੇ ਉਹਨੇ ਫਿਰ ਆਪਣਾ ਦੁੱਖ ਰੋਂਦਿਆਂ ਕਿਹਾ, "ਹਫਤਾ ਕੁ ਪਹਿਲਾਂ ਸਾਰਾ ਪਰਿਵਾਰ ਸੁੱਤਾ ਪਿਆ ਸੀ। ਸਾਨੂੰ ਨਹੀਂ ਪਤਾ ਕਦੋਂ ਅਤੇ ਕਿਵੇਂ ਇਸਨੇ ਪਾਣੀ ਵਾਲੀ ਮੋਟਰ ਖੋਲ੍ਹ ਲਈ ਅਤੇ ਕੰਧ ਟੱਪ ਕੇ ਭੱਜ ਗਿਆ। ਸਾਨੂੰ ਤਾਂ ਸਵੇਰੇ ਪਤਾ ਲੱਗਿਆ। ਖੜ੍ਹੇ ਪੈਰ ਨਵੀਂ ਮੋਟਰ ਲਗਵਾਉਣੀ ਪਈ। ਬੜਾ ਦੁਖੀ ਕੀਤਾ ਹੈ ਇਸਨੇ। ਪੰਜ ਦਿਨਾਂ ਪਿੱਛੋਂ ਕੱਲ੍ਹ ਵੜਿਐ। ਇਹਨੂੰ ਨਵਾਂ ਜੀਵਨ ਦਿਉ। ਸਾਡਾ ਸਾਰਾ ਪਰਿਵਾਰ ਤੁਹਾਨੂੰ ਅਸੀਸਾਂ ਦੇਵੇਗਾ। ਇਹਦੇ ਕਾਰਨ ਘਰ ਦੀ ਪਾਣੀਉਂ ਪਤਲੀ ਹੋ ਗਈ ਹੈ।"

ਇਸ ਤਰ੍ਹਾਂ ਦੇ ਅਨੇਕਾਂ ਨੌਜਵਾਨਾਂ ਨੇ ਘਰਾਂ ਦੇ ਚੁੱਲ੍ਹੇ ਠੰਢੇ ਕਰਨ ਦੇ ਨਾਲ ਨਾਲ ਘਰਾਂ ਦੀ ਬਰਕਤ ਨੂੰ ਵੀ ਗੁੰਮ ਕਰ ਦਿੱਤਾ ਹੈ।

## ਤਾਨਾਸ਼ਾਹਾਂ ਲਈ

# ਕੁਰਸੀ ਹੀ ਧਰਮ ਹੁੰਦੀ ਹੈ?

ਲਿਖਤ : ਵਿਸ਼ਵਾ ਮਿੱਤਰ
94176 - 22281

ਤੁਸੀਂ ਕਈ ਲੋਕਾਂ ਨੂੰ ਕਹਿੰਦੇ ਹੋਏ ਸੁਣਿਆ ਹੋਵੇਗਾ ਕਿ ਫਲਾਣੇ ਬੰਦੇ ਦੇ ਦਿਮਾਗ ਵਿੱਚ ਗੋਹਾ ਜਾਂ ਗਊਮੂਤਰ ਭਰਿਆ ਹੋਇਆ ਹੈ। ਕਿਸੇ ਦੇ ਵੀ ਦਿਮਾਗ ਵਿੱਚ ਸੱਚਮੁੱਚ ਹੀ ਗੋਹਾ ਜਾਂ ਗਊਮੂਤਰ ਨਹੀਂ ਭਰਿਆ ਹੁੰਦਾ ਹੈ। ਦਿਮਾਗ ਵਿੱਚ ਗੋਹਾ ਜਾਂ ਗਊਮੂਤਰ ਭਰਿਆ ਹੋਣਾ ਕੇਵਲ ਇੱਕ ਸੰਕੇਤਾਤਮਿਕ ਗੱਲ ਹੁੰਦੀ ਹੈ ਅਤੇ ਇਹ ਉਹਨਾਂ ਲੋਕਾਂ ਬਾਰੇ ਕਿਹਾ ਜਾਂਦਾ ਹੈ ਜਿਹੜੇ ਇਹ ਸੁਣ ਕੇ ਸਹਿਮਤ ਹੋ ਜਾਂਦੇ ਹਨ ਕਿ ਗਾਂ ਦੇ ਗੋਹੇ ਅਤੇ ਪਿਸ਼ਾਬ ਵਿੱਚ ਬਹੁਤ ਸਾਰੇ ਗੁਣ ਹੁੰਦੇ ਹਨ, ਜਿਨ੍ਹਾਂ ਨਾਲ ਕਈ ਬਿਮਾਰੀਆਂ ਦਾ ਇਲਾਜ ਹੋ ਜਾਂਦਾ ਹੈ। ਅਜਿਹੇ ਲੋਕ ਬਿਨਾਂ ਕਿਸੇ ਜਾਂਚ ਪੜਤਾਲ ਦੇ ਜੋ ਕੁਝ ਕਿਹਾ ਗਿਆ ਹੋਵੇ, ਉਸੇ ਨੂੰ ਸੱਚ ਮੰਨ ਲੈਂਦੇ ਹਨ ਅਤੇ ਕਦੇ ਸਬੂਤ ਜਾਂ ਅਜਿਹੇ ਗਿਆਨ ਦਾ ਸੋਮਾ ਨਹੀਂ ਪੁੱਛਦੇ। ਇਹ ਕਦੇ ਵੀ ਨਹੀਂ ਪੁੱਛਦੇ ਕਿ ਕਿਹੜੇ ਪ੍ਰਚੀਨ ਗ੍ਰੰਥ ਵਿੱਚ ਗਾਂ ਦੇ ਗੋਹੇ ਜਾਂ ਪਿਸ਼ਾਬ ਦੀ ਉਪਮਾ ਕੀਤੀ ਗਈ ਹੈ। ਜਦੋਂ ਵੱਡੇ ਵੱਡੇ ਨੇਤਾ ਇਹ ਕਹਿਣ ਕਿ ਗਾਂ ਦੇ ਗੋਹੇ ਨਾਲ ਕਈ ਬਿਮਾਰੀਆਂ ਖਤਮ ਹੋ ਜਾਂਦੀਆਂ ਹਨ, ਗਾਂ ਦੀ ਪਿੱਠ 'ਤੇ ਹੱਥ ਫੇਰਨ ਨਾਲ ਕੈਂਸਰ ਦਾ ਇਲਾਜ ਹੋ ਜਾਂਦਾ ਹੈ, ਗਾਂ ਦੇ ਗੋਹੇ ਦਾ ਲੇਪ ਪਰਮਾਣੂ ਹਮਲੇ ਤੋਂ ਬਾਅਦ ਪੈਦਾ ਹੋਈਆਂ ਵਿਕੀਰਣਾਂ ਨੂੰ ਰੋਕ ਲੈਂਦਾ ਹੈ ਅਤੇ ਨੇਤਾਵਾਂ ਦੇ ਕੁਝ ਸਾਥੀ ਡਾਕਟਰ ਵੀ ਇਹੋ ਕੁਝ ਹੀ ਕਹਿੰਦੇ ਹੋਣ ਤਾਂ ਲਾਈਲੱਗਾਂ ਦੇ ਦਿਮਾਗ ਵਿੱਚ ਇਹ ਸਾਰਾ ਕੁਝ ਭਰ ਜਾਂਦਾ ਹੈ। ਅਜਿਹੇ ਲੋਕਾਂ ਦੇ ਦਿਮਾਗਾਂ ਵਿੱਚ ਹੋਰ ਵੀ ਬਹੁਤ ਕੁਝ ਊਟ ਪਟਾਂਗ ਭਰਿਆ ਹੁੰਦਾ ਜਿਵੇਂ ਕਿ ਰਮਾਇਣ ਮਹਾਭਾਰਤ ਕਾਲ ਵਿੱਚ ਵਿਗਿਆਨ ਅੱਜ ਨਾਲੋਂ ਬਹੁਤ ਅੱਗੇ ਸੀ, ਵਿਦੇਸ਼ੀ ਸਾਡੇ ਵੇਦ ਗ੍ਰੰਥ ਆਪਣੇ ਨਾਲ ਲੈ ਗਏ ਅਤੇ ਉਹਨਾਂ ਦੀਆਂ ਸਾਰੀਆਂ ਵਿਗਿਆਨਿਕ ਖੋਜਾਂ ਸਾਡੇ ਗ੍ਰੰਥਾਂ ਉੱਤੇ ਅਧਾਰਿਤ ਹਨ। ਆਰੀਆ ਲੋਕ ਸ਼ੁਰੂ ਤੋਂ ਹੀ ਭਾਰਤ ਵਿੱਚ ਰਹਿੰਦੇ ਆ ਰਹੇ ਹਨ, ਕੇਵਲ ਮੁਸਲਮਾਨ ਅਤੇ ਇਸਾਈ ਬਾਹਰੋਂ ਆਏ ਹਨ। ਹਿੰਦੂ ਬੜੇ ਸੱਭਿਆ ਅਤੇ ਸੰਸਕਾਰੀ ਹੁੰਦੇ ਹਨ ਜਦਕਿ ਮੁਸਲਮਾਨ ਨਿਰਦਈ ਅਤੇ ਕਾਤਲ ਹੁੰਦੇ ਹਨ, ਇਹ ਸੱਤਾ ਜਾਂ ਜਾਇਦਾਦ ਲਈ ਕਤਲ ਕਰਨ ਵੇਲੇ ਆਪਣੇ ਬਾਪ ਨੂੰ ਵੀ ਨਹੀਂ ਬਖਸ਼ਦੇ।

ਮੁਸਲਮਾਨ ਬਾਦਸ਼ਾਹਾਂ ਨੂੰ ਬਭੇ ਜ਼ਾਲਿਮ ਅਤੇ ਕਰੂਰ ਦੱਸਿਆ ਜਾਂਦਾ ਹੈ। ਔਰੰਗਜ਼ੇਬ ਨੇ ਸੱਤਾ ਲਈ ਆਪਣੇ ਬਾਪ ਨੂੰ ਜੇਲ੍ਹ ਵਿੱਚ ਕੈਦ ਕਰ ਦਿੱਤਾ, ਜਿੱਥੇ ਉਸ ਦੀ ਮੌਤ ਹੋ ਗਈ ਅਤੇ ਆਪਣੇ ਭਰਾਵਾਂ ਨੂੰ ਮਾਰ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੱਤਾ ਅਤੇ ਸੰਪਤੀ ਲਈ ਬਾਦਸ਼ਾਹ ਇਵੇਂ ਹੀ ਕਰਦੇ ਆਏ ਹਨ। ਪਰ ਮੁਗ਼ਲ ਬਾਦਸ਼ਾਹਾਂ ਵਿੱਚ ਦਿਆਲੂ ਵੀ ਹੋਏ ਹਨ ਅਤੇ ਦੂਜੇ ਧਰਮਾਂ ਦਾ ਸਤਕਾਰ ਕਰਨ ਵਾਲੇ ਵੀ ਹੋਏ ਹਨ। ਤੁਸੀਂ ਕਈ ਵਾਰ ਖ਼ਬਰਾਂ ਪੜ੍ਹ ਜਾਂ ਸੁਣ ਚੁੱਕੇ ਹੋਵੋਗੇ ਕਿ ਜਾਇਦਾਦ ਪ੍ਰਾਪਤ ਕਰਨ ਲਈ ਪੁੱਤਰ ਨੇ ਪਿਉ ਦਾ ਕਤਲ ਕਰ ਦਿੱਤਾ ਜਾਂ ਛੋਟੇ ਭਰਾ ਨੇ ਵੱਡੇ ਭਰਾ ਦਾ ਕਤਲ ਕਰ ਦਿੱਤਾ। ਸੱਤਾ ਜਾਂ ਜਾਇਦਾਦ ਲਈ ਕਤਲ ਦਾ ਸੰਬੰਧ ਕਿਸੇ ਜਾਤ ਜਾਂ ਧਰਮ ਨਾਲ ਸੰਬੰਧਿਤ ਨਹੀਂ ਹੁੰਦਾ। ਪਰ ਜਿਨ੍ਹਾਂ ਦੇ ਦਿਮਾਗ ਗੋਹੇ ਨਾਲੇ ਭਰੇ ਕਹੇ ਜਾਂਦੇ ਹਨ, ਉਹ ਕੇਵਲ ਇਹੀ ਮੰਨਣਗੇ ਕਿ ਸੱਤਾ ਲਈ ਕਤਲ ਕੇਵਲ ਮੁਸਲਮਾਨ ਹੀ ਕਰਦੇ ਹਨ ਕਿਉਂਕਿ ਇਹ ਕੁਝ ਪਿਛਾਖੜੀ ਸੋਚ ਵਾਲੇ ਨੇਤਾ ਪ੍ਰਚਾਰ ਰਹੇ ਹਨ ਅਤੇ ਟੀ ਵੀ ਚੈਨਲ ਪ੍ਰਸਾਰਿਤ ਕਰ ਰਹੇ ਹਨ। ਉਹ ਕਦੇ ਪ੍ਰਮਾਣਿਤ ਇਤਿਹਾਸ ਨਹੀਂ ਪੜ੍ਹਦੇ ਅਤੇ ਨਾ ਹੀ ਉਸ 'ਤੇ ਵਿਸ਼ਵਾਸ ਕਰਦੇ ਹਨ। ਅਗਾਂਹ ਸੱਤਾ ਲਈ ਹਿੰਦੂ ਰਾਜਕੁਮਾਰਾਂ ਵੱਲੋਂ ਆਪਣੇ ਪਿਤਾ ਸ੍ਰੀ ਰਾਜਿਆਂ ਮਹਾਰਾਜਿਆਂ ਦੇ ਕਤਲਾਂ ਦਾ ਜ਼ਿਕਰ ਕੀਤਾ ਗਿਆ ਹੈ।

ਰਾਜਸੀ ਸੱਤਾ ਲਈ ਭਾਰਤ ਵਿੱਚ ਹਿੰਦੂ ਰਾਜਕੁਮਾਰਾਂ ਹੱਥੋਂ ਆਪਣੇ ਬਾਪਾਂ ਦੇ ਕਤਲਾਂ ਦੀ ਇੱਕ ਲੰਬੀ ਲੜੀ ਹੈ। ਰਾਜਾ ਬਿੰਬਿਸਾਰ ਨੂੰ ਉਸਦੇ ਪੁੱਤਰ ਅਜਾਤ ਸ਼ਤਰੂ ਨੇ ਜੇਲ੍ਹ ਵਿੱਚ ਬੰਦ ਕਰ ਦਿੱਤਾ, ਜਿੱਥੇ ਉਸ ਦੀ ਭੁੱਖ ਨਾਲ ਮੌਤ ਹੋ ਗਈ। ਅਜਾਤ ਸ਼ਤਰੂ ਨੂੰ ਉਸਦੇ ਪੁੱਤਰ ਉਦੈ ਭੱਦਰ ਨੇ ਮਾਰਿਆ। ਉਦੈ ਭੱਦਰ ਨੂੰ ਉਸਦੇ ਪੁੱਤਰ ਅਨਿਰੁੱਧ ਨੇ ਮਾਰਿਆ। ਅਨਿਰੁੱਧ ਨੂੰ ਉਸਦੇ ਪੁੱਤਰ ਮੁੰਡ ਨੇ ਮਾਰਿਆ ਅਤੇ ਮੁੰਡ ਨੂੰ ਉਸਦੇ ਪੁੱਤਰ ਨਾਗਦਸਤਕ ਨੇ ਮਾਰ ਦਿੱਤਾ। ਤਦ ਪਰਜਾ ਨੇ ਕਿਹਾ ਕਿ ਇਹ ਤਾਂ ਬਾਪ ਹੱਤਿਆ ਕਰਨ ਵਾਲਿਆਂ ਦਾ ਵੰਸ਼ ਹੈ, ਇਸ ਲਈ ਨਾਗਦਸਤਕ ਨੂੰ ਗੱਦੀ ਤੋਂ ਉਤਾਰ ਕੇ ਉਸਦੇ ਮੰਤਰੀ ਸ਼ਿਸ਼ੂਨਾਗ ਨੂੰ ਰਾਜਾ ਬਣਾ ਦਿੱਤਾ।

ਅਸ਼ੋਕ ਨੇ ਆਪਣੇ ਸਾਰੇ ਭਰਾਵਾਂ ਦਾ ਕਤਲ ਕਰਕੇ ਰਾਜ ਗੱਦੀ ਹਾਸਲ ਕੀਤੀ, ਬਾਅਦ ਵਿੱਚ ਭਾਵੇਂ ਉਸਨੇ ਬੁੱਧ ਧਰਮ ਅਪਣਾ ਲਿਆ ਅਤੇ ਅਹਿੰਸਾ ਦੇ ਮਾਰਗ 'ਤੇ ਚੱਲ ਪਿਆ। ਰਾਣਾ ਸਾਂਗਾ ਨੂੰ ਉਸਦੇ ਸਾਥੀ ਸਰਦਾਰਾਂ ਨੇ ਜ਼ਹਿਰ ਦੇ ਕੇ ਮਾਰ ਦਿੱਤਾ, ਭਾਵੇਂ ਕਿ ਇਹ ਮੌਤ ਗੱਦੀ ਹਥਿਆਉਣ ਲਈ ਨਹੀਂ ਸੀ। ਸਦੀਆਂ ਪੁਰਾਣੀ ਗੱਲ ਨਹੀਂ, 2001 ਵਿੱਚ ਨੇਪਾਲ ਦੇ ਰਾਜ ਮਹਿਲ ਵਿੱਚ ਰਾਜਾ ਬੀਰੇਂਦਰ ਅਤੇ ਰਾਣੀ ਐਸ਼ਵਰਿਆ ਸਮੇਤ ਰਾਜ ਪਰਿਵਾਰ ਦੇ 9 ਮੈਂਬਰ ਗੋਲੀਆਂ ਚਲਾ ਕੇ ਮਾਰ ਦਿੱਤੇ ਗਏ ਸਨ ਅਤੇ ਗੋਲੀਆਂ ਚਲਾਉਣ ਵਾਲਾ ਵੀ ਰਾਜਕੁਮਾਰ ਦੀਪੇਂਦਰ ਸੀ। ਅਜੇ ਤਕ ਇਸ ਗੋਲੀ ਕਾਂਡ ਦੀ ਗੁੱਥੀ ਨਹੀਂ ਸੁਲਝੀ ਕਿ ਇਹ ਇੱਕ ਅਸਫ਼ਲ ਪ੍ਰੇਮ ਕਹਾਣੀ ਸੀ ਜਾਂ ਕਿਸੇ ਵਿਦੇਸ਼ੀ ਏਜੰਸੀ ਦੀ ਸਾਜ਼ਿਸ਼ ਸੀ ਜਾਂ ਸੱਤਾ ਲਈ ਕਤਲ ਹੋਏ ਸਨ, ਜਿਸਦੀ ਕਿ ਜ਼ਿਆਦਾ ਸੰਭਾਵਨਾ ਹੈ।

ਬਾਦਸ਼ਾਹ ਕੇਵਲ ਬਾਦਸ਼ਾਹ ਹੀ ਹੁੰਦਾ ਹੈ ਉਹ ਕਿਸੇ ਧਾਰਮਿਕ ਅਦਾਰੇ ਦਾ ਪ੍ਰਚਾਰਕ ਨਹੀਂ ਹੁੰਦਾ। ਬਾਦਸ਼ਾਹਤ ਹਥਿਆਉਣ ਲਈ ਜਾਂ ਬਾਦਸ਼ਾਹਤ ਕਾਇਮ ਰੱਖਣ ਲਈ ਜੇਕਰ ਉਸ ਨੂੰ ਕੁਝ ਕਤਲ ਕਰਨੇ ਪੈ ਜਾਣ ਤਾਂ ਉਹ ਝਿਜਕੇਗਾ ਨਹੀਂ। ਬਾਦਸ਼ਾਹ ਆਪਣੀ ਬਾਦਸ਼ਾਹਤ ਬਿਲਕੁਲ ਠੀਕਠਾਕ ਚਲਾਉਣ ਲਈ ਆਪਣੇ ਮੰਤਰੀ ਜਾਂ ਜਰਨੈਲ ਰੱਖਣ ਵੇਲੇ ਕਦੇ ਵੀ ਇਹ ਨਹੀਂ ਸੋਚਦਾ ਕਿ ਇਨ੍ਹਾਂ ਦਾ ਧਰਮ ਕੀ ਹੈ। ਜ਼ਿਆਦਾ ਹੀ ਜ਼ਰੂਰਤ ਵੇਲੇ ਬਾਦਸ਼ਾਹ ਆਪਣੀ ਸੱਤਾ ਕਾਇਮ ਰੱਖਣ ਲਈ ਕਦੇ ਕਦੇ ਧਰਮ ਦਾ ਵੀ ਇਸਤੇਮਾਲ ਕਰ ਲੈਂਦੇ ਸਨ। ਪਰ ਫਿਰ ਵੀ ਜਿੱਥੋਂ ਯੋਗ ਵਿਅਕਤੀ ਕਿਸੇ ਵੀ ਧਰਮ ਦਾ ਮਿਲਦਾ ਸੀ, ਉਸ ਨੂੰ ਆਪਣੇ ਨਾਲ ਮਿਲਾ ਲੈਂਦੇ ਸਨ।

ਔਰੰਗਜ਼ੇਬ ਨੂੰ ਬਹੁਤ ਕੱਟੜ ਮੁਸਲਮਾਨ ਬਾਦਸ਼ਾਹ ਪ੍ਰਚਾਰਿਆ ਜਾ ਰਿਹਾ ਹੈ। ਜੇਕਰ ਇਸ ਸੱਚ ਹੈ ਤਾਂ ਔਰੰਗਜ਼ੇਬ ਦੇ ਦਰਬਾਰ ਵਿੱਚ ਜ਼ਿਆਦਾ ਮੰਤਰੀ ਹਿੰਦੂ ਕਿਉਂ ਸਨ? ਉਸ ਦੀ ਫੌਜ ਵਿੱਚ ਜ਼ਿਆਦਾ ਜਰਨੈਲ ਰਾਜਪੂਤ (ਹਿੰਦੂ) ਕਿਉਂ ਸਨ? ਉਸਦੇ ਹਰਮ ਵਿੱਚ ਰਾਣੀਆਂ ਦੀ ਰਾਖੀ ਲਈ ਹਿੰਦੂ ਪਹਿਰੇਦਾਰ ਕਿਉਂ ਸਨ? ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਐਨਾ ਕੱਟੜ ਮੁਸਲਮਾਨ ਸੀ ਕਿ ਰੋਜ਼ਾਨਾ ਸਵੇਰੇ ਸਵਾ ਮਣ ਜਨੇਊ ਉਤਰਵਾ ਕੇ ਨਾਸ਼ਤਾ ਕਰਦਾ ਸੀ। ਜੇਕਰ ਇਹ ਸੱਚ ਹੈ ਤਾਂ ਹੁਣ ਤਕ ਸਾਰੇ ਹੀ ਹਿੰਦੂ ਮੁਸਲਮਾਨ ਬਣ ਚੁੱਕੇ ਹੋਣੇ ਸਨ। ਅਕਬਰ ਅਤੇ ਰਾਣਾ ਪ੍ਰਤਾਪ ਵਿੱਚ ਯੁੱਧ ਹਿੰਦੂ ਜਾਂ ਮੁਸਲਮਾਨ ਵਿੱਚ ਯੁੱਧ ਨਹੀਂ ਸੀ। ਰਾਣਾ ਪ੍ਰਤਾਪ ਵਿਰੁੱਧ ਲੜਨ ਲਈ ਅਕਬਰ ਵੱਲੋਂ ਭੇਜਿਆ ਜਰਨੈਲ ਰਾਜਾ ਮਾਨ ਸਿੰਘ ਸੀ ਅਤੇ ਰਾਣਾ ਪਰਤਾਪ ਦੀ ਫੌਜ ਦਾ ਕਮਾਂਡਰ ਹਕੀਮ ਖਾਂ ਸੀ। ਸ਼ਿਵਾ ਜੀ ਅਤੇ ਅਫ਼ਜ਼ਲ ਖਾਂ ਵਿੱਚ ਹੋਏ ਯੁੱਧ ਨੂੰ ਅੱਜਕਲ ਹਿੰਦੂ ਅਤੇ ਮੁਸਲਮਾਨ ਵਿੱਚ ਯੁੱਧ ਦੱਸਿਆ ਜਾ ਰਿਹਾ ਹੈ ਜਦਕਿ ਇਹ ਯੁੱਧ ਕੇਵਲ ਸੱਤਾ ਬਚਾਉਣ ਜਾਂ ਸੱਤਾ ਹਥਿਆਉਣ ਲਈ ਸੀ। ਸ਼ਿਵਾ ਜੀ ਨੂੰ ਲੋਹੇ ਦਾ ਪੰਜਾ ਲੁਕੋ ਕੇ ਲਿਜਾਣ ਲਈ ਸਲਾਹ ਦੇਣ ਵਾਲਾ ਮੁਸਲਮਾਨ ਰੁਸਤਮੇ ਜ਼ਮਾਂ ਸੀ ਅਤੇ ਅਫ਼ਜ਼ਲ ਖਾਂ ਦਾ ਸਲਾਹਕਾਰ ਕ੍ਰਿਸ਼ਨਾਜੀ ਭਾਸਕਰ ਕੁਲਕਰਣੀ ਇੱਕ ਹਿੰਦੂ ਸੀ।

ਸੱਤਾ ਹਥਿਆਉਣ ਲਈ ਜਾਂ ਸੱਤਾ ਦੇ ਸਿਖਰ 'ਤੇ ਪਹੁੰਚਣ ਲਈ ਸਾਮ, ਦਾਮ, ਦੰਡ ਅਤੇ ਭੇਦ, ਇਹ ਚਾਰ ਨੁਸਖੇ ਕਾਫੀ ਸਮੇਂ ਤੋਂ ਦੱਸੇ ਜਾ ਰਹੇ ਹਨ। ਅੱਜਕਲ ਕਥਿਤ ਲੋਕਤੰਤਰ ਵਿੱਚ ਜ਼ਿਆਦਾਤਰ ਦਾਮ ਅਤੇ ਦੰਡ ਚਲਦੇ ਹਨ। ਇਨ੍ਹਾਂ ਤੋਂ ਇਲਾਵਾ ਕੋਈ ਅਜਿਹਾ ਧੋਖਾ ਵੀ ਕੀਤਾ ਜਾ ਸਕਦਾ ਹੈ ਜਿਸ ਨੂੰ ਬੇਸਮਝ ਪਬਲਿਕ ਜਾਇਜ਼ ਮੰਨ ਲੈਂਦੀ ਹੈ। ਸੱਤਾ ਕਾਇਮ ਰੱਖਣ ਲਈ ਵਿਧਾਇਕ ਜਾਂ ਸਾਂਸਦ ਖਰੀਦੇ ਜਾਂਦੇ ਹਨ। ਜੇਕਰ ਇਹ ਕਾਨੂੰਨਘਾੜੇ ਆਪਣਾ ਮੁੱਲ ਪੁਆਉਣ ਨੂੰ ਰਾਜ਼ੀ ਨਾ ਹੋਣ ਤਾਂ ਇਨ੍ਹਾਂ ਨੂੰ ਸੀ. ਬੀ. ਆਈ, ਸੀ. ਆਈ. ਏ, ਆਈ. ਟੀ ਜਾਂ ਈ. ਡੀ ਦਾ ਦੰਡ ਦਿੱਤਾ ਜਾਂਦਾ ਹੈ ਜਾਂ ਦੰਡ ਦੇਣ ਦੀ ਧਮਕੀ ਦਿੱਤੀ ਜਾਂਦੀ ਹੈ। ਜਦੋਂ 2014 ਵਿੱਚ ਭਾਜਪਾ ਨੇ ਬਹੁਮਤ ਹਾਸਲ ਕਰ ਲਿਆ ਅਤੇ ਪ੍ਰਧਾਨ ਮੰਤਰੀ ਬਣਨ ਲਈ ਅਡਵਾਨੀ ਵਰਗੇ ਉੱਚ ਸਿੱਖਿਅਤ ਅਤੇ ਸੀਨੀਅਰ ਨੇਤਾ ਮੌਜੂਦ ਸਨ ਤਾਂ ਉਹਨਾਂ ਨੂੰ ਸੱਤਾ ਤੋਂ ਦੂਰ ਰੱਖ ਕੇ ਮੋਦੀ ਜੀ ਨੂੰ ਸੱਤਾ ਦੇ ਸਿਖਰ 'ਤੇ ਰੱਖਣ ਲਈ ਇੱਕ ਫਾਰਮੂਲਾ ਬਣਾਇਆ ਗਿਆ ਕਿ ਜਿਨ੍ਹਾਂ ਦੀ ਉਮਰ 75 ਸਾਲ ਦੀ ਹੋ ਗਈ ਹੈ, ਉਹ ਸਰਗਰਮ ਰਾਜਨੀਤੀ ਵਿੱਚ ਆਉਣ ਦੀ ਬਜਾਏ ਮਾਰਗ ਦਰਸ਼ਕ ਬਣਾ ਦਿੱਤੇ ਜਾਣ। ਭਾਜਪਾ ਮੈਂਬਰਾਂ ਅਤੇ ਆਮ ਲੋਕਾਂ ਨੇ ਇਸ ਨੂੰ ਇੱਕ ਚੰਗਾ ਕਦਮ ਮੰਨਿਆ। ਕਈਆਂ ਨੇ ਕਿਹਾ ਕਿ ਸਿਆਸਤ ਵਿੱਚ ਬੁੱਢੇ ਠੇਰੇ ਨਹੀਂ ਹੋਣੇ ਚਾਹੀਦੇ, ਇਸ ਲਈ ਮਾਰਗ ਦਰਸ਼ਕ ਵਾਲਾ ਕਾਨੂੰਨ ਠੀਕ ਹੈ, ਬਾਕੀ ਪਾਰਟੀਆਂ ਵੀ ਇਹੋ ਕਾਨੂੰਨ ਵਰਤਣ।


ਹੁਣ ਜਦੋਂ 17 ਸਤੰਬਰ 2025 ਨੂੰ ਮੋਦੀ ਜੀ 75 ਸਾਲ ਦੇ ਹੋ ਜਾਣੇ ਹਨ ਤਾਂ ਇਹ ਕਿਹਾ ਜਾ ਰਿਹਾ ਹੈ ਕਿ 75 ਸਾਲ ਦੀ ਉਮਰ ਵਾਲਾ ਫਾਰਮੂਲਾ ਮੋਦੀ ਜੀ 'ਤੇ ਲਾਗੂ ਨਹੀਂ ਹੋਵੇਗਾ। ਹੁਣ ਪਾਰਟੀ ਕੇਡਰ ਅਤੇ ਆਮ ਲੋਕ ਸਮਝਦੇ ਹਨ ਕਿ ਸੀਨੀਅਰ ਨੇਤਾਵਾਂ ਨੂੰ ਮਾਰਗ ਦਰਸ਼ਕ ਬਣਾ ਕੇ ਭੇਜਣਾ ਉਹਨਾਂ ਨਾਲ ਸੱਤਾ ਪ੍ਰਾਪਤੀ ਲਈ ਧੋਖਾ ਸੀ। ਪਰ ਜਿਨ੍ਹਾਂ ਦੇ ਦਿਮਾਗ ਵਿੱਚ ਗੋਹਾ ਜਾਂ ਗਊਮੂਤਰ ਭਰਿਆ ਕਿਹਾ ਜਾਂਦਾ ਹੈ, ਉਹ ਇਸ ਨੂੰ ਸੱਤਾ ਲਈ ਧੋਖਾ ਨਹੀਂ ਮੰਨਦੇ ਅਤੇ ਕਹਿੰਦੇ ਹਨ ਕਿ ਮੋਦੀ ਜੀ ਨਾਲੋਂ ਜ਼ਿਆਦਾ ਲਿਆਕਤ ਵਾਲਾ ਅਤੇ ਨੀਤੀਵਾਨ ਭਾਰਤ ਵਿੱਚ ਹੋਰ ਕੋਈ ਨਹੀਂ, ਇਸ ਲਈ ਹਰ ਹਾਲਤ ਵਿੱਚ ਮੋਦੀ ਜੀ ਹੀ ਪ੍ਰਧਾਨ ਮੰਤਰੀ ਰਹਿਣੇ ਚਾਹੀਦੇ ਹਨ। ਉਹਨਾਂ ਨੂੰ ਇਹ ਬਿਲਕੁਲ ਨਹੀਂ ਦਿਸਦਾ ਕਿ ਵਪਾਰ ਸੰਬੰਧੀ ਜਿਹੜੀਆਂ ਜਿਹੜੀਆਂ ਸ਼ਰਤਾਂ ਟਰੰਪ ਲਗਾਉਂਦਾ ਗਿਆ, ਉਹਨਾਂ ਨੂੰ ਮੋਦੀ ਜੀ 'ਸੱਤ ਬਚਨ' ਕਹਿ ਕੇ ਮੰਨਦੇ ਗਏ। ਐਲਨ ਮਸਕ ਵੱਲੋਂ ਐੱਫ 35 ਜਹਾਜ਼ਾਂ ਨੂੰ ਕਬਾੜ ਕਹਿਣ ਦੇ ਬਾਵਜੂਦ ਉਹਨਾਂ ਨੂੰ ਖਰੀਦਣ ਦਾ ਵਾਇਦਾ ਮੋਦੀ ਜੀ ਕਰ ਆਏ। ਹਵਾਈ ਫੌਜ ਦੇ ਮੁਖੀ ਨੇ ਇੱਕ ਬਿਆਨ ਦਿੱਤਾ, "ਜੰਗੀ ਜਹਾਜ਼ ਕੋਈ ਫਰਿੱਜ ਨਹੀਂ ਜਿਹੜਾ ਸ਼ਕਲ ਤੋਂ ਪਸੰਦ ਆਇਆ ਤਾਂ ਖਰੀਦ ਲਿਆ, ਜੰਗੀ ਜਹਾਜ਼ ਖਰੀਦਣ ਤੋਂ ਪਹਿਲਾਂ ਵੇਖਣਾ ਇਹ ਪੈਂਦਾ ਹੈ ਇਹ ਸਾਡੀਆਂ ਯੁੱਧ ਸਮੇਂ ਦੀਆਂ ਲੋੜਾਂ ਪੂਰੀਆਂ ਵੀ ਕਰਦਾ ਹੈ ਜਾਂ ਨਹੀਂ?" ਮੋਦੀ ਜੀ ਨੇ ਹਵਾਈ ਫੌਜ ਦੇ ਮੁਖੀ ਵੱਲੋਂ ਦਿੱਤੇ ਬਿਆਨ ਵੱਲ ਧਿਆਨ ਦਿੱਤੇ ਬਗੈਰ ਟਰੰਪ ਅੱਗੇ ਝੁਕਦੇ ਹੋਏ ਐੱਫ 35 ਜਹਾਜ਼ ਖਰੀਦਣ ਦਾ ਵਾਇਦਾ ਕਰ ਲਿਆ। ਕੈਨੇਡਾ ਅਤੇ ਮੈਕਸੀਕੋ ਵਰਗੇ ਦੇਸ਼ ਵੀ ਹਨ, ਉਹ ਝੁਕੇ ਨਹੀਂ। ਅਮਰੀਕਾ ਤੋਂ ਕੈਨੇਡਾ ਆਉਂਦੀ ਸ਼ਰਾਬ ਬੰਦ ਹੋ ਚੁੱਕੀ ਹੈ, ਕੈਨੇਡਾ ਵਿੱਚ ਅਮਰੀਕਨ ਸ਼ਰਾਬ ਦੇ ਸਾਰੇ ਰੈਕ ਖਾਲੀ ਪਏ ਹਨ। ਕੈਨੇਡਾ ਦੇ ਸ਼ਰਾਬ ਖਾਨਿਆਂ ਵਿੱਚ ਬੋਰਡ ਲੱਗੇ ਹੋਏ ਹਨ, ਜਿਨ੍ਹਾਂ ਉੱਤੇ ਲਿਖਿਆ ਹੈ, "ਇੱਥੇ ਅਮਰੀਕੀ ਸ਼ਰਾਬ ਨਹੀਂ ਵਿਕਦੀ।" ਹੋਰ ਵੀ ਕਈ ਅਮਰੀਕੀ ਉਤਪਾਦਾਂ ਦੀ ਕੈਨੇਡਾ ਵਿੱਚ ਮੰਗ ਘਟ ਗਈ ਹੈ। ਮੈਕਸੀਕੋ ਦੀ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਜਿਹੜੀ ਦੀਵਾਰ ਤੁਸੀਂ ਅਮਰੀਕਾ ਅਤੇ ਮੈਕਸੀਕੋ ਦੇ ਬਾਰਡਰ 'ਤੇ ਬਣਾ ਰਹੇ ਹੋ ਇਸਦਾ ਤੁਹਾਨੂੰ ਹੀ ਨੁਕਸਾਨ ਹੋਣਾ ਹੈ। ਤੁਹਾਡੇ ਉਤਪਾਦਾਂ ਦੀ ਵੱਡੀ ਮੰਡੀ ਦੀਵਾਰ ਦੇ ਸਾਡੇ ਪਾਸੇ ਹੈ। ਅਸੀਂ ਇਸ ਪਾਸੇ ਅਮਰੀਕਾ ਨਾਲੋਂ ਸਸਤੀਆਂ ਅਤੇ ਵਧੀਆ ਕਾਰਾਂ, ਸ਼ਰਾਬ, ਫਿਲਮਾਂ ਅਤੇ ਮੀਟ ਹੋਰ ਦੇਸ਼ਾਂ ਤੋਂ ਖਰੀਦ ਸਕਦੇ ਹਾਂ। ਇੱਕ ਦਿਨ ਅਜਿਹਾ ਵੀ ਆਇਗਾ, ਜਿਸ ਦਿਨ ਤੁਸੀਂ ਆਪਣੀ ਬਣਾਈ ਦੀਵਾਰ ਨੂੰ ਆਪ ਹੀ ਢਾਹ ਸੁੱਟੋਗੇ।" ਇੱਕ ਅਸੀਂ ਹਾਂ ਕਿ ਟਰੰਪ ਦੇ ਇੱਕ ਦਬਕੇ ਨਾਲ ਅਮਰੀਕਾ ਤੋਂ ਮਾਲ ਵੀ ਮਹਿੰਗਾ ਮੰਗਵਾ ਰਹੇ ਹਾਂ ਅਤੇ ਟੈਰਿਫ ਵੀ ਘਟਾ ਦਿੱਤਾ ਹੈ। ਅਸੀਂ ਰੂਸ ਤੋਂ ਸਸਤਾ ਪੈਟਰੋਲੀਅਮ ਖਰੀਦਣ ਦੀ ਬਜਾਏ ਅਮਰੀਕਾ ਜਾਂ ਅਮਰੀਕਾ ਦੇ ਕਿਸੇ ਸਾਥੀ ਦੇਸ਼ ਤੋਂ ਮਹਿੰਗਾ ਪੈਟਰੋਲੀਅਮ ਖਰੀਦਣ ਲਈ ਮਜਬੂਰ ਹੋਵਾਂਗੇ। ਪਰ ਭਗਵਾ-ਭਗਤ ਇਹੋ ਕਹਿੰਦੇ ਰਹਿਣਗੇ ਕਿ ਮੋਦੀ ਜੀ ਜੋ ਕੁਝ ਵੀ ਕਰਦੇ ਹਨ, ਰਾਸ਼ਟਰ ਹਿਤ ਕਰਦੇ ਹਨ। ਇਸੇ ਲਈ ਅਜਿਹੇ ਭਗਤਾਂ ਦੇ ਦਿਮਾਗ ਵਿੱਚ ਗੋਹਾ ਭਰਿਆ ਕਿਹਾ ਜਾਂਦਾ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.





ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਮਾਂ-ਬੋਲੀ ਪੰਜਾਬੀ ਨੂੰ ਸਿਮਰਦਿਆਂ

ਲਿਖਤ : ਸਵਰਾਜਬੀਰ
ਸੰਪਰਕ: 95010-13006



ਮਾਂ-ਬੋਲੀ ਪੰਜਾਬੀ ਨੂੰ ਸਿਮਰਦਿਆਂ ਪੰਜਾਬੀ ਸ਼ਾਇਰ ਅਮਰਜੀਤ ਚੰਦਨ ਲਿਖਦਾ ਹੈ, "ਮਾਂ-ਬੋਲੀ ਵਿੱਚ ਮੇਰੇ ਪੁਰਖੇ ਸੁੱਤੇ/ਜਿਨ੍ਹਾਂ ਦੇ ਸੁਪਨੇ ਮੈਂ ਨਿੱਤ ਜਾਗਾਂ।" ਮਾਂ-ਬੋਲੀ ਬੋਲਣਾ ਲਿਖਣਾ ਆਪਣੇ ਪੁਰਖਿਆਂ ਨਾਲ ਸਾਂਝ ਪਾਉਣਾ ਹੈ, ਆਪਣੇ ਵਿਰਸੇ ਨਾਲ ਸਾਂਝ ਪਾਉਣਾ ਹੈ। ਪੁਰਖਿਆਂ ਨਾਲ ਸਾਂਝ ਪਾਉਣ ਦਾ ਜਸ਼ਨ ਮਾਂ-ਬੋਲੀ ਵਿੱਚ ਹੀ ਹੋ ਸਕਦਾ ਹੈ, ਕਿਸੇ ਹੋਰ ਬੋਲੀ ਵਿੱਚ ਨਹੀਂ। ਮਾਂ-ਬੋਲੀ ਵਿੱਚ ਹੀ ਪੁਰਖਿਆਂ ਦੇ ਸੁਪਨਿਆਂ ਵਿੱਚ ਜਾਗਿਆ ਜਾ ਸਕਦਾ ਹੈ ਅਤੇ ਨਵੇਂ ਸੁਪਨੇ ਬਣਾਏ-ਸਿਰਜੇ ਜਾ ਸਕਦੇ ਹਨ; ਮਾਂ-ਬੋਲੀ ਵਿੱਚ ਭਵਿੱਖ ਦੇ ਖਮੀਰ ਦੇ ਦੁੱਧ ਨੂੰ ਜਾਗ ਲੱਗਦੀ ਹੈ, ਜਿਵੇਂ ਚੰਦਨ ਨੇ ਕਿਹਾ ਹੈ, "ਮਾਂ-ਬੋਲੀ ਵਿੱਚ ਮਿਰਜ਼ੇ ਹੀਰਾਂ ਅਲਖ ਜਗਾਵਣ/ਮਾਂ-ਬੋਲੀ ਵਿੱਚ ਸ਼ਬਦ ਗੁਰਾਂ ਦੇ, ਪਰੀਆਂ ਗਾਵਣ/ਸਭ ਕੁਝ ਸਿਰਜੇ ਬਿਨਸੇ ਮਾਂ-ਬੋਲੀ ਹੀ।"

ਹੁਣ ਮਾਂ-ਬੋਲੀ ਨੂੰ ਸਿਮਰਦਿਆਂ ਪੰਜਾਬੀ ਸ਼ਾਇਰ ਜਸਵੰਤ ਜ਼ਫਰ (ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ) ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਲਿਖੀ ਚਿੱਠੀ ਵਿੱਚ ਪੰਜਾਬ ਸਰਕਾਰ ਦੇ ਇੱਕ ਹੁਕਮ ਨੂੰ ਪਹਿਲਾਂ ਅੰਗਰੇਜ਼ੀ ਵਿੱਚ ਜਾਰੀ ਕਰਨ ਤੇ ਪੰਜਾਬੀ ਵਿੱਚ ਨਾ ਜਾਰੀ ਕਰਨ 'ਤੇ ਇਤਰਾਜ਼ ਜਤਾਇਆ ਹੈ। ਬਹੁਤ ਦੇਰ ਬਾਅਦ ਪ੍ਰਸ਼ਾਸਨਿਕ ਹਲਕਿਆਂ ਵਿੱਚ ਪੰਜਾਬੀ ਦੇ ਹੱਕ ਵਿੱਚ ਆਵਾਜ਼ ਉੱਠੀ ਹੈ। ਪੰਜਾਬੀ ਕਈ ਸਦੀਆਂ ਤੋਂ ਸੱਤਾ ਦੇ ਗਲਿਆਰਿਆਂ ਵਿੱਚ ਬੇਗਾਨੀ ਹੋਈ ਖੜ੍ਹੀ ਹੈ; ਨਾ ਬਾਦਸ਼ਾਹਾਂ ਤੇ ਮਹਾਰਾਜਿਆਂ ਨੇ ਇਸ ਨੂੰ ਇਸ ਦਾ ਹੱਕ ਦਿੱਤਾ ਅਤੇ ਨਾ ਹੀ ਲੋਕਾਂ ਦੇ ਚੁਣੇ ਨੁਮਾਇੰਦਿਆਂ ਨੇ।

ਮਾਂ-ਬੋਲੀ ਲਈ ਫ਼ਿਕਰ ਇਨ੍ਹਾਂ ਦਿਨਾਂ ਵਿੱਚ ਕਈ ਰੂਪਾਂ ਵਿੱਚ ਉੱਭਰ ਰਿਹਾ ਹੈ। ਦੇਸ਼ ਦੇ ਕਈ ਹਿੱਸਿਆਂ ਦੇ ਲੋਕ ਆਪੋ-ਆਪਣੀ ਮਾਂ-ਬੋਲੀ ਲਈ ਫ਼ਿਕਰਮੰਦ ਹਨ। ਸਿਆਸੀ ਹਲਕਿਆਂ ਵਿੱਚ ਮਾਂ-ਬੋਲੀ ਦੇ ਹੱਕ ਵਿੱਚ ਸਭ ਤੋਂ ਬੁਲੰਦ ਆਵਾਜ਼ਾਂ ਕਰਨਾਟਕ ਅਤੇ ਤਾਮਿਲਨਾਡੂ 'ਚੋਂ ਉੱਠੀਆਂ ਹਨ। ਉਨ੍ਹਾਂ ਨੂੰ ਫ਼ਿਕਰ ਹੈ ਕਿ ਹੋਰ ਭਾਸ਼ਾਵਾਂ ਉਨ੍ਹਾਂ ਦੀਆਂ ਭਾਸ਼ਾਵਾਂ 'ਤੇ ਗ਼ਲਬਾ ਪਾ ਰਹੀਆਂ ਹਨ। ਉਹ ਇਨ੍ਹਾਂ ਯਤਨਾਂ ਦਾ ਵਿਰੋਧ ਕਰ ਰਹੇ ਹਨ। ਪੰਜਾਬ ਦੀਆਂ ਸਭ ਸਿਆਸੀ ਪਾਰਟੀਆਂ ਦੇ ਆਗੂ ਗਾਹੇ-ਬਗਾਹੇ ਪੰਜਾਬੀ ਦੇ ਹੱਕ ਵਿੱਚ ਆਵਾਜ਼ ਉਠਾਉਂਦੇ ਰਹੇ ਹਨ ਪਰ ਪੰਜਾਬੀ ਭਾਸ਼ਾ ਦੇ ਲਿਖਣ, ਬੋਲਣ, ਸਮਝੇ ਤੇ ਪ੍ਰਚਾਰੇ ਜਾਣ ਦੇ ਖੇਤਰਾਂ ਵਿੱਚ ਪੰਜਾਬੀ ਭਾਸ਼ਾ/ਬੋਲੀ ਉੱਥੇ ਹੀ ਖਲੋਤੀ ਹੈ ਜਿੰਨੀ 59 ਸਾਲ (1966 ਵਿੱਚ ਪੰਜਾਬੀ ਸੂਬੇ ਦੇ ਬਣਨ ਵੇਲੇ) ਪਹਿਲਾਂ ਖੜ੍ਹੀ ਸੀ ਜਾਂ ਉਨ੍ਹਾਂ ਮਾਪਦੰਡਾਂ 'ਤੇ ਵੀ ਪਿਛਾਂਹ ਗਈ ਹੈ; ਆਪਣੇ ਹੀ ਘਰ ਵਿੱਚ ਹੋ ਰਹੀ ਇਸ ਅਧੋਗਤੀ ਦਾ ਇਹ ਰੋਣਾ ਪੰਜਾਬੀ ਬੰਦਾ ਕਿਸ ਕੋਲ ਰੋਵੇ। ਇਸ ਅਧੋਗਤੀ ਵਿੱਚ ਉਹ ਆਪ ਵੀ ਸ਼ਾਮਿਲ ਹੈ; ਉਸ ਦੀ ਆਪਣੀ ਭੂਮਿਕਾ ਵੀ ਕਟਹਿਰੇ ਵਿੱਚ ਹੈ ਪਰ ਵੱਡਾ ਸਵਾਲ ਸਿਆਸੀ ਆਗੂਆਂ 'ਤੇ ਹੈ ਕਿ ਆਪਣੀ ਭਾਸ਼ਾ ਦੇ ਹੱਕ ਵਿੱਚ ਉਨ੍ਹਾਂ ਦੀ ਆਵਾਜ਼ ਬੁਲੰਦ ਕਿਉਂ ਨਹੀਂ ਹੈ।

ਦਲੀਲ ਦਿੱਤੀ ਜਾ ਸਕਦੀ ਹੈ ਕਿ ਕੀ ਫ਼ਰਕ ਪੈਂਦਾ ਹੈ ਕਿ ਕੋਈ ਹੁਕਮ ਅੰਗਰੇਜ਼ੀ ਵਿੱਚ ਜਾਰੀ ਹੋਵੇ ਜਾਂ ਪੰਜਾਬੀ ਵਿੱਚ ਪਰ ਗੱਲ ਸਿਰਫ਼ ਇੱਕ ਹੁਕਮ ਦੀ ਨਹੀਂ ਹੈ ਸਗੋਂ ਪੰਜਾਬੀ ਨੂੰ ਵਿਸਾਰੇ ਜਾਣ ਦੇ ਵਰਤਾਰੇ ਦੀ ਹੈ। ਮਾਂ-ਬੋਲੀ ਜਾਂ ਲੋਕ ਬੋਲੀ ਨਜ਼ਮ ਹੁਸੈਨ ਸਈਅਦ ਦੇ ਸ਼ਬਦਾਂ ਵਿੱਚ ਉਹ ਹੁੰਦੀ ਹੈ, "ਲੋਕ ਬੋਲੜੀ ਉਹ/ਜਿਹੜੀ ਖਲਕ ਦੇ ਵਿੱਸਰੇ ਬੋਲ ਬੋਲੇ।" ਇਸ ਕਵਿਤਾ ਵਿੱਚ ਉਹ ਲਿਖਦੇ ਨੇ- "ਸਾਂਝ, ਮਿੱਸੜਾ ਕੌਲ ਕਰਾਰ/ਲੋਕ ਬੋਲੜੀ ਉਹ... ਤਲੀ ਤਲੀ ਜਗਾਏ ਜੋ ਲੇਖ ਬੁਝੇ।" ਹਾਂ, ਮਾਂ-ਬੋਲੀ, ਲੋਕ ਬੋਲੀ ਉਹ ਹੁੰਦੀ ਏ ਜਿਹੜੀ ਖ਼ਲਕਤ ਦੇ ਵਿਸਰੇ ਬੋਲ ਬਨਦੀ, ਸਾਂਝਾਂ ਸਿਰਜਦੀ, ਮਿੱਸੇ ਕੌਲ ਕਰਾਰ ਬਨਦੀ ਏ, ਤਲੀ ਤਲੀ 'ਤੇ ਜਗਾਉਂਦੀ ਏ ਬੁਝੇ ਲੇਖ। ਉਸ ਮਾਂ-ਬੋਲੀ/ਲੋਕ ਬੋਲੀ ਦਾ ਕੀ ਹਾਲ ਹੋਵੇਗਾ ਜਿਸ ਨੂੰ ਉਸ ਦੇ ਆਪਣੇ ਲੋਕ ਵੀ ਵਿਸਾਰਦੇ ਪਏ ਨੇ ਤੇ ਸਰਕਾਰ ਵੀ। ਸਿਆਸੀ ਆਗੂ ਵੋਟਾਂ ਮੰਗਣ ਤੇ ਸੱਤਾ ਦੇ ਮਹਿਲਾਂ ਵਿੱਚ ਪ੍ਰਵੇਸ਼ ਕਰਨ ਲਈ ਤਾਂ ਪੰਜਾਬੀ ਬੋਲਦੇ ਨੇ ਤੇ ਉਸ ਵੇਲੇ ਪੰਜਾਬੀ ਦੇ ਹੱਕ ਵਿੱਚ ਗੱਲਾਂ ਵੀ ਕਰਦੇ ਨੇ ਪਰ ਸੱਤਾ ਵਿੱਚ ਆਉਣ 'ਤੇ ਪੰਜਾਬੀ ਬੋਲੀ ਸੱਤਾ ਦੇ ਚਮਕਦੇ ਦੁਆਰਾਂ ਸਾਹਮਣੇ ਉੱਥੇ ਖੜ੍ਹੀ ਰਹਿ ਜਾਂਦੀ ਏ ਜਿੱਥੇ ਪਹਿਲਾਂ ਖੜ੍ਹੀ ਸੀ।

ਕੁਝ ਸਮਾਂ ਪਹਿਲਾਂ ਲਿਖੇ ਆਪਣੇ ਲੇਖ 'ਧਨੀ ਰਾਮ ਚਾਤ੍ਰਿਕ ਦੀ ਚਿੰਤਾ ਨੂੰ ਸਮਝਦਿਆਂ' ਵਿੱਚ ਮੈਂ ਪੰਜਾਬੀ ਭਾਸ਼ਾ ਦੀਆਂ ਸਮੱਸਿਆਵਾਂ ਨੂੰ ਚਾਤ੍ਰਿਕ ਦੀ ਮਸ਼ਹੂਰ ਕਵਿਤਾ 'ਅਸੀਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ' ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਗੀਤ ਵਾਂਗ ਲਿਖੀ ਇਹ ਕਵਿਤਾ ਦਿਲ ਨੂੰ ਧੂਹ ਪਾਉਂਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ:

ਅਸੀਂ ਨਹੀਂ ਭੁਲਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,

ਹੱਥੋਂ ਨਹੀਂ ਗੁਆਉਣੀ,
ਬੋਲੀ ਹੈ ਪੰਜਾਬੀ ਸਾਡੀ।

ਤ੍ਰਿੰਝਣਾਂ ਭੰਡਾਰਾਂ ਵਿੱਚ,
ਵੰਝਲੀ ਤੇ ਵਾਰਾਂ ਵਿੱਚ,

ਮਿੱਠੀ ਤੇ ਸੁਹਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਜੋਧ ਤੇ ਕਮਾਈਆਂ ਵਿੱਚ,
ਜੰਗਾਂ ਤੇ ਲੜਾਈਆਂ ਵਿੱਚ,

ਏਹੋ ਜਿੰਦ ਪਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਫੁੱਲਾਂ ਦੀ ਕਿਆਰੀ ਸਾਡੀ,
ਸੁੱਖਾਂ ਦੀ ਅਟਾਰੀ ਸਾਡੀ,

ਭੁੱਲ ਕੇ ਨਹੀਂ ਢਾਉਣੀ,
ਬੋਲੀ ਹੈ ਪੰਜਾਬੀ ਸਾਡੀ।

ਪਹਿਲੀ ਨਜ਼ਰੇ ਕਿਹਾ ਜਾ ਸਕਦਾ ਹੈ ਕਿ ਇਹ ਖ਼ੂਬਸੂਰਤ ਕਵਿਤਾ ਧਨੀ ਰਾਮ ਚਾਤ੍ਰਿਕ ਦੇ ਪੰਜਾਬੀ ਪ੍ਰਤੀ ਪਿਆਰ ਨੂੰ ਪ੍ਰਗਟ ਕਰਦੀ ਅਤੇ ਪੰਜਾਬੀ ਪਿਆਰਿਆਂ ਦੀ ਆਪਣੀ ਭਾਸ਼ਾ ਪ੍ਰਤੀ ਸ਼ਰਧਾ ਤੇ ਪ੍ਰੇਮ ਨੂੰ ਜ਼ੁਬਾਨ ਦਿੰਦੀ ਹੈ ਪਰ ਕਿਸੇ ਨਾ ਕਿਸੇ ਪੱਧਰ 'ਤੇ ਇਹ ਕਵਿਤਾ ਪ੍ਰੇਸ਼ਾਨ ਵੀ ਕਰਦੀ ਹੈ।

ਮੈਂ ਬਹੁਤ ਵਾਰ ਆਪਣੇ ਆਪ ਨੂੰ ਧਨੀ ਰਾਮ ਚਾਤ੍ਰਿਕ ਹੋਰਾਂ ਦੇ ਸਮੇਂ ਵਿੱਚ ਵਾਪਸ ਲੈ ਕੇ ਜਾਣ ਦੀ ਕਲਪਨਾ ਕਰਦਿਆਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਮਨ ਵਿੱਚ ਇਹ ਚਿੰਤਾ ਕਿਉਂ ਉੱਭਰੀ ਕਿ ਅਸੀਂ ਪੰਜਾਬੀ ਬੋਲੀ ਨੂੰ ਭੁਲਾਉਣਾ ਨਹੀਂ; ਸਪੱਸ਼ਟ ਹੈ ਧਨੀ ਰਾਮ ਚਾਤ੍ਰਿਕ ਇਹ ਵਰਤਾਰਾ ਕਿ ਪੰਜਾਬੀ ਬੋਲੀ ਨੂੰ ਭੁਲਾਇਆ ਜਾ ਰਿਹਾ ਹੈ, ਆਪਣੇ ਸਾਹਮਣੇ ਦੇਖ ਰਹੇ ਸਨ; ਇਸੇ ਲਈ ਉਨ੍ਹਾਂ ਦੇ ਦਿਲ ਵਿੱਚੋਂ ਹੂਕ ਉੱਠੀ- "ਅਸੀਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।"

ਬਾਬੂ ਫਿਰੋਜ਼ਦੀਨ ਸ਼ਰਫ਼ ਦੀ ਮਸ਼ਹੂਰ ਕਵਿਤਾ 'ਆਪਣੀ ਬੋਲੀ ਨਾਲ ਪਿਆਰ' ਵਿੱਚ ਵੀ ਧਨੀ ਰਾਮ ਚਾਤ੍ਰਿਕ ਵਾਲਾ ਫ਼ਿਕਰ ਹਾਜ਼ਰ ਹੈ। ਬਾਬੂ ਜੀ ਲਿਖਦੇ ਹਨ- "ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ਼ ਸੇਵਕ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।" ਫ਼ਿਕਰ ਉਹੋ ਹੈ; ਇਹ ਉਹ ਵੇਲੇ ਸਨ ਜਦ ਪੰਜਾਬੀ ਦੇ ਪਿਆਰਿਆਂ ਨੂੰ ਪੰਜਾਬੀ ਦੀ ਖ਼ੈਰ ਮੰਗਣੀ ਪੈ ਰਹੀ ਸੀ। ਸਵਾਲ ਇਹ ਹੈ ਕਿ ਖ਼ੈਰ ਮੰਗਣ ਦਾ ਪ੍ਰਸ਼ਨ ਉਦੋਂ ਕਿਉਂ ਪੈਦਾ ਹੋ ਰਿਹਾ ਸੀ ਤੇ ਹੁਣ ਵੀ ਕਿਉਂ ਪੈਦਾ ਹੋ ਰਿਹਾ ਹੈ? ਇਹ ਚਿੰਤਾ ਕਿ ਅਸੀਂ ਪੰਜਾਬੀ ਬੋਲੀ ਨੂੰ ਨਹੀਂ ਭੁਲਾਉਣਾ, ਚਾਤ੍ਰਿਕ ਦੇ ਮਨ ਵਿੱਚ ਕਿਉਂ ਪੈਦਾ ਹੋ ਰਹੀ ਸੀ? ਦਰਅਸਲ, ਚਾਤ੍ਰਿਕ ਜੀ ਦਾ ਮਨ ਆਪਣੇ ਵੇਲੇ ਦੇ ਪੈਰਾਂ ਦਾ ਖੜਾਕ ਅਤੇ ਆਉਣ ਵਾਲੇ ਸਮੇਂ ਦੇ ਪੈਰਾਂ ਦਾ ਖੜਾਕ ਸੁਣ ਰਿਹਾ ਸੀ, ਜਦੋਂ ਪੰਜਾਬੀ ਭੁੱਲ ਜਾਣੀ ਹੈ, ਭੁਲਾਈ ਜਾਣੀ ਹੈ।

ਧਨੀ ਰਾਮ ਚਾਤ੍ਰਿਕ ਦੇ ਸਮਿਆਂ (ਜਨਮ 1876, ਦੇਹਾਂਤ 1954) ਵਿੱਚ ਪੰਜਾਬੀ ਬੋਲੀ ਨੂੰ ਭੁਲਾਉਣ, ਮਧੋਲਣ ਅਤੇ ਇਸ ਨੂੰ ਪੱਛੜੀ ਹੋਈ ਬੋਲੀ ਕਹਿਣ ਦਾ ਵਰਤਾਰਾ ਸਿਖਰਾਂ 'ਤੇ ਸੀ। ਅੰਗਰੇਜ਼ਾਂ ਨੇ ਉਰਦੂ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ ਸੀ ਅਤੇ ਸਰਕਾਰੀ ਸਕੂਲਾਂ, ਕਾਲਜਾਂ ਆਦਿ ਵਿੱਚ ਪੜ੍ਹਾਈ-ਲਿਖਾਈ ਉਰਦੂ ਅਤੇ ਅੰਗਰੇਜ਼ੀ ਵਿੱਚ ਹੁੰਦੀ ਸੀ। ਪਰ 1947 ਤੇ ਫਿਰ 1966 ਵਿੱਚ ਤਾਂ ਸਥਿਤੀ ਬਦਲੀ ਤੇ ਖ਼ਾਸ ਕਰ ਕੇ 1967 ਵਿੱਚ ਜਦੋਂ ਲਛਮਣ ਸਿੰਘ ਗਿੱਲ ਦੀ ਅਗਵਾਈ ਵਾਲੀ ਸਰਕਾਰ ਸਮੇਂ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਬਣਾਉਣ ਦਾ ਕਾਨੂੰਨ ਬਣਾਇਆ ਗਿਆ।

ਉਸ ਐਕਟ ਤੋਂ ਬਾਅਦ ਗੱਲ ਅੱਗੇ ਤੁਰ ਸਕਦੀ ਸੀ ਜੇ ਸਾਡੇ ਸਿਆਸਤਦਾਨ ਤੇ ਪ੍ਰਸ਼ਾਸਨਿਕ ਅਧਿਕਾਰੀ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਬਾਰੇ ਸੁਹਿਰਦ ਤੇ ਸੰਵੇਦਨਸ਼ੀਲ ਹੁੰਦੇ, ਜੇ ਉਹ ਉਸ ਮਾਂ-ਬੋਲੀ ਦਾ ਸਿਮਰਨ ਕਰਨ ਵਾਲੇ ਹੁੰਦੇ ਜਿਸ ਨੂੰ ਸ਼ੇਖ਼ ਫ਼ਰੀਦ ਅਤੇ ਗੁਰੂ ਨਾਨਕ ਦੇਵ ਜੀ ਨੇ ਵਿਚਾਰਾਂ ਦੀ ਭਾਸ਼ਾ ਵਜੋਂ ਰੁਸ਼ਨਾਇਆ ਸੀ, ਜਿਸ ਵਿੱਚ ਪਰੀਆਂ ਨੇ ਸ਼ਬਦ ਗਾਏ ਨੇ, ਜਿਸ ਵਿੱਚ ਰੁੱਤਾਂ ਫਿਰਦੀਆਂ ਤੇ ਵਣ ਕੰਬਦੇ ਨੇ, ਮੋਰ ਰੁਣਝੁਣ ਲਾਉਂਦੇ ਨੇ, ਜਿਸ ਵਿੱਚ ਤੁਰਦੇ ਪਾਂਧੀਆਂ ਦੇ ਨਾਲ ਨਾਲ ਚਿੜੀਆਂ ਚੂਕਦੀਆਂ ਨੇ, ਗੀਤ ਚੁੰਝ ਭਰਦੇ ਨੇ। ਸਿਆਸੀ ਆਗੂ ਭੁੱਲ ਜਾਂਦੇ ਨੇ ਕਿ ਇਹ ਉਹੀ ਬੋਲੀ ਹੈ, ਜਿਸ ਵਿੱਚ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮ ਵਿਰੁੱਧ ਬਾਬਰਵਾਣੀ ਲਿਖੀ ਸੀ ਤੇ ਜਿਸ ਵਿੱਚ ਬਾਂਕੇ ਦਿਆਲ ਦੀ ਪੁਕਾਰ 'ਪਗੜੀ ਸੰਭਾਲ ਜੱਟਾ' ਨੇ 1907 ਵਿੱਚ ਉਸ ਸਮੇਂ ਦੇ ਕਿਸਾਨ ਅੰਦੋਲਨ ਵਿੱਚ ਨਵੀਂ ਸ਼ਬਦ-ਰੂਹ ਫੂਕੀ ਸੀ ਅਤੇ ਫਿਰ ਲਗਾਤਾਰ 'ਬਲਦੇ ਹੱਥ' ਲੋਕ-ਹੱਕਾਂ ਲਈ ਤੇ ਜ਼ੁਲਮ-ਜਬਰ ਦੇ ਵਿਰੁੱਧ ਆਪਣੇ ਹਰਫ਼ 'ਹਵਾ ਵਿੱਚ' ਤੇ ਕਾਗਜ਼ਾਂ 'ਤੇ ਲਿਖਦੇ ਆਏ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਪੰਜਾਬੀ ਬੋਲੀ ਦੇ ਇਨ੍ਹਾਂ ਇਤਿਹਾਸਾਂ ਦਾ ਨਹੀਂ ਪਤਾ ਪਰ ਪੰਜਾਬ ਦੇ ਸਿਆਸੀ ਆਗੂਆਂ ਨੂੰ ਤਾਂ ਪਤਾ ਹੈ।

ਪ੍ਰਮੁੱਖ ਸਮੱਸਿਆ ਇਹ ਹੈ ਕਿ ਭਾਸ਼ਾ ਦੇ ਸਵਾਲ ਨੂੰ ਭਾਵੁਕਤਾ ਜਾਂ ਉਪਭਾਵੁਕਤਾ ਨਾਲ ਨਹੀਂ ਨਜਿੱਠਿਆ ਜਾ ਸਕਦਾ। ਪਰ ਇਹ ਵੀ ਵਿਸਾਰਨਾ ਨਹੀਂ ਚਾਹੀਦਾ ਕਿ ਭਾਵੁਕਤਾ ਮਨੁੱਖੀ ਮਨ ਤੇ ਭਾਵਾਂ ਦੀ ਠੋਸ ਜ਼ਮੀਨ 'ਤੇ ਪਲਦੀ ਹੈ; ਜਜ਼ਬੇ ਇਸ ਦੀ ਮਿੱਟੀ ਵਿੱਚ ਹੀ ਜਵਾਨ ਹੁੰਦੇ ਹਨ ਅਤੇ ਤਰਕ ਵੀ ਇਸੇ ਖ਼ਮੀਰ ਵਿੱਚੋਂ ਹੋਂਦ ਵਿੱਚ ਆਉਂਦਾ ਹੈ। ਪੰਜਾਬੀ ਭਾਸ਼ਾ ਨੂੰ ਲਾਗੂ ਕਰਨ-ਕਰਵਾਉਣ ਦਾ ਤਰਕ ਵੀ ਸਾਡੀਆਂ ਭਾਵਨਾਵਾਂ 'ਚੋਂ ਉੱਭਰਨਾ ਹੈ ਤੇ ਸਥਿਤੀ ਬਾਬੂ ਰਜਬ ਅਲੀ ਦੇ ਦਹਾਕਿਆਂ ਪਹਿਲਾਂ ਲਿਖੇ ਸ਼ਬਦਾਂ ਵਾਲੀ ਹੈ, "ਬਾਬੂ ਜੀ, ਪੰਜਾਬੀ ਫਿਰੇ ਸਿਖਦਾ ਜ਼ੁਬਾਨਾਂ ਹੋਰ।"

ਇਸ ਤਰ੍ਹਾਂ, ਪੰਜਾਬੀ ਭਾਸ਼ਾ ਲਾਗੂ ਕਰਨ-ਕਰਵਾਉਣ ਦਾ ਤਰਕ ਸਾਡੀ ਭਾਵੁਕਤਾ 'ਚੋਂ ਹੀ ਉਸਰਨਾ ਹੈ। ਜਸਵੰਤ ਜ਼ਫਰ ਨੇ ਵੀ ਉਪਰੋਕਤ ਚਿੱਠੀ ਭਾਵੁਕਤਾ ਦੀ ਜ਼ਮੀਨ 'ਤੇ ਖਲੋ ਕੇ ਲਿਖੀ ਹੈ ਪਰ ਇਸ ਵਿਚਲਾ ਤਰਕ ਲੋਕਾਂ ਦੇ ਹੱਕ ਵਿੱਚ ਖਲੋਂਦਾ ਹੈ; ਲੋਕ ਬੋਲੀ ਹੀ ਲੋਕ-ਹੱਕਾਂ ਦੀ ਵਾਹਕ ਬਣ ਸਕਦੀ ਹੈ।

ਪੰਜਾਬੀ ਭਾਸ਼ਾ/ਬੋਲੀ ਨੂੰ ਅਸੀਂ ਲੋਕ ਬੋਲੀ ਤੱਕ ਸੀਮਤ ਨਹੀਂ ਰੱਖਣਾ, ਅਸੀਂ ਵੀ ਉਹ ਸਫ਼ਰ ਕਰਨੇ ਹਨ ਜਿਹੜੇ ਹੋਰ ਭਾਸ਼ਾਵਾਂ ਨੇ ਤੈਅ ਕੀਤੇ ਹਨ। ਪੰਜਾਬੀ ਆਲੋਚਕ ਸੁਖਦੇਵ ਸਿੰਘ ਸਿਰਸਾ ਅਨੁਸਾਰ, ਗੱਲ ਸਿਆਸੀ ਆਗੂਆਂ ਦੀ ਭਾਸ਼ਾ ਦੀ ਨਹੀਂ ਸਗੋਂ ਭਾਸ਼ਾ ਦੀ ਸਿਆਸਤ ਦੀ ਹੈ ਜਿਸ ਵਿੱਚੋਂ ਇਹ ਸਵਾਲ ਉੱਭਰਦੇ ਹਨ: ਕੌਣ ਪੰਜਾਬੀ ਭਾਸ਼ਾ ਨੂੰ ਸੰਪੂਰਨ ਰੂਪ ਵਿੱਚ ਰਾਜ ਭਾਸ਼ਾ ਨਹੀਂ ਬਣਨ ਦੇ ਰਿਹਾ? ਉਹ ਕਿਹੜੇ ਵਿਅਕਤੀ ਹਨ ਜੋ ਇਸ ਰਾਹ ਵਿੱਚ ਅੜਿੱਕੇ ਖੜ੍ਹੇ ਕਰਦੇ ਹਨ? ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਵਿੱਚ ਔਖਿਆਈ ਕਿਨ੍ਹਾਂ ਲੋਕਾਂ ਨੂੰ ਹੁੰਦੀ ਹੈ? ਕਿਉਂ ਸਾਡੇ ਸਿਆਸੀ ਆਗੂਆਂ ਦੀ ਰੂਹ ਵਿੱਚ ਪੰਜਾਬੀ ਭਾਸ਼ਾ/ਬੋਲੀ ਨਾਲ ਪਿਆਰ ਦੇ ਪੱਤਰ ਨਹੀਂ ਮੌਲਦੇ? ਇਸ ਵਰਤਾਰੇ, ਕਿ ਪੰਜਾਬੀ ਸਹੀ ਅਰਥਾਂ ਵਿੱਚ ਰਾਜ ਭਾਸ਼ਾ ਨਾ ਬਣੇ, 'ਚੋਂ ਫ਼ਾਇਦਾ ਕਿਸ ਨੂੰ ਹੋ ਰਿਹਾ ਹੈ ਤੇ ਨੁਕਸਾਨ ਕਿਸ ਨੂੰ? ਮਾਂ-ਬੋਲੀ ਪੰਜਾਬੀ ਨੂੰ ਸਿਮਰਦਿਆਂ ਇਹ ਸਵਾਲ ਸੋਚਾਂ ਸਾਹਮਣੇ ਕੰਡਿਆਲੇ ਰੁੱਖਾਂ ਵਾਂਗ ਖੜ੍ਹੇ ਹੋ ਜਾਂਦੇ ਹਨ।

ਇਸ ਲੇਖ ਦਾ ਅਨੁਵਾਨ ਮਰਹੂਮ ਪੰਜਾਬੀ ਚਿੰਤਕ ਸਤਯਪਾਲ ਗੌਤਮ ਦੀ ਅਮਰਜੀਤ ਚੰਦਨ ਦੀ ਕਿਤਾਬ 'ਛੰਨਾ' ਦੀ ਭੂਮਿਕਾ 'ਮਾਂ-ਬੋਲੀ ਸਿਮਰਦਿਆਂ' ਤੋਂ ਹੁਦਾਰਾ ਲਿਆ ਗਿਆ ਹੈ। ਇਸ ਲੇਖ ਵਿੱਚ ਗੌਤਮ ਨੇ ਲਿਖਿਆ ਸੀ, "ਜਦੋਂ ਵੀ ਅਸੀਂ ਦੁਨੀਆ ਵੱਲ ਝਾਕਦੇ ਹਾਂ ਤਾਂ ਸਾਨੂੰ ਲਫ਼ਜ਼ ਨਹੀਂ, ਸ਼ੈਆਂ ਨਜ਼ਰ ਆਉਂਦੀਆਂ ਹਨ। ਪਰ ਬਿਨਾਂ ਮਾਂ-ਬੋਲੀ ਦੇ, ਇਨ੍ਹਾਂ ਸ਼ੈਆਂ ਸਥਿਤੀਆਂ ਦੇ ਅਨੁਭਵ ਸਾਡੇ ਲਈ ਉਹੋ ਨਹੀਂ ਹੁੰਦੇ, ਹੋ ਨਹੀਂ ਸਕਦੇ, ਜਿਹੜਾ ਵਾਸਤਾ ਮਾਂ-ਬੋਲੀ ਮਾਰਫ਼ਤ ਬਣਦਾ ਹੈ।" ਇਸ ਸਬੰਧੀ ਵੱਡੀ ਸਿਧਾਂਤਕਾਰੀ ਉਪਲੱਬਧ ਹੈ ਕਿ ਮਾਂ-ਬੋਲੀ ਤੋਂ ਬੇਗਾਨੇ ਹੋਏ ਬੱਚੇ ਤੇ ਲੋਕ ਸੱਭਿਆਚਾਰਕ ਤੇ ਰੂਹਾਨੀ ਪੱਖ ਤੋਂ ਹੀ ਲਿੱਸੇ ਨਹੀਂ ਰਹਿੰਦੇ ਸਗੋਂ ਉਹ ਮੌਲਿਕ ਸਿਰਜਣਾਤਮਕ ਕੰਮ ਕਰਨ ਤੋਂ ਵੀ ਅਸਮਰੱਥ ਹੁੰਦੇ ਹਨ।

ਇਨ੍ਹਾਂ ਹਾਲਾਤ ਵਿੱਚ ਜਿੱਥੇ ਮਾਂ-ਬੋਲੀ ਪੰਜਾਬੀ ਨੂੰ ਸਿਮਰਨਾ ਤੇ ਇਸ ਦੀ ਤਰੱਕੀ ਲਈ ਕੰਮ ਕਰਨਾ ਸਾਡੀ ਭਾਵਨਾਤਮਕ ਲੋੜ ਹੈ, ਉੱਥੇ ਇਹ ਪੰਜਾਬ ਦੀ ਹੋਂਦ ਨੂੰ ਕਾਇਮ ਰੱਖਣ ਅਤੇ ਇੱਥੋਂ ਦੇ ਬੱਚਿਆਂ ਦੇ ਭਵਿੱਖ ਦੀ ਸਿਰਜਣ-ਸ਼ਕਤੀ ਨੂੰ ਬਚਾਉਣ ਲਈ ਵੀ ਜ਼ਰੂਰੀ ਹੈ। ਮਾਂ-ਬੋਲੀ/ਭਾਸ਼ਾ ਤੋਂ ਬੇਗਾਨੇ ਹੋਏ ਲੋਕ ਕਦੇ ਵੀ ਆਪਣੇ ਹੋਣ, ਵਿਗਸਣ ਤੇ ਮੌਲਣ ਦੇ ਸੰਸਾਰ ਨਹੀਂ ਸਿਰਜ ਸਕਦੇ। ਜ਼ਰੂਰਤ ਹੈ ਕਿ ਸਰਕਾਰ ਤੇ ਲੋਕ ਜਸਵੰਤ ਜ਼ਫਰ ਦੀ ਲਿਖੀ ਚਿੱਠੀ ਵਿਚਲੀ ਭਾਵਨਾ ਨੂੰ ਸਮਝਣ, ਉਸ ਤੋਂ ਉਤੇਜਿਤ ਹੋਣ ਅਤੇ ਅਸੀਂ ਮਾਂ-ਬੋਲੀ ਪੰਜਾਬੀ ਨੂੰ ਰਾਜ ਭਾਸ਼ਾ, ਲੋਕ-ਬੋਲੀ ਅਤੇ ਵਿਚਾਰਾਂ ਤੇ ਵਿਗਿਆਨ ਦੀ ਭਾਸ਼ਾ ਬਣਾਉਣ ਦੀ ਰਾਹ 'ਤੇ ਉਸ ਸਿਦਕ ਤੇ ਸਿਰੜ ਨਾਲ ਤੁਰੀਏ ਜੋ ਪੰਜਾਬ ਤੇ ਪੰਜਾਬੀਆਂ ਦਾ ਵਿਰਸਾ ਹੈ।

# ਖੇਤੀ ਸੰਕਟ
## ਅਤੇ ਪੇਸ਼ਾਵਰ ਵੰਨ-ਸਵੰਨਤਾ

**ਲਿਖਤ : ਡਾ. ਸ ਸ ਛੀਨਾ**



ਖੇਤੀ ਸਮੱਸਿਆਵਾਂ ਦਾ ਹੱਲ ਖੇਤੀ ਆਮਦਨ ਵਧਣਾ ਹੈ ਜਾਂ ਖੇਤੀ ਵਿੱਚ ਘੱਟ ਆਮਦਨ ਦਾ ਮੁੱਦਾ ਹੈ ਪਰ ਕੀ ਇਹ ਆਮਦਨ ਵੱਡੇ ਪੈਮਾਨੇ ਦੇ ਕਿਸਾਨਾਂ ਦੀ ਵੀ ਘੱਟ ਹੈ? ਕੀ ਇਹ ਹੁਣ ਹੀ ਘੱਟ ਹੋਈ ਹੈ? ਇਨ੍ਹਾਂ ਸਵਾਲਾਂ ਨੂੰ ਖੇਤੀ ਸਮੱਸਿਆਵਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਜਵਾਬ ਲੱਭਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਸਮੱਸਿਆਵਾਂ 1950 ਤੋਂ ਬਾਅਦ ਲਗਾਤਾਰ ਵਧਦੀਆਂ ਗਈਆਂ ਕਿਉਂ ਜੋ ਇਨ੍ਹਾਂ ਸਾਲਾਂ ਵਿੱਚ ਔਸਤ ਜੋਤ ਦਾ ਆਕਾਰ ਲਗਾਤਾਰ ਘਟਦਾ ਗਿਆ ਹੈ। ਇਸ ਵਕਤ ਭਾਰਤ ਦੇ 40 ਫ਼ੀਸਦੀ ਕਿਸਾਨਾਂ ਦੀ ਜੋਤ 1 ਏਕੜ ਤੋਂ ਵੀ ਘੱਟ ਹੈ; 74 ਫ਼ੀਸਦੀ ਸੀਮਾਂਤ ਕਿਸਾਨ ਹਨ ਜਾਂ 2.5 ਏਕੜ ਤੋਂ ਘੱਟ ਜੋਤ ਹੈ। ਇਹ ਉਹ ਵਰਗ ਹੈ ਜਿਨ੍ਹਾਂ ਵਿੱਚੋਂ ਜ਼ਿਆਦਾ ਨੂੰ ਅਨਾਜ ਵੀ ਘੱਟੋ-ਘੱਟ ਸਮਰਥਨ ਕੀਮਤ 'ਤੇ ਖਰੀਦਣਾ ਪੈਂਦਾ ਹੈ। ਇਨ੍ਹਾਂ ਦੀ ਆਮਦਨ ਦੁੱਗਣੀ ਵੀ ਹੋ ਜਾਵੇ ਤਾਂ ਵੀ ਇਹ ਸਵੈ-ਨਿਰਭਰ ਨਹੀਂ ਹੋ ਸਕਦੇ। ਪ੍ਰਸਿੱਧ ਖੇਤੀ ਅਰਥ ਸ਼ਾਸਤਰੀ ਡਾ. ਜੀਐੱਸ ਭੱਲਾ ਨੇ 2007 ਵਿੱਚ ਅਧਿਐਨ ਕੀਤਾ ਸੀ ਜਿਸ ਦਾ ਸਿੱਟਾ ਇਹ ਸੀ ਕਿ ਜਿਨ੍ਹਾਂ ਕਿਸਾਨਾਂ ਕੋਲ 15 ਏਕੜ ਤੋਂ ਘੱਟ ਜੋਤ ਹੈ, ਉਨ੍ਹਾਂ ਦੇ ਖ਼ਰਚ ਆਪਣੀ ਖੇਤੀ ਉਪਜ ਦੀ ਆਮਦਨ ਨਾਲ ਪੂਰੇ ਨਹੀਂ ਹੋ ਸਕਦੇ। ਇਹੋ ਜਿਹੇ ਵਿਚਾਰ ਹੀ ਹੋਰ ਖੇਤੀ ਅਰਥ ਸ਼ਾਸਤਰੀਆਂ ਦੇ ਹਨ।

2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਸੁਫਨਾ ਸ਼ਲਾਘਾਯੋਗ ਸੀ ਕਿ 5 ਸਾਲਾਂ ਵਿੱਚ ਖੇਤੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ ਪਰ ਇਹ ਨਾ ਹੋ ਸਕਿਆ। ਇਸ ਦਾ ਅਰਥ ਇਹ ਨਹੀਂ ਕਿ ਖੇਤੀ ਆਮਦਨ ਵਧਾਉਣ ਦਾ ਉਦੇਸ਼ ਛੱਡ ਦੇਣਾ ਚਾਹੀਦਾ ਹੈ। ਖੇਤੀ ਅਰਥ ਵਿਵਸਥਾ ਸਮੁੱਚੀ ਅਰਥ ਵਿਵਸਥਾ ਦਾ ਹਿੱਸਾ ਹੈ ਅਤੇ ਸਮੁੱਚੀ ਅਰਥ ਵਿਵਸਥਾ ਖੇਤੀ ਅਰਥ ਵਿਵਸਥਾ ਨੂੰ ਪ੍ਰਭਾਵਿਤ ਕਰਦੀ ਹੈ।

ਭਾਰਤ ਵਸੋਂ ਦੇ ਵੱਡੇ ਭਾਰ ਵਾਲਾ ਦੇਸ਼ ਹੈ। ਭਾਰਤ ਕੋਲ ਦੁਨੀਆ ਦਾ ਸਿਰਫ਼ 2.4 ਫ਼ੀਸਦੀ ਖੇਤਰ ਹੈ ਅਤੇ ਵਸੋਂ 17.6 ਫ਼ੀਸਦੀ ਹੈ। ਪਾਣੀ ਖੇਤੀ ਲਈ ਸਭ ਤੋਂ ਵੱਡੀ ਜ਼ਰੂਰਤ ਹੈ ਪਰ ਪਾਣੀ ਦੇ ਸਾਧਨ ਵੀ ਸਿਰਫ਼ 4 ਫ਼ੀਸਦੀ ਹਨ। 60 ਫ਼ੀਸਦੀ ਸਿੰਜਾਈ ਲਈ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਹੈ ਜਿਸ ਕਰ ਕੇ ਪਾਣੀ ਦਾ ਪੱਧਰ ਬਹੁਤ ਥੱਲੇ ਚਲੇ ਗਿਆ ਹੈ। ਇਸ ਨੇ ਵਾਤਾਵਰਨ ਦਾ ਵਿਗਾੜ ਵੀ ਪੈਦਾ ਕਰ ਦਿੱਤਾ ਹੈ। ਇਸ ਲਈ ਵਸੋਂ ਦਾ ਖੇਤੀ 'ਤੇ ਭਾਰ ਘਟਾਉਣਾ ਖੇਤੀ ਸਮੱਸਿਆਵਾਂ ਦੇ ਉਦੇਸ਼ ਵਿੱਚ ਸਭ ਤੋਂ ਉੱਤੇ ਹੈ ਜੋ ਰੁਜ਼ਗਾਰ ਵਧਣ 'ਤੇ ਨਿਰਭਰ ਕਰਦਾ ਹੈ।

ਕੋਈ 40 ਸਾਲ ਪਹਿਲਾਂ ਦੁਨੀਆ ਦੇ ਤਿੰਨ ਅਮੀਰ ਦੇਸ਼ ਜਪਾਨ, ਇੰਗਲੈਂਡ ਅਤੇ ਜਰਮਨੀ ਦੀ ਵਸੋਂ (ਘਣਤਾ ਪ੍ਰਤੀ ਕਿਲੋਮੀਟਰ) ਭਾਰਤ ਤੋਂ ਵੀ ਜ਼ਿਆਦਾ ਸੀ। ਜਪਾਨ ਦੀ ਔਸਤ ਜੋਤ ਭਾਰਤ ਤੋਂ ਵੀ ਛੋਟੀ ਸੀ ਪਰ ਪ੍ਰਤੀ ਕਿਸਾਨ ਘਰ ਜਪਾਨ ਦੀ ਆਮਦਨ ਭਾਰਤ ਦੇ ਕਿਸਾਨ ਤੋਂ 50 ਗੁਣਾਂ ਤੋਂ ਵੀ ਵੱਧ ਸੀ। ਇਹ ਖੇਤੀ ਕਰ ਕੇ ਨਹੀਂ ਸਗੋਂ ਉਦਯੋਗਾਂ ਕਰ ਕੇ ਸੀ। ਜਿੰਨੀ ਅਰਧ ਬੇਰੁਜ਼ਗਾਰੀ ਭਾਰਤੀ ਕਿਸਾਨੀ ਵਿੱਚ ਹੈ, ਓਨੀ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਨਹੀਂ। ਜਪਾਨ ਵਿੱਚ ਖੇਤੀ ਵਸੋਂ ਦੀ ਅਰਧ ਬੇਰੁਜ਼ਗਾਰੀ ਉਥੋਂ ਦੇ ਖੇਤੀ ਉਦਯੋਗ ਅਤੇ ਦੂਜੇ ਉਦਯੋਗਾਂ ਨੇ ਦੂਰ ਕੀਤੀ ਹੈ। ਦੁਨੀਆ ਦੇ ਕਿਸੇ ਵੀ ਵਿਕਸਤ ਦੇਸ਼ ਵਿੱਚ 5 ਫ਼ੀਸਦੀ ਤੋਂ ਵੱਧ ਵਸੋਂ ਖੇਤੀ ਵਿੱਚ ਨਹੀਂ, ਉਨ੍ਹਾਂ ਦੇਸ਼ਾਂ ਦੇ ਕੁਲ ਘਰੇਲੂ ਉਤਪਾਦਨ ਵਿੱਚ ਖੇਤੀ ਦਾ ਯੋਗਦਾਨ ਵੀ 5 ਫ਼ੀਸਦੀ ਦੇ ਬਰਾਬਰ ਹੈ। ਜੇ ਭਾਰਤ ਵਿੱਚ ਵਸੋਂ ਦੀ ਨਿਰਭਰਤਾ ਇਸ ਦੇ ਕੁਲ ਘਰੇਲੂ ਉਤਪਾਦਨ ਡੇਅਰੀ ਸਣੇ ਜਾਂ 18.4 ਫ਼ੀਸਦੀ ਦੇ ਬਰਾਬਰ ਹੋ ਜਾਵੇ ਤਾਂ ਖੇਤੀ ਮਸਲੇ ਆਪਣੇ ਆਪ ਹੱਲ ਹੋ ਜਾਣ, ਜਿਹੜਾ ਤਾਂ ਹੀ ਹੋ ਸਕਦਾ ਹੈ ਜੇ ਇਸ ਦੀ ਖੇਤੀ ਵਸੋਂ ਲਈ ਵਾਧੂ ਉਦਯੋਗਕ ਨੌਕਰੀਆਂ ਹੋਣ। ਅਜੇ ਵੀ ਉਦਯੋਗਾਂ ਵਿੱਚ ਵਸੋਂ ਸਿਰਫ਼ 29.6 ਫ਼ੀਸਦੀ ਦੀ ਹੈ ਜਦੋਂਕਿ ਇਸ ਦਾ ਯੋਗਦਾਨ 28.3 ਫ਼ੀਸਦੀ ਹੈ ਪਰ ਸੇਵਾਵਾਂ ਵਿੱਚ ਵਸੋਂ ਤਾਂ 31 ਫ਼ੀਸਦੀ ਹੈ ਪਰ ਕੁਲ ਘਰੇਲੂ ਉਤਪਾਦਨ ਵਿੱਚ ਯੋਗਦਾਨ 53.3 ਫ਼ੀਸਦੀ।

ਭਾਰਤ ਵਿੱਚ ਸੇਵਾਵਾਂ ਦਾ ਯੋਗਦਾਨ ਵਿਕਸਤ ਦੇਸ਼ਾਂ ਤੋਂ ਵੀ ਜ਼ਿਆਦਾ ਹੈ ਜਿਸ ਦਾ ਕਾਰਨ ਉਦਯੋਗਕ ਵਿਕਾਸ ਦੀ ਕਮੀ ਹੈ। ਪ੍ਰਤੀ ਵਿਅਕਤੀ ਆਮਦਨ ਵਿੱਚ ਉਪਰਲੇ 10 ਫ਼ੀਸਦੀ ਆਮਦਨ ਗਰੁੱਪ ਦੀ ਆਮਦਨ 12 ਲੱਖ ਰੁਪਏ ਤੋਂ ਉਪਰ ਹੈ; ਹੇਠਲੇ 10 ਫ਼ੀਸਦੀ ਆਮਦਨ ਗਰੁੱਪ ਦੀ ਪ੍ਰਤੀ ਵਿਅਕਤੀ ਆਮਦਨ 50 ਹਜ਼ਾਰ ਦੇ ਬਰਾਬਰ ਹੈ। 2015-16 ਤੋਂ 2020-21 ਵਿੱਚ ਉਪਰਲੇ 20 ਫ਼ੀਸਦੀ ਗਰੁੱਪ ਦੀ ਆਮਦਨ ਵਿੱਚ 39 ਫ਼ੀਸਦੀ ਦਾ ਵਾਧਾ ਹੋਇਆ ਸੀ; ਹੇਠਲੇ 20 ਫ਼ੀਸਦੀ ਆਮਦਨ ਵਾਲੇ ਗਰੁੱਪ ਦੀ ਆਮਦਨ 53 ਫ਼ੀਸਦੀ ਇਸੇ ਸਮੇਂ ਵਿੱਚ ਘਟੀ ਸੀ। 1940 ਵਿੱਚ ਉਪਰਲੀ ਆਮਦਨ ਵਾਲੇ 10 ਫ਼ੀਸਦੀ ਗਰੁੱਪ ਦੀ ਆਮਦਨ ਕੁਲ ਆਮਦਨ ਦਾ 50 ਫ਼ੀਸਦੀ ਸੀ; ਥੱਲੇ ਦੀ 50 ਫ਼ੀਸਦੀ ਵਸੋਂ ਦੀ ਆਮਦਨ 20 ਫ਼ੀਸਦੀ ਸੀ। ਆਜ਼ਾਦੀ ਪਿੱਛੋਂ ਚਲਾਈਆਂ ਯੋਜਨਾਵਾਂ ਅਤੇ ਸਮਾਜਵਾਦ ਪੱਖੀ ਨੀਤੀਆਂ ਕਰ ਕੇ 1980 ਤੱਕ ਉਪਰ ਦੇ 10 ਫ਼ੀਸਦੀ ਗਰੁੱਪ ਦੀ ਆਮਦਨ ਘਟ ਕੇ 30 ਫ਼ੀਸਦੀ ਹੋ ਗਈ; ਹੇਠਲੇ 50 ਫ਼ੀਸਦੀ ਦੀ ਆਮਦਨ 20 ਫ਼ੀਸਦੀ ਤੋਂ ਵਧ ਕੇ 30 ਫ਼ੀਸਦੀ ਹੋ ਗਈ ਪਰ 1991 ਤੋਂ ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਕਰ ਕੇ ਹੁਣ ਉਪਰਲੇ 10 ਫ਼ੀਸਦੀ ਆਮਦਨ ਵਾਲੇ ਗਰੁੱਪ ਦੀ ਆਮਦਨ ਵਧ ਕੇ 57 ਫ਼ੀਸਦੀ ਸਗੋਂ ਉਪਰਲੇ ਸਿਰਫ਼ 1 ਫ਼ੀਸਦੀ ਦੀ ਆਮਦਨ ਵਧ ਕੇ 22 ਫ਼ੀਸਦੀ ਜਦੋਂਕਿ ਹੇਠਲੇ 50 ਫ਼ੀਸਦੀ ਆਮਦਨ ਗਰੁੱਪ ਦੀ ਆਮਦਨ ਘਟ ਕੇ ਸਿਰਫ਼ 13 ਫ਼ੀਸਦੀ ਰਹਿ ਗਈ ਹੈ।

ਇਨ੍ਹਾਂ ਨੀਤੀਆਂ ਜਿਨ੍ਹਾਂ ਕਰ ਕੇ ਆਮਦਨ ਨਾ-ਬਰਾਬਰੀ ਵਧਦੀ ਹੈ, ਨਾਲ ਬੇਰੁਜ਼ਗਾਰੀ ਫੈਲਦੀ ਹੈ। ਓਨੀਆਂ ਚੀਜ਼ਾਂ ਵਿਕਦੀਆਂ ਨਹੀਂ ਜਿੰਨੀਆਂ ਬਣਦੀਆਂ ਹਨ ਜਿਸ ਕਰ ਕੇ ਕਿਰਤੀਆਂ ਦੀ ਹੋਰ ਛੁੱਟੀ ਹੁੰਦੀ ਹੈ। ਇਹੋ ਵਜ੍ਹਾ ਹੈ ਕਿ ਦਿਨੋ-ਦਿਨ ਬਾਲ ਮਜ਼ਦੂਰ ਜਿਹੜੇ 1950 ਵਿੱਚ 1 ਕਰੋੜ ਸਨ, ਹੁਣ 4 ਕਰੋੜ ਤੱਕ ਪਹੁੰਚ ਗਏ ਹਨ ਅਤੇ ਹੋਰ ਵਧ ਰਹੇ ਸਨ। ਬੇਅੰਤ ਅਰਧ ਬੇਰੁਜ਼ਗਾਰੀ ਹੈ। ਇਸ ਕਰ ਕੇ ਖੇਤੀ ਤੋਂ ਵਿਹਲੀ ਹੋਣ ਵਾਲੀ ਵਸੋਂ ਲਈ ਰੁਜ਼ਗਾਰ ਮੌਕੇ ਘਟਦੇ ਹਨ।

ਅਸਲ ਵਿੱਚ ਖੇਤੀ ਮਸਲਿਆਂ ਦਾ ਹੱਲ ਵਿਕਸਤ ਦੇਸ਼ਾਂ ਵਾਂਗ ਵੱਧ ਤੋਂ ਵੱਧ ਪੇਸ਼ਾਵਰ ਵੰਨ-ਸਵੰਨਤਾ ਅਤੇ ਖੇਤੀ 'ਤੇ ਬੋਝ ਘਟਾਉਣਾ ਹੈ। ਕਈ ਅਧਿਐਨ ਹੋਏ ਹਨ ਜਿਨ੍ਹਾਂ ਵਿੱਚ ਸਾਬਿਤ ਹੋਇਆ ਹੈ ਕਿ ਜਿਨ੍ਹਾਂ ਕਿਸਾਨ ਘਰਾਂ ਵਿੱਚੋਂ ਕੁਝ ਜੀਅ ਨੌਕਰੀ, ਠੇਕੇਦਾਰੀ ਜਾਂ ਹੋਰ ਪੇਸ਼ਿਆਂ ਵਿੱਚ ਹਨ, ਉਨ੍ਹਾਂ ਦੀ ਖੇਤੀ ਵੀ ਚੰਗੀ ਹੈ ਅਤੇ ਉਨ੍ਹਾਂ ਦਾ ਰਹਿਣ-ਸਹਿਣ ਵੀ ਉੱਚਾ ਹੈ; ਜਿਹੜੇ ਘਰ ਸਿਰਫ਼ ਖੇਤੀ ਉਪਜ 'ਤੇ ਨਿਰਭਰ ਕਰਦੇ ਹਨ, ਉਨ੍ਹਾਂ ਦੀ ਖੇਤੀ ਉਪਜ ਵੀ ਘੱਟ ਹੈ ਅਤੇ ਉਨ੍ਹਾਂ ਦਾ ਰਹਿਣ-ਸਹਿਣ ਦਾ ਪੱਧਰ ਵੀ ਕਮਜ਼ੋਰ ਹੈ। ਸੋ, ਖੇਤੀ ਮਸਲਿਆਂ ਦਾ ਹੱਲ ਪੇਸ਼ਾਵਰ ਵੰਨ-ਸਵੰਨਤਾ ਜਾਂ ਵੱਧ ਤੋਂ ਵੱਧ ਰੁਜ਼ਗਾਰ ਵਿੱਚ ਹੈ।

ਭਾਰਤ ਵਿੱਚ ਖੇਤੀ ਨਾਲ ਪੇਂਡੂ ਵਿਕਾਸ ਨਹੀਂ ਹੋਇਆ। ਸਰਕਾਰ ਵੱਲੋਂ 14 ਸਾਲ ਤਕ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਕਰਨ ਦੇ ਬਾਵਜੂਦ 100 ਵਿੱਚ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਪੜ੍ਹਾਈ ਛੱਡ ਜਾਂਦੇ ਹਨ; ਫਿਰ ਇਹੀ ਬੱਚੇ ਬਾਲ ਮਜ਼ਦੂਰ ਬਣਦੇ ਹਨ। ਵਿਕਸਤ ਦੇਸ਼ਾਂ ਵਿੱਚ ਇੱਕ ਵੀ ਬੱਚਾ ਬਾਲ ਮਜ਼ਦੂਰ ਨਹੀਂ। ਵਿਕਸਤ ਦੇਸ਼ਾਂ ਵਿੱਚ ਬੇਰੁਜ਼ਗਾਰੀ ਨਹੀਂ; ਜੇ ਕਿਤੇ ਆਰਜ਼ੀ ਤੌਰ 'ਤੇ ਹੈ ਵੀ ਤਾਂ ਬੇਰੁਜ਼ਗਾਰੀ ਭੱਤਾ ਮਿਲਦਾ ਹੈ। ਵਿਕਸਤ ਦੇਸ਼ਾਂ ਵਿੱਚ ਕਿਸੇ ਵਜ਼ੀਰ ਦੇ ਘਰ ਵੀ ਘਰੇਲੂ ਨੌਕਰ ਕਿਉਂ ਨਹੀਂ? ਕਿਉਂ ਜੋ ਉਸ ਦੀ ਤਨਖਾਹ ਵੀ ਵਜ਼ੀਰ ਦੀ ਤਨਖਾਹ ਜਿੰਨੀ ਹੈ। ਵਪਾਰਕ ਚੱਕਰ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਵਾਲਾ ਸਮਾਂ ਨਹੀਂ ਆਉਂਦਾ ਕਿਉਂ ਜੋ ਜੋ ਕੁਝ ਬਣਦਾ ਹੈ, ਉਹ ਵਿਕ ਜਾਂਦਾ ਹੈ।

ਭਾਰਤ ਦੀ ਕਿਸਾਨੀ ਸਮੱਸਿਆਵਾਂ ਲਈ ਛੋਟੇ ਸਮੇਂ ਅਤੇ ਲੰਮੇ ਸਮੇਂ ਦੇ ਹੱਲ ਹੋਣੇ ਚਾਹੀਦੇ ਹਨ। ਛੋਟੇ ਸਮੇਂ ਦੇ ਹੱਲ ਵਿੱਚ ਯਕੀਨੀ ਮੰਡੀਕਰਨ, ਖੇਤੀ ਆਧਾਰਿਤ ਉਦਯੋਗ, ਫ਼ਸਲ ਵੰਨ-ਸਵੰਨਤਾ ਆਦਿ ਦੀਆਂ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ। ਲੰਮੇ ਸਮੇਂ ਦੇ ਹੱਲ ਵਿੱਚ ਸਭ ਤੋਂ ਉੱਤੇ ਆਮਦਨ ਬਰਾਬਰੀ ਦਾ ਉਦੇਸ਼ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ ਜਿਸ ਨਾਲ ਰੁਜ਼ਗਾਰ ਵਧੇਗਾ, ਪੇਸ਼ਾਵਰ ਵੰਨ-ਸਵੰਨਤਾ, ਪੇਂਡੂ ਵਿਕਾਸ, ਸ਼ਹਿਰਾਂ ਤੇ ਪਿੰਡਾਂ ਵਿੱਚ ਬਰਾਬਰ ਸਹੂਲਤਾਂ ਤੇ ਬਰਾਬਰ ਰੁਜ਼ਗਾਰ ਮੌਕੇ, ਹਰ ਇੱਕ ਲਈ ਪੈਨਸ਼ਨ, ਵਿਕਸਤ ਦੇਸ਼ਾਂ ਵਾਂਗ +2 ਤਕ ਮੁਫ਼ਤ ਵਿੱਦਿਆ, ਬੇਰੁਜ਼ਗਾਰੀ ਭੱਤਾ, ਸਭ ਲਈ ਸਮਾਜਿਕ ਸੁਰੱਖਿਆ, ਖੇਤੀ ਜਾਂ ਗ਼ੈਰ-ਖੇਤੀ, ਹਰ ਪੇਸ਼ੇ ਦੀ ਸਮਾਜਿਕ ਸੁਰੱਖਿਆ ਉਸ ਤਰ੍ਹਾਂ ਹੀ ਬਣਨੀ ਚਾਹੀਦੀ ਹੈ ਜਿਸ ਤਰ੍ਹਾਂ ਵਿਕਸਤ ਦੇਸ਼ਾਂ ਵਿੱਚ ਹੈ। ਸਮਾਜਿਕ ਬੁਰਾਈਆਂ ਜਿਵੇਂ ਬਾਲ ਮਜ਼ਦੂਰੀ ਦਾ ਸਥਾਈ ਖਾਤਮਾ ਹੋਵੇ। ਭਾਰਤ ਵਿਚ ਜਿੰਨਾ ਚਿਰ ਆਮਦਨ ਦੀ ਇੰਨੀ ਵੱਡੀ ਨਾ-ਬਰਾਬਰੀ ਹੈ, ਇਹ ਵਿਕਾਸ ਨਹੀਂ ਕਰ ਸਕਦਾ। ਭਾਰਤ ਦੀ ਉਪਰਲੀ ਆਮਦਨ ਵਾਲੀ ਸਿਰਫ਼ 1 ਫ਼ੀਸਦੀ ਵਸੋਂ ਕੋਲ ਦੇਸ਼ ਦਾ 40.9 ਫ਼ੀਸਦੀ ਧਨ ਹੈ; ਹੇਠਲੀ ਆਮਦਨ ਵਾਲੇ 50 ਫ਼ੀਸਦੀ ਕੋਲ ਸਿਰਫ਼ 5.9 ਫ਼ੀਸਦੀ ਧਨ ਹੈ। ਇਹ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ। 1991 ਤੋਂ ਲੈ ਕੇ ਹੁਣ ਤਕ ਭਾਰਤ ਦਾ ਕੁਲ ਘਰੇਲੂ ਉਤਪਾਦਨ ਭਾਵੇਂ 13 ਗੁਣਾਂ ਵਧ ਗਿਆ ਹੈ, ਪ੍ਰਤੀ ਵਿਅਕਤੀ ਆਮਦਨ ਜਿਹੜੀ ਉਸ ਵਕਤ 304 ਡਾਲਰ ਸੀ, ਵਧ ਕੇ 2023 ਵਿੱਚ 2484 ਡਾਲਰ ਜਾਂ 1 ਲੱਖ 72 ਹਜ਼ਾਰ ਰੁਪਏ ਹੋ ਗਈ ਹੈ ਪਰ ਕੀ ਹਕੀਕਤ ਵਿੱਚ ਹਰ ਵਿਅਕਤੀ ਦੇ ਹਿੱਸੇ ਔਸਤ ਇੰਨੀ ਆਮਦਨ ਆਉਂਦੀ ਹੈ? ਜੇ ਇਸ ਤਰ੍ਹਾਂ ਹੀ ਹੋਵੇ ਤਾਂ ਭਾਰਤ ਦਾ ਇੱਕ ਵਿਅਕਤੀ ਵੀ ਗਰੀਬ ਨਾ ਹੋਵੇ ਅਤੇ ਨਾ ਕਿਸਾਨੀ ਸਮੱਸਿਆ ਰਹੇ। ਅਸਲ ਵਿੱਚ, ਭਾਰਤ ਦੀ 60 ਫ਼ੀਸਦੀ ਖੇਤੀ ਵਸੋਂ ਦੇ ਹਿੱਸੇ ਸਿਰਫ਼ 18.4 ਫ਼ੀਸਦੀ ਆਮਦਨ ਆਉਂਦੀ ਹੈ ਜਦੋਂਕਿ ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ 81.6 ਫ਼ੀਸਦੀ ਜਾਂ 4 ਗੁਣਾਂ ਤੋਂ ਵੀ ਜ਼ਿਆਦਾ ਔਸਤ ਆਮਦਨ ਆਉਂਦੀ ਹੈ।

# ਜਦੋਂ ਸਵਾਲ ਅਧਿਕਾਰਾਂ, ਚਰਿੱਤਰ ਅਤੇ ਸਨਮਾਨ ਦਾ ਹੋਵੇ

**ਲਿਖਤ : ਪ੍ਰਿੰਸੀਪਲ ਵਿਜੈ ਕੁਮਾਰ**
**ਸੰਪਰਕ: 98726-27136**

ਸ਼ਾਂਤਮਈ ਜ਼ਿੰਦਗੀ ਜੀਵੋ, ਗੁੱਸਾ ਨਾ ਕਰੋ, ਘੁਮੰਡ ਮਨੁੱਖ ਦਾ ਨਾਸ਼ ਕਰਦਾ ਹੈ ਅਤੇ ਲੜਾਈ ਝਗੜੇ 'ਚ ਪੈ ਕੇ ਮਨੁੱਖ ਆਪਣੇ ਦਿਮਾਗ ਦਾ ਸਕੂਨ ਖੋ ਬੈਠਦਾ ਹੈ। ਮਨੁੱਖੀ ਜ਼ਿੰਦਗੀ 'ਚ ਸੱਚਮੁੱਚ ਇਨ੍ਹਾਂ ਗੱਲਾਂ ਦੀ ਵੱਡੀ ਅਹਿਮੀਅਤ ਹੈ। ਸਿਆਣੇ ਲੋਕਾਂ ਦੀਆਂ ਇਨ੍ਹਾਂ ਨਸੀਹਤਾਂ, ਜ਼ਿੰਦਗੀ ਦੇ ਇਨ੍ਹਾਂ ਸਾਕਾਰਾਤਮਕ ਸਿਧਾਂਤਾਂ ਅਤੇ ਕਿਤਾਬੀ ਗਿਆਨ ਦੇ ਨਾਲ ਨਾਲ ਮਨੁੱਖੀ ਜ਼ਿੰਦਗੀ ਦੀ ਤਲਖ਼ ਹਕੀਕਤ ਇਹ ਵੀ ਹੈ ਕਿ ਜਦੋਂ ਮਨੁੱਖ ਨੂੰ ਉਸ ਦੇ ਅਧਿਕਾਰਾਂ ਤੋਂ ਵਾਂਝਾ ਕੀਤਾ ਜਾਵੇ, ਉਸ ਦੇ ਚਰਿੱਤਰ ਉੱਤੇ ਉਂਗਲਾਂ ਉਠਾਈਆਂ ਜਾਣ ਅਤੇ ਉਸ ਦੇ ਸਨਮਾਨ ਨੂੰ ਆਂਚ ਆਉਂਦੀ ਹੋਵੇ ਤਾਂ ਚੁੱਪ ਰਹਿਣਾ ਤੇ ਉਨ੍ਹਾਂ ਨੂੰ ਚੁਣੌਤੀ ਸਮਝ ਕੇ ਉਨ੍ਹਾਂ ਵਿਰੁੱਧ ਖੜ੍ਹੇ ਨਾ ਹੋਣਾ ਅਤੇ ਲੜਾਈ ਨਾ ਲੜਨਾ ਕਾਇਰਤਾ ਹੁੰਦੀ ਹੈ। ਮਰਹੂਮ ਰਾਸ਼ਟਰਪਤੀ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਦਾ ਕਹਿਣਾ ਸੀ ਕਿ ਕੱਛੂ ਦਾ ਖ਼ਰਗੋਸ਼ ਨੂੰ ਦੌੜ 'ਚ ਹਰਾਉਣਾ ਮਨੁੱਖ ਲਈ ਸਿੱਖਿਆਦਾਇਕ ਕਹਾਣੀ ਤਾਂ ਹੋ ਸਕਦੀ ਹੈ ਪਰ ਇਹ ਜ਼ਿੰਦਗੀ ਦੀ ਹਕੀਕਤ ਨਹੀਂ ਹੈ। ਪਾਂਡਵਾਂ ਨੇ ਕੌਰਵਾਂ ਤੋਂ ਪੰਜ ਪਿੰਡ ਮੰਗ ਕੇ ਵੀ ਲੜਾਈ ਨੂੰ ਟਾਲਣ ਦਾ ਯਤਨ ਕੀਤਾ ਪਰ ਰਾਜਾ ਧ੍ਰਿਤਰਾਸ਼ਟਰ ਵੱਲੋਂ ਪੰਜ ਪਿੰਡ ਦੇਣ ਤੋਂ ਨਾਂਹ ਕਰਨ ਦੇ ਬਾਵਜੂਦ ਪਾਂਡਵ ਆਪਣੇ ਅਧਿਕਾਰ ਲਈ ਲੜਾਈ ਨਾ ਲੜਦੇ ਤਾਂ ਉਨ੍ਹਾਂ ਨੇ ਯੋਧੇ ਕਹਾਉਣ ਦੀ ਥਾਂ ਕਾਇਰ ਕਹਾਉਣਾ ਸੀ। ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੇ ਮਜ਼ਾਕ ਦੇ ਪਾਤਰ ਬਣ ਜਾਣਾ ਸੀ। ਅਧਿਕਾਰ ਹੀ ਮਨੁੱਖ ਨੂੰ ਅਹੁਦੇ, ਗੱਦੀ, ਰਾਜ, ਮਾਣ ਸਨਮਾਨ ਅਤੇ ਸ਼ਾਨ ਪ੍ਰਦਾਨ ਕਰਦੇ ਹਨ। ਅਧਿਕਾਰਾਂ ਲਈ ਮਨੁੱਖ ਹੀ ਨਹੀਂ ਸਗੋਂ ਜਾਨਵਰ ਵੀ ਆਪਸ ਵਿੱਚ ਲੜਾਈ ਲੜਦੇ ਹਨ।

ਜਦੋਂ ਅਧਿਕਾਰ ਦਿੱਤੇ ਨਹੀਂ ਜਾਂਦੇ ਤਾਂ ਸਰਕਾਰਾਂ ਤੇ ਅਜਾਰੇਦਾਰਾਂ ਤੋਂ ਆਪਣੇ ਅਧਿਕਾਰਾਂ ਦੀ ਮੰਗ ਲਈ ਮੁਲਾਜ਼ਮਾਂ ਅਤੇ ਕਿਰਤੀਆਂ ਦੇ ਸੰਘਰਸ਼, ਭੁੱਖ ਹੜਤਾਲਾਂ ਅਤੇ ਮਰਨ ਵਰਤ ਚੱਲਦੇ ਰਹਿੰਦੇ ਹਨ। ਚਰਿੱਤਰ ਮਨੁੱਖੀ ਜ਼ਿੰਦਗੀ ਦਾ ਬਹੁਤ ਵੱਡਾ ਸਰਮਾਇਆ ਹੁੰਦਾ ਹੈ। ਚਰਿੱਤਰ ਦੇ ਮਹੱਤਵ ਨੂੰ ਪ੍ਰਗਟਾਉਂਦਾ ਇਹ ਕਥਨ ਕਿ ਧਨ ਮੁੜ ਹਾਸਲ ਹੋ ਸਕਦਾ ਹੈ ਪਰ ਚਰਿੱਤਰ ਉੱਤੇ ਇੱਕ ਵਾਰ ਉਂਗਲੀ ਉੱਠਣ 'ਤੇ ਮਨੁੱਖ ਆਪਣੀ ਇੱਜ਼ਤ ਮੁੜ ਨਹੀਂ ਬਣਾ ਸਕਦਾ।

ਕਈ ਵਾਰ ਮਨੁੱਖ ਨੂੰ ਅੱਗੇ ਵਧਦਿਆਂ ਵੇਖ ਲੋਕ ਉਸ ਨੂੰ ਬਦਨਾਮ ਕਰਨ ਵਾਸਤੇ ਉਸ ਦੇ ਚਰਿੱਤਰ ਉੱਤੇ ਤੁਹਮਤਾਂ ਲਗਾਉਣ ਲੱਗਦੇ ਹਨ। ਅਜਿਹੀ ਸਥਿਤੀ 'ਚ ਨਿਰਦੋਸ਼ ਹੁੰਦੇ ਹੋਏ ਆਪਣੇ ਚਰਿੱਤਰ ਉੱਤੇ ਤੁਹਮਤ ਲਗਾਉਣ ਵਾਲਿਆਂ ਵਿਰੁੱਧ ਖੜ੍ਹੇ ਨਾ ਹੋਣਾ ਅਤੇ ਉਨ੍ਹਾਂ ਨੂੰ ਜਵਾਬ ਨਾ ਦੇਣਾ, ਉਨ੍ਹਾਂ ਤੁਹਮਤਾਂ ਨਾਲ ਸਹਿਮਤ ਹੋਣਾ ਹੁੰਦਾ ਹੈ। ਚਰਿੱਤਰ ਉੱਤੇ ਤੁਹਮਤ ਲੱਗਣ ਸਮੇਂ ਇਹ ਤਰਕ ਦੇਣਾ ਕਿ ਰੱਬ ਤੁਹਮਤਾਂ ਲਗਾਉਣ ਵਾਲੇ ਨੂੰ ਆਪਣੇ ਆਪ ਜਵਾਬ ਦੇਵੇਗਾ, ਲੋਕਾਂ ਦਾ ਕੀ ਹੈ ਲੋਕਾਂ ਦਾ ਕੰਮ ਬੋਲਣਾ ਹੀ ਹੁੰਦਾ ਹੈ, ਚੁੱਪ ਰਹਿਣਾ ਹੀ ਠੀਕ ਹੁੰਦਾ ਹੈ- ਇਹ ਸਭ ਕੁਝ ਮਨ ਨੂੰ ਸਮਝਾਉਣ ਅਤੇ ਚੁਣੌਤੀ ਤੋਂ ਪਿੱਛਾ ਛੁਡਾਉਣ ਦੀ ਗੱਲ ਹੁੰਦੀ ਹੈ। ਰੋਜ਼ਮੱਰ੍ਹਾ ਦੀ ਮਨੁੱਖੀ ਜ਼ਿੰਦਗੀ 'ਚ ਰਿਸ਼ਵਤਖੋਰ, ਚੁਗਲਖੋਰ, ਕੰਮਚੋਰ, ਲੁਟੇਰਾ, ਸ਼ੋਸ਼ਣ ਕਰਨ ਵਾਲਾ, ਦੋਗਲਾ ਅਤੇ ਚਾਪਲੂਸ ਜਿਹੀਆਂ ਤੁਹਮਤਾਂ ਇੱਕ ਦੂਜੇ ਉੱਤੇ ਲਗਾਉਣਾ ਆਮ ਜਿਹੀ ਗੱਲ ਹੈ। ਕਈ ਵਾਰ ਲੋਕ ਆਪਣਾ ਮਤਲਬ ਕੱਢਣ ਲਈ ਵੀ ਦੂਜੇ ਉੱਤੇ ਅਜਿਹੀਆਂ ਤੁਹਮਤਾਂ ਲਗਾਉਂਦੇ ਹਨ। ਅਜਿਹੇ ਹਾਲਾਤ ਵਿੱਚ ਆਪਣੇ ਸਵੈਮਾਣ ਨੂੰ ਕਾਇਮ ਰੱਖਣ ਲਈ ਚੁੱਪ ਰਹਿਣ ਦੀ ਬਜਾਏ ਜਵਾਬ ਦੇਣਾ ਮਨੁੱਖ ਦਾ ਇਖ਼ਲਾਕੀ ਫ਼ਰਜ਼ ਬਣਦਾ ਹੈ।

ਸਨਮਾਨ ਦੇਣਾ ਅਤੇ ਦੂਜਿਆਂ ਤੋਂ ਸਨਮਾਨ ਲੈਣ ਦੀ ਇੱਛਾ ਰੱਖਣਾ ਸਮਝਦਾਰ, ਦੂਰਅੰਦੇਸ਼, ਜ਼ਿੰਦਗੀ ਜਿਊਣ ਦੇ ਅਰਥਾਂ ਨੂੰ ਸਮਝਣ ਅਤੇ ਚੰਗੇ ਸੁਭਾਅ ਵਾਲੇ ਦਿਆਨਤਦਾਰ ਸੱਜਣ ਲੋਕਾਂ ਦੀ ਸ਼ਖ਼ਸੀਅਤ ਦਾ ਹਿੱਸਾ ਹੁੰਦਾ ਹੈ। ਪ੍ਰਸਿੱਧ ਵਾਰਤਕ ਲੇਖਕ ਨਰਿੰਦਰ ਸਿੰਘ ਕਪੂਰ ਦਾ ਕਹਿਣਾ ਹੈ ਕਿ ਸਨਮਾਨ ਦੇ ਬਦਲੇ ਦੂਜੇ ਨੂੰ ਵੱਧ ਤੋਂ ਵੱਧ ਸਨਮਾਨ ਦਿਓ ਪਰ ਅਪਮਾਨ ਨੂੰ ਸਹਿ ਕੇ ਦੁੱਖ ਕਦੇ ਵੀ ਨਾ ਕੱਟੋ, ਜਦੋਂ ਤੱਕ ਤੁਸੀਂ ਸਹਿਣਾ ਨਹੀਂ ਛੱਡੋਗੇ ਉਦੋਂ ਤੱਕ ਲੋਕ ਤੁਹਾਨੂੰ ਸਨਮਾਨ ਨਹੀਂ ਦੇਣਗੇ। ਦੂਜਿਆਂ ਤੋਂ ਸਨਮਾਨ ਲੈਣ ਲਈ ਉਨ੍ਹਾਂ ਨੂੰ ਸਨਮਾਨ ਦੇਣ ਦਾ ਗੁਣ ਕਦੇ ਨਾ ਛੱਡੋ ਅਤੇ ਛੋਟੇ ਛੋਟੇ ਆਪਣੇ ਹਿਤਾਂ ਲਈ ਕਦੇ ਵੀ ਆਪਣੇ ਸਨਮਾਨ ਨਾਲ ਸਮਝੌਤਾ ਨਾ ਕਰੋ। ਸਨਮਾਨ ਨਾਲ ਹੋਈਆਂ ਹਾਰਾਂ, ਅਪਮਾਨ ਨਾਲ ਹੋਈਆਂ ਜਿੱਤਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੁੰਦੀਆਂ ਹਨ। ਜਿਹੜੇ ਲੋਕ ਆਪਣੇ ਅਧਿਕਾਰਾਂ, ਚਰਿੱਤਰ ਅਤੇ ਸਨਮਾਨ ਲਈ ਚੁਣੌਤੀਆਂ ਨੂੰ ਕਬੂਲ ਕਰਦੇ ਹਨ, ਲੋਕ ਉਨ੍ਹਾਂ ਦੇ ਕਿਰਦਾਰ ਦੀ ਉਨ੍ਹਾਂ ਦੇ ਸੰਸਾਰ ਤੋਂ ਤੁਰ ਜਾਣ ਤੋਂ ਬਾਅਦ ਵੀ ਕਦਰ ਕਰਦੇ ਹਨ।

# ਔਰਤਾਂ ਵਾਲੇ ਕੰਮ

ਕਹਾਣੀ



ਲਿਖਤ : ਇੰਦਰਜੀਤ ਕੌਰ
ਸੰਪਰਕ: jitinderjit@gmail.com

ਅੱਠ ਸਾਲ ਬੀਤ ਗਏ ਹਨ। ਮੈਨੂੰ ਖ਼ੁਸ਼ੀ ਹੈ ਕਿ ਵਿਆਹ ਤੋਂ ਬਾਅਦ ਮੇਰਾ ਜੀਵਨ ਸਾਥੀ ਘਰ ਦੀ ਹਰ ਜ਼ਿੰਮੇਵਾਰੀ ਵਿੱਚ ਮੇਰੇ ਮੋਢੇ ਨਾਲ ਮੋਢਾ ਲਾ ਕੇ ਚੱਲਦਾ ਹੈ। ਉਸ ਨੇ ਕਦੇ ਵੀ ਘਰ ਦੇ ਕੰਮਾਂ ਤੋਂ ਮੂੰਹ ਨਹੀਂ ਫੇਰਿਆ। ਅਸੀਂ ਦੋਵੇਂ ਜੀਅ ਨਾ ਸਿਰਫ ਸਮਾਜ ਵਿੱਚ ਸਗੋਂ ਘਰ ਵਿੱਚ ਵੀ ਬਰਾਬਰੀ ਅਤੇ ਸਨਮਾਨ ਦੀ ਜ਼ਿੰਦਗੀ ਜੀਅ ਰਹੇ ਹਾਂ। ਨੌਕਰੀ 'ਤੇ ਜਾਣ ਤੋਂ ਪਹਿਲਾਂ ਅਸੀਂ ਦੋਵੇਂ ਆਪੋ-ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੇ ਹਾਂ ਤੇ ਨੌਕਰੀਆਂ ਤੋਂ ਪਰਤ ਕੇ ਵੀ ਰਲ ਮਿਲ ਕੇ ਕੰਮ ਵਿੱਚ ਜੁਟ ਜਾਂਦੇ ਹਾਂ। ਮੇਰੇ ਜੀਵਨ ਸਾਥੀ ਦੇ ਇਸ ਵਿਹਾਰ ਕਰ ਕੇ ਹੀ ਸ਼ਾਇਦ ਸਾਡੇ ਵਿਚਾਲੇ ਅਕਸਰ ਇਸ ਗੱਲ ਦੀ ਦੌੜ ਲੱਗੀ ਹੁੰਦੀ ਹੈ ਕਿ ਦੂਜੇ ਨੂੰ ਬਹੁਤਾ ਕੰਮ ਨਾ ਕਰਨਾ ਪਵੇ।

ਅੱਜ ਦੇ ਸਮੇਂ ਵਿੱਚ ਪਰਿਵਾਰ ਦੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਔਰਤ ਦੀ ਸ਼ਖ਼ਸੀ ਆਜ਼ਾਦੀ ਲਈ ਬਹੁਤ ਜ਼ਰੂਰੀ ਹੈ ਕਿ ਉਹ ਘਰ ਦੀ ਚਾਰਦੀਵਾਰੀ 'ਚੋਂ ਬਾਹਰ ਨਿੱਕਲੇ ਅਤੇ ਆਰਥਿਕ ਤੌਰ 'ਤੇ ਸਵੈ-ਨਿਰਭਰ ਬਣੇ। ਔਰਤ ਨੇ ਹਮੇਸ਼ਾ ਹੀ ਪਰਿਵਾਰ ਨੂੰ ਤੋਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਸਦੀਆਂ ਤੋਂ ਔਰਤ ਘਰ ਦੀ ਹਰ ਉਹ ਜ਼ਿੰਮੇਵਾਰੀ ਨਿਭਾਅ ਰਹੀ ਹੈ ਜੋ ਸਮਾਜ ਨੇ ਉਸ ਦੇ ਮੋਢਿਆਂ 'ਤੇ ਪਾਈ, ਫਿਰ ਵੀ ਪਰਿਵਾਰ ਨਾਮ ਦੀ ਸੰਸਥਾ ਵਿਚ ਉਸ ਦਾ ਦਰਜਾ ਦੋਇਮ ਹੀ ਰਿਹਾ ਹੈ। ਹੁਣ ਔਰਤਾਂ ਨਾ ਸਿਰਫ ਘਰ-ਪਰਿਵਾਰ ਦੀ ਜ਼ਿੰਮੇਵਾਰੀ ਚੁੱਕ ਰਹੀਆਂ ਹਨ ਸਗੋਂ ਮਰਦ ਦੇ ਬਰਾਬਰ ਨੌਕਰੀ ਕਰ ਕੇ ਘਰ ਦੀਆਂ ਵਿੱਤੀ ਲੋੜਾਂ ਵੀ ਪੂਰੀਆਂ ਕਰ ਰਹੀਆਂ ਹਨ। ਇਸ ਤਬਦੀਲੀ ਨਾਲ ਔਰਤਾਂ ਦੀਆਂ ਜ਼ਿੰਮੇਵਾਰੀਆਂ ਪਹਿਲਾਂ ਨਾਲੋਂ ਕਿਤੇ ਵਧ ਗਈਆਂ ਹਨ ਪਰ ਮੱਧਯੁਗੀ ਸੋਚ ਦੇ ਜਿਉਂ ਦੇ ਤਿਉਂ ਬਣੇ ਰਹਿਣ ਕਾਰਨ ਉਸ ਦੀ ਪਰਿਵਾਰਕ ਜ਼ਿੰਦਗੀ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਵਾਪਰੀ ਹੈ। ਨੌਕਰੀਪੇਸ਼ਾ ਔਰਤਾਂ ਵਾਲੇ ਵੱਡੀ ਗਿਣਤੀ ਪਰਿਵਾਰ ਅਜਿਹੇ ਹਨ ਜਿੱਥੇ ਪਤਨੀ ਸਵੇਰੇ ਸਭ ਤੋਂ ਪਹਿਲਾਂ ਉੱਠ ਕੇ ਸਾਰੇ ਪਰਿਵਾਰ ਨੂੰ ਚਾਹ ਨਾਸ਼ਤਾ ਕਰਵਾਉਂਦੀ ਹੈ, ਬੱਚਿਆਂ ਨੂੰ ਸਕੂਲ ਤੋਰਦੀ ਹੈ ਤੇ ਭੱਜ-ਨੱਠ ਕਰਦੀ ਸਾਹੋ-ਸਾਹ ਹੋਈ ਕਿਸੇ ਤਰ੍ਹਾਂ ਤਿਆਰ ਹੋ ਕੇ ਦਫ਼ਤਰ ਪੁੱਜਦੀ ਹੈ। ਸਾਰਾ ਦਿਨ ਦਫਤਰ ਵਿੱਚ ਕੰਮ ਕਰਨ ਮਗਰੋਂ ਜਦੋਂ ਉਹ ਘਰੇ ਪਰਤਦੀ ਹੈ ਤਾਂ ਉਹੀ ਜ਼ਿੰਮੇਵਾਰੀਆਂ ਮੁੜ ਮੂੰਹ ਟੱਡੀ ਉਸ ਨੂੰ ਉਡੀਕ ਰਹੀਆਂ ਹੁੰਦੀਆਂ ਹਨ। ਸੱਚ-ਮੁੱਚ 'ਕੰਮ ਤੋਂ ਪਰਤ ਕੇ ਔਰਤਾਂ ਕੰਮ 'ਤੇ ਹੀ ਪਰਤਦੀਆਂ ਹਨ'।

ਸਾਡੇ ਸਮਾਜ ਵਿੱਚ ਦਫਤਰੋਂ ਮੁੜੇ ਪਤੀ ਨੂੰ ਚਾਹ ਪਾਣੀ ਪੁੱਛਣ ਦੀ ਰੀਤ ਤਾਂ ਹੈ ਪਰ ਜਦੋਂ ਪਤਨੀ ਦਫ਼ਤਰ ਤੋਂ ਘਰੇ ਆਵੇ ਤਾਂ ਇਹ ਰੀਤ ਲਾਗੂ ਨਹੀਂ ਹੁੰਦੀ। ਜੇ ਦੋਵੇਂ ਇਕੱਠਿਆਂ ਵੀ ਘਰ ਪਰਤਣ, ਫਿਰ ਵੀ ਪਤਨੀ ਪਤੀ ਲਈ ਪਾਣੀ ਲਿਆਉਣ ਦੀ ਜ਼ਿੰਮੇਵਾਰੀ ਵਿੱਚ ਬੱਝੀ ਹੁੰਦੀ ਹੈ। ਔਰਤ ਦਫ਼ਤਰ ਤੋਂ ਘਰ ਪਰਤਦੀ ਹੈ ਤਾਂ ਉਸ ਲਈ ਰਾਤ ਦਾ ਖਾਣਾ ਤਿਆਰ ਕਰਨਾ, ਬੱਚਿਆਂ ਨੂੰ ਪੜ੍ਹਾਉਣਾ, ਪਰਿਵਾਰ ਦੀ ਸੇਵਾ ਕਰਨਾ ਅਤੇ ਹਰ ਉਹ ਕੰਮ ਕਰਨਾ ਇਸ ਜ਼ਿੰਮੇਵਾਰੀ ਤਹਿਤ ਲਾਜ਼ਮੀ ਹੁੰਦਾ ਹੈ ਕਿ ਇਹ ਕੰਮ ਉਸ ਦੇ ਬਾਹਰ ਜਾਣ ਕਾਰਨ ਹੀ ਰੁਕੇ ਹੋਏ ਸਨ।

ਦੇਖਿਆ ਜਾਵੇ ਤਾਂ ਸਾਡਾ ਸਮਾਜਿਕ ਤੇ ਪਰਿਵਾਰਕ ਢਾਂਚਾ ਪੁੱਤਰ ਨੂੰ ਪਰਜੀਵੀ ਅਤੇ ਹਰ ਧੀ ਨੂੰ ਸੁਚੱਜੀ ਸੇਵਾਦਾਰ ਬਣਾਉਣ ਵਿੱਚ ਜੁਟਿਆ ਹੋਇਆ ਹੈ। ਮੱਧਯੁਗੀ ਸੱਭਿਆਚਾਰ, ਸੰਸਕਾਰ ਅਤੇ ਮਾਣ ਮਰਿਆਦਾ ਦੇ ਨਾਂ 'ਤੇ ਧੀ ਨੂੰ ਆਪਣੀਆਂ ਇੱਛਾਵਾਂ ਤਿਆਗ ਕੇ ਹੋਰਨਾਂ ਲਈ ਕੁਰਬਾਨੀਆਂ ਦੇਣ ਦਾ 'ਕੁਦਰਤੀ ਨੇਮ' ਘੋਟ-ਘੋਟ ਕੇ ਸਿਖਾਇਆ ਜਾਂਦਾ ਹੈ। ਔਰਤ ਘਰੇਲੂ ਕੰਮਾਂ ਦੇ ਨਾਲ-ਨਾਲ ਬੱਚੇ ਵੀ ਸਾਂਭਦੀ ਹੈ, ਨੌਕਰੀ ਕਰ ਕੇ ਪਤੀ ਦੇ ਬਰਾਬਰ ਕਮਾਈ ਵੀ ਕਰਦੀ ਹੈ ਪਰ ਪਿੱਤਰ ਸੱਤਾ ਕਾਰਨ ਮਰਦ ਲਈ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਣਾ ਲਾਜ਼ਮੀ ਨਹੀਂ। ਜੇ ਕੁਝ ਕੁ ਮਰਦ ਇਸ ਜ਼ਿੰਮੇਵਾਰੀ ਵਿੱਚ ਪਤਨੀ ਦਾ ਸਾਥ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਬਹੁਤੀ ਵਾਰ ਪਰਿਵਾਰ ਦੇ ਜੀਅ ਅਤੇ ਦੋਸਤ-ਮਿੱਤਰ ਟਿੱਚਰਾਂ ਕਰਦੇ ਹਨ। ਦੋਸਤ ਉਸ ਨੂੰ ਅਕਸਰ 'ਘਰਵਾਲੀ ਦੇ ਥੱਲੇ ਲੱਗਿਆ', 'ਜ਼ੋਰੂ ਦਾ ਗੁਲਾਮ' ਕਹਿੰਦੇ ਹਨ; ਪਰਿਵਾਰ ਦੇ ਜੀਆਂ ਨੂੰ 'ਔਰਤਾਂ ਵਾਲੇ ਕੰਮ' ਕਰਦਿਆਂ ਦੇਖ ਆਪਣੇ ਪੁੱਤਰ 'ਤੇ ਤਰਸ ਆਉਣ ਲੱਗਦਾ ਹੈ। ਇਉਂ ਔਰਤ ਨਾ ਚਾਹੁੰਦੀ ਹੋਈ ਵੀ ਸਹੁਰੇ ਪਰਿਵਾਰ ਵਿੱਚ ਨਫ਼ਰਤ ਦੀ ਪਾਤਰ ਬਣ ਜਾਂਦੀ ਹੈ।

ਬਹਰਹਾਲ, ਸਮੇਂ ਨਾਲ ਕੁਝ ਤਬਦੀਲੀ ਜ਼ਰੂਰ ਆਈ ਹੈ। ਕੁਝ ਮਰਦ ਆਪਣੀ ਇਸ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਨਾ ਸਿਰਫ ਅੱਗੇ ਵਧ ਕੇ ਪਤਨੀ ਦਾ ਸਾਥ ਦਿੰਦੇ ਹਨ ਸਗੋਂ ਆਪਣੇ ਦੋਸਤਾਂ-ਮਿੱਤਰਾਂ ਤੇ ਜਾਣਕਾਰਾਂ ਨੂੰ ਅਜਿਹਾ ਕਰਨ ਲਈ ਪ੍ਰੇਰਦੇ ਵੀ ਹਨ। ਕੁਝ ਮਹੀਨੇ ਪਹਿਲਾਂ ਜਦੋਂ ਸਾਨੂੰ ਘਰ ਵਿੱਚ ਨਵਾਂ ਜੀਅ ਆਉਣ ਦੀ ਖ਼ਬਰ ਮਿਲੀ, ਉਹ ਵੇਲਾ ਸਾਡੇ ਦੋਵਾਂ ਲਈ ਅਮੁੱਲ ਸੀ। ਇਸ ਜਹਾਨ ਅੰਦਰ ਇਸ ਜੀਅ ਦੀ ਆਮਦ ਅਜੇ ਹੋਣੀ ਹੈ ਪਰ ਮੇਰੇ ਜੀਵਨ ਸਾਥੀ ਨੇ ਹੋਰਨਾਂ ਵਾਂਗ ਇਸ ਖ਼ੁਸ਼ੀ 'ਤੇ ਸਿਰਫ ਜਸ਼ਨ ਮਨਾਉਣ ਦੀ ਥਾਂ ਉਨ੍ਹਾਂ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਹੁਣ ਤੱਕ ਹਰ ਦਿਨ ਮੇਰੀ ਅਤੇ ਬੱਚੇ ਦੀ ਸੰਭਾਲ ਕੀਤੀ ਹੈ। ਇਸ ਸਫ਼ਰ ਵਿੱਚ ਹਰ ਕਦਮ 'ਤੇ ਸਾਥ ਦਿੱਤਾ। ਔਰਤ ਲਈ ਇਨ੍ਹਾਂ ਨੌਂ ਮਹੀਨਿਆਂ ਦੀ ਘਾਲਣਾ ਇਕੱਲਿਆਂ ਝੱਲਣਾ ਸੁਖਾਲਾ ਨਹੀਂ ਹੁੰਦਾ ਪਰ ਜਦੋਂ ਉਸ ਦਾ ਸਾਥੀ ਇਸ ਸਫ਼ਰ ਵਿੱਚ ਸਾਥ ਦੇਵੇ ਤਾਂ ਔਰਤ ਦੇ ਦਿਲ ਵਿੱਚ ਸਾਥੀ ਲਈ ਪਿਆਰ ਤੇ ਇੱਜ਼ਤ ਹਜ਼ਾਰਾਂ ਗੁਣਾ ਵਧ ਜਾਂਦੇ ਹਨ। ਉਂਝ ਵੀ, ਇਹ ਮਸਲਾ ਨਿੱਜੀ ਨਹੀਂ, ਬਰਾਬਰੀ ਆਧਾਰਿਤ ਪਰਿਵਾਰਕ ਤੇ ਸਮਾਜਿਕ ਢਾਂਚੇ ਅਤੇ ਸਮੁੱਚੇ ਔਰਤ ਵਰਗ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ।

# ਤੋਹਫ਼ਾ



ਸਵੇਰ ਦਾ ਸਮਾਂ। ਅਜੇ ਧੁੱਪ ਵਿਹੜੇ ਵਿੱਚ ਨਹੀਂ ਸੀ ਆਈ। ਸੂਰਜ ਬੱਦਲਾਂ ਦੇ ਓਹਲਿਓਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਤਨੀ ਝਾੜੂ ਚੁੱਕ ਕੇ ਵਿਹੜੇ ਵਿੱਚ ਖਿੱਲਰੇ ਫੁੱਲਾਂ ਨੂੰ ਸੰਭਰਦਿਆਂ ਕਹਿਣ ਲੱਗੀ, "ਵੇਖੋ ਜੀ, ਗੁਆਂਢੀਆਂ ਦੇ ਰੁੱਖ ਤੋਂ ਆਹ ਫੁੱਲ ਸਾਡੇ ਵਿਹੜੇ ਵਿੱਚ ਡਿੱਗ ਕੇ ਕਿੰਨਾ ਗੰਦ ਪਾ ਦਿੰਦੇ ਨੇ! ਸਵੇਰੇ-ਸਵੇਰੇ ਝਾੜੂ ਨਾ ਮਾਰਾਂ ਤਾਂ ਕਿੰਨਾ ਭੈੜਾ ਲੱਗਦਾ ਹੈ! ਇਨ੍ਹਾਂ ਨੂੰ ਕਹੋ ਕਿ ਇਸ ਦਰੱਖ਼ਤ ਨੂੰ ਕਟਵਾ ਹੀ ਦੇਣ!" ਮੈਂ ਹੱਸਦਿਆਂ ਬਸ ਇੰਨਾ ਹੀ ਕਿਹਾ, "ਕਿੰਨੇ ਚੰਗੇ ਗੁਆਂਢੀ ਨੇ ਸਾਡੇ! ਜੋ ਸਵੇਰੇ-ਸਵੇਰੇ ਸਾਡੇ ਵਿਹੜੇ ਵਿੱਚ ਤੋਹਫ਼ੇ ਵਜੋਂ ਇਹ ਫੁੱਲ ਖਿਲਾਰ ਦਿੰਦੇ ਨੇ! ਨਹੀਂ ਤਾਂ ਗੁਆਂਢੀ ਅਕਸਰ ਲੋਕਾਂ ਦੇ ਘਰਾਂ ਵਿੱਚ ਕੰਡੇ ਹੀ ਖਿਲਾਰਦੇ ਵੇਖੇ-ਸੁਣੇ ਹਨ!" ਹੁਣ ਪਤਨੀ ਵੀ ਮੁਸਕਰਾ ਰਹੀ ਸੀ।

**ਕਮਲੇਸ਼ ਭਾਰਤੀ, ਸੰਪਰਕ:** 94160-47075
**ਅਨੁਵਾਦ: ਪ੍ਰੋ. ਨਵ ਸੰਗੀਤ ਸਿੰਘ**

# ਪਵਨ ਦਿਸ ਪਈ...

**ਲਿਖਤ : ਡਾ. ਪ੍ਰਵੀਨ ਬੇਗਮ, ਸੰਪਰਕ:** 89689-48018

ਬਾਰ੍ਹਵੀਂ ਜਮਾਤ ਦੇ ਪੱਕੇ ਪੇਪਰ ਸ਼ੁਰੂ ਹੋਣ ਵਿੱਚ ਹਫ਼ਤਾ ਕੁ ਬਾਕੀ ਸੀ ਕਿ ਕਰੀਅਰ ਗਾਈਡੈਂਸ ਦੀ ਇੰਚਾਰਜ ਹੋਣ ਦੇ ਨਾਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਭਵਿੱਖ ਦੀ ਵਿਉਂਤਬੰਦੀ ਬਾਰੇ ਪੁੱਛਿਆ। ਬਹੁਤਿਆਂ ਨੇ ਕਿਹਾ- "ਜੀ, ਪਤਾ ਨਹੀਂ ਹਾਲੇ।"

ਕਈਆਂ ਨੇ ਕੱਚੇ ਪੱਕੇ ਜਿਹੇ ਅਣਸਰਦੇ ਜਵਾਬ ਦਿੱਤੇ। ਮੁੰਡਿਆਂ ਵਿੱਚੋਂ ਕਈਆਂ ਨੇ ਬਾਹਰ ਜਾਣ ਦੀ ਇੱਛਾ ਪ੍ਰਗਟਾਈ। ਸਾਰੇ ਹੀ ਵਿਦਿਆਰਥੀ ਘੁਸਰ ਮੁਸਰ ਕਰਦੇ, ਹਸਦੇ-ਹਸਾਉਂਦੇ ਵੱਖ ਵੱਖ ਤਰ੍ਹਾਂ ਦੇ ਜਵਾਬ ਦੇ ਰਹੇ ਸਨ। ਅਚਾਨਕ ਮੇਰੀ ਨਜ਼ਰ ਖੂੰਜੇ ਲੱਗੀ ਬੈਠੀ ਹੁਸ਼ਿਆਰ ਕੁੜੀ ਪਵਨਦੀਪ 'ਤੇ ਪਈ। ਉਹ ਚੁੱਪ-ਚਾਪ ਤੇ ਉਦਾਸ ਜਿਹੀ ਬੈਠੀ ਪਤਾ ਨਹੀਂ ਕੀ ਸੋਚ ਰਹੀ ਸੀ! ਉਸ ਨੂੰ ਬੁਲਾ ਕੇ ਉਸ ਦੀਆਂ ਸੋਚਾਂ ਦੀ ਤਾਰ ਤੋੜੀ ਅਤੇ ਉਸ ਤੋਂ ਵੀ ਭਵਿੱਖ ਬਾਰੇ ਉਹੀ ਸਵਾਲ ਪੁੱਛਿਆ।

ਉਸ ਮੁਸਕਰਾਈ ਪਰ ਨਾਲ ਹੀ ਅੱਖਾਂ ਭਰ ਲਈਆਂ, "ਨਾ ਜੀ, ਘਰਦਿਆਂ ਨੇ ਅੱਗੇ ਪੜ੍ਹਨ ਨਹੀਂ ਲਾਉਣਾ। ਕਹਿੰਦੇ ਜ਼ਮਾਨਾ ਬਹੁਤ ਮਾੜਾ।" ਮੈਂ ਹੈਰਾਨ ਸਾਂ, "ਪੁੱਤ, ਜ਼ਮਾਨਾ ਤਾਂ ਕਦੇ ਵੀ ਠੀਕ ਨਹੀਂ ਰਿਹਾ। ਇਸ ਨੂੰ ਤਾਂ ਅਸੀਂ ਆਪਣੇ ਪੈਰੀਂ-ਸਿਰੀਂ ਹੋ ਕੇ ਹੀ ਠੀਕ ਕਰ ਸਕਦੇ ਆਂ।" ਉਹ ਕੋਈ ਜਵਾਬ ਨਾ ਦੇ ਸਕੀ। ਉਸ ਦੇ ਚਿਹਰੇ 'ਤੇ ਫੈਲ ਰਹੀ ਉਦਾਸੀ ਸਾਫ ਦਿਸ ਰਹੀ ਸੀ। ਮੈਂ ਕਿਹਾ ਕਿ ਉਹ ਮੈਨੂੰ ਅੱਧੀ ਛੁੱਟੀ ਵੇਲੇ ਮਿਲੇ। ਉਹਨੇ 'ਹਾਂ' ਵਿੱਚ ਸਿਰ ਹਿਲਾਇਆ। ਜਿਉਂ ਹੀ ਅਗਲੇ ਪੀਰੀਅਡ ਦੀ ਘੰਟੀ ਵੱਜੀ, ਮੈਂ ਉਸ ਕਲਾਸ ਵਿੱਚੋਂ ਨਿੱਕਲ ਕੇ ਬਾਹਰ ਧੁੱਪੇ ਗਰਾਊਂਡ ਵਿੱਚ ਬੈਠ ਗਈ। ਮੇਰਾ ਇਹ ਪੀਰੀਅਡ ਖਾਲੀ ਸੀ।

ਮੈਂ ਚੁੱਪ-ਚਾਪ ਬੈਠੀ ਪਵਨਦੀਪ ਬਾਰੇ ਸੋਚਦੀ ਡੇਢ ਕੁ ਦਹਾਕੇ ਪਹਿਲਾਂ ਆਪਣੀ ਬਾਰ੍ਹਵੀਂ ਜਮਾਤ ਤੋਂ ਬਾਅਦ ਦੇ ਵਕਤ ਵਿੱਚ ਗੁਆਚ ਗਈ... ਕਿੰਨਾ ਰੋ-ਰੋ ਕੇ ਮੈਂ ਕਾਲਜ ਲੱਗੀ ਸੀ ਬੀਏ ਕਰਨ!

ਤਾਏ-ਚਾਚਿਆਂ, ਰਿਸ਼ਤੇਦਾਰਾਂ ਨੇ ਪਤਾ ਨਹੀਂ ਕੀ ਕੁਝ ਕਿਹਾ; ਅਖੇ, ਕਾਲਜ ਜਾ ਕੇ ਕੁੜੀਆਂ ਵਿਗੜ ਜਾਂਦੀਆਂ... ਸਮੇਂ ਚੰਗੇ ਨਹੀਂ ਹੁਣ... ਇਹਦਾ ਵਿਆਹ ਕਦੋਂ ਕਰਨਾ ਫੇਰ... ਕੁੜੀਆਂ ਚਿੜੀਆਂ ਨੂੰ ਨੱਥ ਪਾ ਕੇ ਰੱਖਣੀ ਚਾਹੀਦੀ... ਤੇ ਹੋਰ ਪਤਾ ਨਹੀਂ ਕੀ ਕੀ; ਪਰ ਮੈਂ ਕਿਸੇ ਦੀ ਇੱਕ ਨਾ ਸੁਣੀ ਤੇ ਆਪਣੇ ਪਿਤਾ ਜੀ ਦੀ ਹੱਲਾਸ਼ੇਰੀ ਸਦਕਾ ਕੁੜੀਆਂ ਵਾਲੇ ਕਾਲਜ, ਨਾਭੇ ਜਾ ਦਾਖ਼ਲਾ ਲਿਆ। ਉਂਝ, ਸਾਲ ਬਾਅਦ ਹੀ ਮੈਨੂੰ ਕਾਲਜ ਦਾ ਮਾਹੌਲ



ਕੁਝ ਅਜੀਬ ਜਿਹਾ ਲੱਗਿਆ। ਅਗਲੇ ਸਾਲ ਰੌਲਾ ਪਾ ਕੇ ਸਰਕਾਰੀ ਰਿਪੁਦਮਨ ਕਾਲਜ ਦਾਖ਼ਲਾ ਲੈ ਲਿਆ।

ਰਿਸ਼ਤੇਦਾਰਾਂ ਤੇ ਘਰਦਿਆਂ ਦਾ ਫਿਰ ਉਹੀ ਰੌਲਾ: ਹੁਣ ਤਾਂ ਮੁੰਡਿਆਂ ਵਾਲੇ ਕਾਲਜ ਚਲੀ ਗਈ... ਹੁਣ ਤਾਂ ਕੱਖ ਵੀ ਇੱਜ਼ਤ ਨਹੀਂ ਰਹਿਣੀ। ਘਰੋਂ ਜਦੋਂ ਤਿਆਰ ਹੋ ਕੇ ਪਿੰਡ ਦੇ ਅੱਡੇ ਤੋਂ ਬੱਸ ਚੜ੍ਹਨ ਲਈ ਜਾਣਾ ਤਾਂ ਪਿੰਡਾਂ ਦੀਆਂ ਬੁੜ੍ਹੀਆਂ ਤੇ ਹੋਰ ਜ਼ਨਾਨੀਆਂ ਨੇ ਮੂੰਹ ਨਾਲ ਮੂੰਹ ਜੋੜ ਗੱਲਾਂ ਕਰਨੀਆਂ: 'ਲੈ ਇਹਨੂੰ ਦੇਖ, ਕਿਸੇ ਦੀ ਕੋਈ ਸੰਗ ਸ਼ਰਮ ਨਹੀਂ, ਨਿੱਤ ਬੱਸਾਂ ਚੜ੍ਹਦੀ ਆ, ਮੁੰਡਿਆਂ ਵਾਲੇ ਕਾਲਜ ਜਾਂਦੀ ਆ।' ਆਪਾਂ ਇਨ੍ਹਾਂ ਗੱਲਾਂ ਨੂੰ ਗੌਲਿਆ ਹੀ ਨਹੀਂ। ਫਿਰ ਨਤੀਜਾ ਆਇਆ- ਬੀਏ ਵਿੱਚੋਂ ਕਾਲਜ 'ਚੋਂ ਪਹਿਲੇ ਸਥਾਨ 'ਤੇ, ਯੂਨੀਵਰਸਿਟੀ ਵਿੱਚੋਂ ਵੀ ਪੁਜ਼ੀਸ਼ਨ।

ਗੱਲ ਜਦੋਂ ਉਚੇਰੀ ਸਿੱਖਿਆ (ਯੂਨੀਵਰਸਿਟੀ) ਲਈ ਜਾਣ ਦੀ ਹੋਈ ਤਾਂ ਫਿਰ ਉਹੀ ਹੰਗਾਮਾ ਪਰ ਐਤਕੀਂ ਪਿੱਠ ਪਿੱਛੇ। ਉਹੀ ਗਲੀਆਂ ਸੜੀਆਂ ਮਨਾਹੀਆਂ ਤੇ ਵਲਗਣਾਂ ਅਤੇ ਪਿਛਾਂਹ-ਖਿੱਚੂ ਬਿਰਤੀ। ਆਪਾਂ ਨਾ ਉਦਾਸ ਹੋਏ ਨਾ ਨਿਰਾਸ਼। ਚੁੱਪ ਕਰ ਕੇ ਪਿਤਾ ਜੀ ਤੋਂ ਪੈਸੇ ਲਏ ਤੇ ਪੰਜਾਬੀ ਯੂਨੀਵਰਸਿਟੀ ਐੱਮਫਿਲ ਵਿੱਚ ਜਾ ਦਾਖ਼ਲਾ ਲਿਆ; ਤੇ ਇੱਥੋਂ ਹੀ ਸ਼ੁਰੂਆਤ ਹੋਈ ਉਸ ਸੰਘਰਸ਼ ਦੀ ਜਿਸ ਨੇ ਅੱਜ ਪੈਰਾਂ 'ਤੇ ਖੜ੍ਹਨ ਜੋਗੇ ਕੀਤਾ। ਇਸੇ ਦੌਰਾਨ ਬੀਐੱਡ ਸਰਕਾਰੀ ਕਾਲਜ ਮਾਲੇਰ ਕੋਟਲਾ ਤੋਂ ਕੀਤੀ। ਬਾਅਦ ਵਿੱਚ ਡਾ. ਦਿਲਬੀਰ ਕੌਰ ਬਾਜਵਾ ਕੋਲ ਪੀਐੱਚਡੀ ਦੀ ਰਜਿਸਟ੍ਰੇਸ਼ਨ ਕਰਵਾ ਲਈ। ਜਦੋਂ ਰਿਸ਼ਤੇਦਾਰਾਂ ਤੇ ਸ਼ਰੀਕੇ-ਕਬੀਲੇ ਨੂੰ ਪਤਾ ਲੱਗਿਆ, ਫਿਰ ਉਹੀ ਕਾਟੋ-ਕਲੇਸ਼: 'ਹੁਣ ਤਾਂ ਇਹ ਜਮਾਂ ਈ ਹੱਥਾਂ 'ਚੋਂ ਨਿਕਲ ਗਈ... ਦੇਖ ਲਿਓ, ਹੁਣ ਨੀ ਇਹਨੇ ਕਿਸੇ ਪਾਸੇ ਜੋਗੀ ਰਹਿਣਾ, ਵਿਆਹ ਬੁੜ੍ਹੀ ਹੋ ਕੇ ਕਰਵਾਏਗੀ, ਸ਼ਰਮ ਨਹੀਂ ਆਉਂਦੀ ਨਾ ਇਹਨੂੰ, ਨਾ ਇਹਦੇ ਬਾਪ ਨੂੰ ਜਿਹੜੇ ਸ਼ਰੀਅਤ ਦੇ ਬਾਹਰ ਦੇ ਕੰਮ ਕਰਦੇ ਨੇ। ਖੌਰੇ ਕਿਹੜੀ ਜਾਤ ਵਿੱਚ ਵਿਆਹ ਕਰਵਾਏਗੀ ਹੁਣ।'...

ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਮੁਸਲਿਮ ਸਮਾਜ ਵਿੱਚ ਔਰਤਾਂ ਦੀ ਸਿੱਖਿਆ ਤੋਂ ਸਾਰੇ ਹੀ ਭਲੀਭਾਂਤ ਜਾਣੂ ਹਾਂ। ਉਹ ਲੋਕ ਵੀ ਮਿੰਟਾਂ ਵਿੱਚ ਤਗਮਾ ਦੇ ਦਿੰਦੇ ਜਿਨ੍ਹਾਂ ਕਦੇ ਸਕੂਲ ਦਾ ਮੂੰਹ ਨਹੀਂ ਦੇਖਿਆ ਹੁੰਦਾ। ਵਿਆਹ ਵਾਲੀ ਗੱਲ ਤਾਂ ਖ਼ੈਰ ਸੱਚ ਵੀ ਸੀ। ਜ਼ਰੂਰੀ ਥੋੜ੍ਹਾ ਸੀ ਕਿ ਐਨਾ ਪੜ੍ਹ-ਲਿਖ ਕੇ ਜਾਤਾਂ ਪਰਖਦੀ ਫਿਰਾਂ ਤੇ ਆਪਣੀ ਮਰਜ਼ੀ ਦਾ ਵਿਆਹ ਵੀ ਨਾ ਕਰਵਾ ਸਕਾਂ।

ਚਲੋ, ਪੀਐੱਚਡੀ ਮਗਰੋਂ ਬਤੌਰ ਲੈਕਚਰਾਰ ਸਰਕਾਰੀ ਨੌਕਰੀ ਮਿਲ ਗਈ। ਖ਼ੁਦ ਨੂੰ ਭਾਗਾਂ ਵਾਲੀ ਸਮਝਦੀ ਹਾਂ ਤੇ ਅਕਸਰ ਸੋਚਦੀ ਹਾਂ ਕਿ ਕਿਹੜੀਆਂ ਕਿਹੜੀਆਂ ਰੀਤਾਂ ਅਤੇ ਵਿਹਾਰਾਂ ਖ਼ਿਲਾਫ਼ ਵਿਦਰੋਹ ਕਰ ਕੇ ਇਸ ਮੁਕਾਮ 'ਤੇ ਪਹੁੰਚੀ ਹਾਂ। ਰਿਸ਼ਤੇਦਾਰੀਆਂ ਛੱਡੀਆਂ, ਕੁਝ ਨੇੜੇ ਦੇ ਰਿਸ਼ਤੇ ਛੱਡੇ, ਆਂਢ-ਗੁਆਂਢ ਛੱਡਿਆ ਪਰ ਇਸ ਵਿਦਰੋਹ ਦੀ ਜੋ ਕੀਮਤ ਮਿਲੀ, ਹਜ਼ਾਰ ਗੁਣਾ ਸੁਹਾਵਣੀ ਏ।...

ਅਗਲੇ ਪੀਰੀਅਡ ਦੀ ਘੰਟੀ ਵੱਜੀ ਤਾਂ ਸੋਚਾਂ ਦੀ ਲੜੀ ਟੁੱਟੀ। ਜ਼ਿਹਨ ਵਿੱਚ ਆਇਆ, ਪਵਨਦੀਪ ਨੂੰ ਸਮਝਾਵਾਂ- 'ਪੁੱਤ, ਹੱਕ ਕਈ ਵਾਰ ਖੋਹਣੇ ਪੈਂਦੇ, ਉਹ ਵੀ ਆਪਣਿਆਂ ਤੋਂ... ਜ਼ਿੰਦਗੀ ਨੂੰ ਸਾਜ਼ਗਾਰ ਬਣਾਉਣ ਲਈ।'

ਹੁਣ ਮੈਂ ਅੱਧੀ ਛੁੱਟੀ ਵਾਲਾ ਵੇਲਾ ਉਡੀਕ ਰਹੀ ਸਾਂ; ਪਵਨਦੀਪ ਨੂੰ ਅੱਧੀ ਛੁੱਟੀ ਵੇਲੇ ਮਿਲਣ ਲਈ ਕਿਹਾ ਜੋ ਸੀ!

ਅੱਧੀ ਛੁੱਟੀ ਹੋਈ; ਤੇ ਥੋੜ੍ਹੀ ਦੇਰ ਪਿੱਛੋਂ ਪਵਨਦੀਪ ਮੇਰੇ ਵੱਲ ਆ ਰਹੀ ਦਿਸ ਪਈ।

**ਲਿਖਤ : ਗੁਰਦੀਪ ਢੁੱਡੀ**
**ਸੰਪਰਕ:** 95010-20731

# ਹੁਣ ਤਾਂ ਹੱਸ ਪੈ !

ਆਪਣੇ ਅਧਿਆਪਨ ਕਾਰਜ ਦੇ ਕਰੀਬ 19 ਸਾਲ ਪੂਰੇ ਕਰਨ ਅਤੇ 8 ਸਕੂਲਾਂ ਵਿੱਚ ਥੋੜ੍ਹਾ ਬਹੁਤਾ ਸਮਾਂ ਲਾਉਣ ਤੱਕ ਮੈਂ ਆਪਣੇ ਸਕੂਲਾਂ ਦੇ ਮੁਖੀਆਂ ਤੋਂ ਅਜਿਹਾ ਪ੍ਰਭਾਵ ਨਹੀਂ ਕਬੂਲ ਸਕਿਆ ਜਿਹੜਾ ਆਪਣੇ ਲੈਕਚਰਾਰ ਬਣਨ ਮਗਰੋਂ ਗੋਲੇਵਾਲਾ ਸਕੂਲ ਦੇ ਮੁਖੀ ਤੋਂ ਕਬੂਲਿਆ। ਸਿੱਧੀ ਭਰਤੀ ਰਾਹੀਂ ਮੈਂ ਸਕੂਲ ਲੈਕਚਰਾਰ ਬਣਿਆ ਸਾਂ। ਪਹਿਲੇ ਦਿਨ ਮੇਰੀ ਹਾਜ਼ਰੀ ਲੁਆਉਣ ਸਮੇਂ ਮਿਹਰ ਸਿੰਘ ਸੰਧੂ ਨੇ ਜਿਸ ਤਰ੍ਹਾਂ ਬੜੇ ਸਹਿਜ ਭਾਅ ਮੈਨੂੰ ਜੀ ਆਇਆਂ ਆਖਦਿਆਂ ਹਾਜ਼ਰ ਕਰਵਾਇਆ, ਮੇਰੇ ਵਾਸਤੇ ਅਸਾਧਾਰਨ ਅਨੁਭਵ ਸੀ। ਆਮ ਤੌਰ ’ਤੇ ਸਕੂਲ ਮੁਖੀਆਂ ਦੀ ਧੌਣ ਵਿੱਚ ਕਿੱਲਾ ਗੱਡਿਆ ਰਹਿੰਦਾ।

ਦੂਜੇ ਦਿਨ ਦੀ ਅਮਲੀ ਮਿਲਣੀ ਅਤੇ ਫਿਰ ਸਕੂਲ ਦੀ ਸਵੇਰ ਦੀ ਸਭਾ ਦੇਖਦਿਆਂ ਮੈਂ ਸੁਖਦ ਪਲਾਂ ਨੂੰ ਮਹਿਸੂਸ ਕੀਤਾ। ਹੌਲੀ-ਹੌਲੀ ਵਧੇਰੇ ਜਾਣਦਿਆਂ ਮਿਹਰ ਸਿੰਘ ਦੀ ਸ਼ਖ਼ਸੀਅਤ ਵਿੱਚ ਮੈਨੂੰ ਵਿਰੋਧਾਭਾਸ ਵਰਗੀ ਸ਼ੈਅ ਵੀ ਜਾਪੀ। ਬੜੇ ਸਲੀਕੇ ਨਾਲ ਉਹ ਕੱਪੜੇ ਪਹਿਨਦਾ, ਇਕ ਤੋਂ ਵੱਧ ਵਾਰ ਆਪਣੀ ਐਨਕ ਉਤਾਰ ਕੇ, ਮੂੰਹ ’ਤੇ ਪਾਣੀ ਦੇ ਛਿੱਟੇ ਮਾਰ ਕੇ, ਆਪਣੇ ਰੁਮਾਲ ਨਾਲ ਮੂੰਹ ਪੂੰਝਦਾ ਅਤੇ ਦਾੜ੍ਹੀ ਨੂੰ ਸੰਵਾਰਨ ਵਾਲਿਆਂ ਵਾਂਗ ਕਰਦਾ, ਤੁਰਨ ਲੱਗਿਆਂ ਉੱਦਮੀ ਪਰ ਬੋਚ-ਬੋਚ ਕੇ ਰੱਖੇ ਕਦਮਾਂ ਨਾਲ, ਉਹ ਕਿਸੇ ਛੋਹਦੇ ਅਮੀਰਜ਼ਾਦੇ ਵਰਗਾ ਜਾਪਦਾ ਸੀ। ਅੱਖਾਂ ’ਤੇ ਲਾਈ ਮੋਟੇ ਸ਼ੀਸ਼ੇ ਦੀ ਐਨਕ, ਚਿਹਰੇ ’ਤੇ ਅੰਤਾਂ ਦੀ ਗੰਭੀਰਤਾ ਅਤੇ ‘ਪਹਿਲਾਂ ਤੋਲੋ ਫਿਰ ਬੋਲੋ’ ਵਾਂਗ ਮੂੰਹ ਵਿੱਚੋਂ ਬੋਚ-ਬੋਚ ਕੇ ਕੱਢੇ ਬੋਲਾਂ ਸਦਕਾ ਉਹ ਅੰਤਾਂ ਦਾ ਵਿੱਚਾਰਵਾਨ ਆਦਮੀ ਜਾਪਦਾ ਸੀ। ਅਧਿਆਪਕਾਂ ਅਤੇ ਬੱਚਿਆਂ ਨਾਲ ਉਹ ਸਕੂਲ ਮੁਖੀਆਂ ਵਰਗੀ ਘੱਟ, ਦੋਸਤਾਨਾ ਜਾਪਦੀ ਬੋਲ-ਚਾਲ ਰੱਖਦਾ ਸੀ। ਛੇਤੀ ਹੀ ਮੇਰੇ ਨਾਲ ਵਿੱਚਾਰਧਾਰਕ ਗੱਲਾਂ ਕਰਦਿਆਂ ਉਸ ਨੇ ਦਰਸਾ ਦਿੱਤਾ ਕਿ ਉਹ ਵਿਸ਼ੇਸ਼ ਤਰ੍ਹਾਂ ਦੀ ਵਿੱਚਾਰਧਾਰਾ ਨੂੰ ਪ੍ਰਨਾਇਆ ਹੋਇਆ ਹੈ। 11ਵੀਂ ਅਤੇ 12ਵੀਂ ਜਮਾਤ ਦਾ ਆਪਣਾ ਗਣਿਤ ਵਿਸ਼ੇ ਦਾ ਪੀਰੀਅਡ ਉਹ ਗੰਭੀਰਤਾ ਨਾਲ ਲਾਉਂਦਾ ਅਤੇ ਦਫ਼ਤਰੀ ਕੰਮਾਂ ਬਾਰੇ ਸੁਚੇਤ ਰਹਿੰਦਾ। ਨਿੱਕੇ ਮੋਟੇ ਕੰਮ ਲਈ ਜੇ ਉਹ ਸਰਕਾਰੀ ਡਿਊਟੀ ’ਤੇ ਜਾਂਦਾ ਤਾਂ ਜਾਣ ਤੋਂ ਪਹਿਲਾਂ ਜਾਂ ਆ ਕੇ ਸਕੂਲ ਦਾ ਕੰਮ ਜ਼ਰੂਰ ਕਰਦਾ। ਇਨ੍ਹਾਂ ਗੱਲਾਂ ਨੇ ਮੇਰੇ ’ਤੇ ਵਾਹਵਾ ਪ੍ਰਭਾਵ ਪਾਇਆ ਅਤੇ ਮੈਨੂੰ ਲੱਗਿਆ, ਇੱਥੇ ਮੇਰੇ ਭਾਵਾਂ ਨੂੰ ਸਾਹ ਮਿਲਣਗੇ।

ਸਾਲ ਤੋਂ ਕੁਝ ਸਮਾਂ ਵੱਧ ਅਸੀਂ ਇਕੱਠਿਆਂ ਕੰਮ ਕੀਤਾ ਅਤੇ ਫਿਰ ਮੇਰੀ ਘਰੇਲੂ ਮਜਬੂਰੀ ਕਰ ਕੇ ਮੈਨੂੰ ਕੋਟਕਪੂਰੇ ਦੀ ਬਦਲੀ ਕਰਵਾਉਣੀ ਪਈ। ਮੇਰੀ ਬਦਲੀ ਅਤੇ ਉਸ ਤੋਂ ਬਾਅਦ ਫਾਰਗੀ ਸਮੇਂ ਉਸ ਨੇ ਕੀ ਮਹਿਸੂਸ ਕੀਤਾ, ਇਸ ਬਾਰੇ ਮੇਰਾ ਇੱਥੇ ਕੁਝ ਕਹਿਣਾ ਬਹੁਤਾ ਵਾਜਿਬ ਨਹੀਂ ਪਰ ਮੈਨੂੰ ਲੱਗਿਆ, ਮੈਂ ਪਿੱਛੇ ਆਪਣਾ ਕੁਝ ਛੱਡ ਆਇਆ ਹਾਂ। ਉਸ ਨਾਲ ਭਾਵੇਂ ਮੈਂ ਬਹੁਤਾ ਸਮਾਂ ਤਾਂ ਕੰਮ ਨਹੀਂ ਕੀਤਾ ਸੀ ਅਤੇ ਇਸ ਤੋਂ ਪਹਿਲਾਂ ਵੀ ਸਾਡੀ ਕੋਈ ਆਪਸੀ ਜਾਣ-ਪਛਾਣ ਨਹੀਂ ਸੀ ਪਰ ਬਾਅਦ ਵਿੱਚ ਅਪਣੱਤ ਵਰਗੇ ਅਹਿਸਾਸ ਗੂੜ੍ਹੇ ਹੁੰਦੇ ਗਏ।

ਸਮਾਂ ਆਪਣੀ ਤੋਰ ਤੁਰਦਾ ਰਿਹਾ ਅਤੇ ਕਦੇ ਕਦਾਈਂ ਥੋੜ੍ਹੀ ਬਹੁਤੀ ਖ਼ਟਾਸ ਨੂੰ ਛੱਡ ਕੇ 29 ਸਾਲ ਦਾ ਸਫ਼ਰ ਚੰਗਿਆਂ ਵਰਗਾ ਹੀ ਬਤੀਤ ਹੋਇਆ ਹੈ। ਉਸ ਨੇ ਆਪਣੇ ਉਸੇ ਸਕੂਲ ਵਿੱਚ ਲੰਮਾ ਸਮਾਂ ਯਾਦਗਾਰੀ ਕੰਮ ਕੀਤਾ। ਇਮਾਰਤ ਦੀ ਉਸਾਰੀ ਕਰਵਾਉਣ ਤੋਂ ਇਲਾਵਾ ਵਿਦਿਅਕ ਮਿਆਰ ਨੂੰ ਜ਼ਿਲ੍ਹੇ ਭਰ ਵਿੱਚੋਂ ਚੰਗੇਰਾ ਕਰਨ ਦੀ ਕੋਸ਼ਿਸ਼ ਕੀਤੀ। ਆਪ ਉਹ ਕਲਾਤਮਿਕ ਰੁਚੀਆਂ ਦਾ ਹੋਣ ਕਰ ਕੇ ਆਪਣੇ ਵਿਦਿਆਰਥੀਆਂ ਵਿੱਚ ਇਨ੍ਹਾਂ ਰੁਚੀਆਂ ਦਾ ਵੀ ਸੰਚਾਰ ਕੀਤਾ। ਦੋਨੇ ਕੌਮੀ ਦਿਹਾੜਿਆਂ (ਆਜ਼ਾਦੀ ਤੇ ਗਣਤੰਤਰ ਦਿਵਸ) ’ਤੇ ਵਿਦਿਆਰਥੀਆਂ ਦੀ 15 ਕਿਲੋਮੀਟਰ ਦੂਰ ਫ਼ਰੀਦਕੋਟ ਵਿਖੇ ਹਾਜ਼ਰੀ ਅਤੇ ਮੁਕਾਬਲਿਆਂ ਵਿੱਚ ਜੇਤੂ ਹੋਣਾ, ਉਸ ਦੀ ਕੀਤੀ ਹੋਈ ਮਿਹਨਤ ਦਰਸਾਉਂਦੇ ਸਨ। ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਸਾਇੰਸ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦੀਆਂ ਪੰਜਾਬ ਪੱਧਰ ਦੀਆਂ ਪ੍ਰਾਪਤੀਆਂ ਪਿੱਛੇ ਉਸ ਦਾ ਦਿਮਾਗੀ ਪੱਧਰ ਕਾਰਜਸ਼ੀਲ ਹੁੰਦਾ ਸੀ।



ਆਪਣੀ ਅਗਾਂਹਵਧੂ ਵਿੱਚਾਰਧਾਰਾ ਦਾ ਉਹ ਵਿਦਿਆਰਥੀਆਂ ਵਿੱਚ ਹੌਲੀ-ਹੌਲੀ ਸੰਚਾਰ ਕਰਦਾ ਰਹਿੰਦਾ। ਲੜਕੀਆਂ ਅਤੇ ਦੱਬੇ ਕੁਚਲੇ ਮਾਪਿਆਂ ਦੇ ਬੱਚਿਆਂ ਬਾਰੇ ਉਸ ਦੀ ਇੱਛਾ ਹੁੰਦੀ ਕਿ ਇਹ ਹਰ ਹਾਲਤ ਸਿੱਖਿਅਤ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ ਸਿਰ ਉੱਚਾ ਚੁੱਕ ਕੇ ਜਿਊਣ ਦਾ ਮੌਕਾ ਮਿਲਣਾ ਚਾਹੀਦਾ ਹੈ। ਇਹ ਸਾਰਾ ਕੁਝ ਉਸ ਨੂੰ ਆਮ ਦੀ ਥਾਂ ਵਿਸ਼ੇਸ਼ ਅਧਿਆਪਕ ਦਾ ਰੁਤਬਾ ਦਿਵਾਉਂਦੇ ਸਨ।

ਅਜਿਹਾ ਕੁਝ ਦੇਖਦਿਆਂ ਜ਼ਿਲ੍ਹੇ ਦੇ ਸਿੱਖਿਆ ਅਧਿਕਾਰੀਆਂ ਨੇ ਉਸ ’ਤੇ ਦਬਾਅ ਬਣਾਇਆ ਕਿ ਉਹ ਅਧਿਆਪਕਾਂ ਦੇ ਸਟੇਟ ਐਵਾਰਡ ਵਾਸਤੇ ਅਰਜ਼ੀ ਦੇਵੇ। ਪਹਿਲਾਂ ਤਾਂ ਉਹ ਨਾ ਮੰਨਿਆ, ਫਿਰ ਕੁਝ ਦੋਸਤਾਂ ਦੀ ਸਲਾਹ ਸਦਕਾ ਉਸ ਨੇ ਇਹ ਕੌੜਾ ਅੱਕ ਵੀ ਚੱਬ ਲਿਆ। ਪਹਿਲੀ ਵਾਰੀ ਵਿੱਚ ਹੀ ਸਟੇਟ ਐਵਾਰਡ ਵਾਸਤੇ ਉਸ ਦੀ ਚੋਣ ਹੋ ਗਈ। ਇਹ ਸਟੇਟ ਐਵਾਰਡ ਲੁਧਿਆਣਾ ਵਿੱਚ ਸਮਾਗਮ ਵਿੱਚ 5 ਸਤੰਬਰ ਨੂੰ ਦਿੱਤਾ ਜਾਣਾ ਸੀ। ਇਸ ਪ੍ਰੋਗਰਾਮ ਵਿੱਚ ਸੂਬੇ ਦੇ ਤਤਕਾਲੀ ਸਿੱਖਿਆ ਮੰਤਰੀ ਹਰਨਾਮ ਦਾਸ ਜੌਹਰ ਨੇ ਜੇਤੂ ਅਧਿਆਪਕਾਂ ਨੂੰ ਇਨਾਮਾਂ ਦੀ ਤਕਸੀਮ ਕਰਨੀ ਸੀ।

ਰਸਮ ਅਨੁਸਾਰ ਇਕ ਸਿੱਖਿਆ ਅਧਿਕਾਰੀ ਦੁਆਰਾ ਇਨਾਮ ਹਾਸਲ ਕਰਨ ਵਾਲੇ ਅਧਿਆਪਕਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦੇ ਕੇ ਉਸ ਨੂੰ ਆਪਣਾ ਇਨਾਮ ਹਾਸਲ ਕਰਨ ਲਈ ਸੱਦਿਆ ਜਾਂਦਾ ਸੀ। ਇਨਾਮ ਹਾਸਲ ਕਰਨ ਵਾਲੇ ਅਧਿਆਪਕ ਚਾਈਂ-ਚਾਈਂ ਅਤੇ ਭੱਜ ਕੇ ਜਾਣ ਵਾਲਿਆਂ ਵਾਂਗ ਕਰਦੇ। ਆਪਣੇ ਗ਼ਲ ਵਿੱਚ ਮੈਡਲ ਅਤੇ ਹੱਥਾਂ ਵਿੱਚ ਫੜੇ ਸਰਟੀਫ਼ਿਕੇਟ ਨੂੰ ਉਹ ਲੋਕਾਂ ਨੂੰ ਦਿਖਾਉਣ ਦੀ ਪੂਰੀ ਵਾਹ ਲਾਉਂਦੇ। ਜਦੋਂ ਮਿਹਰ ਸਿੰਘ ਦੀ ਵਾਰੀ ਆਈ ਤਾਂ ਉਹ ਬੜੇ ਸਹਿਜ ਨਾਲ ਸਟੇਜ ’ਤੇ ਗਿਆ, ਆਪਣੀ ਸ਼ਖ਼ਸੀਅਤ ਦੇ ਵਿਸ਼ੇਸ਼ ਅੰਦਾਜ਼, ਗੰਭੀਰ ਮੁਦਰਾ ਵਿੱਚ ਹੀ ਉਸ ਨੇ ਇਨਾਮ ਹਾਸਲ ਕੀਤਾ। ਸਿੱਖਿਆ ਮੰਤਰੀ ਨੇ ਉਸ ਨੂੰ ਗੰਭੀਰ ਮੁਦਰਾ ਵਿੱਚ ਦੇਖਦਿਆਂ ਆਖਿਆ, “ਹੁਣ ਤਾਂ ਹੱਸ ਪੈ। ਰੁੱਸਿਆਂ ਵਾਂਗੂੰ ਇਨਾਮ ਲਈ ਜਾਨੈਂ।” ਮੰਤਰੀ ਨੂੰ ਅਜਿਹਾ ਬੋਲਦਿਆਂ ਸੁਣ ਕੇ ਪੰਡਾਲ ਵਿੱਚ ਹਾਸਾ ਪੈ ਗਿਆ। ਮੰਤਰੀ ਕੀ ਜਾਣੇ ਕਿ ਉਸ ਦੇ ਮਨ ਵਿੱਚ ਕੀ ਕੁਝ ਉੱਸਲਵੱਟੇ ਲੈ ਰਿਹਾ ਹੈ।

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SANJHA PUNJAB SINCE 1997

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

Keep Smiling Denture Clinic

Keep Smiling Denture Clinic

Complete Denture Implant Denture Partial Denture

Care Home Mobile S... ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist

SEMCD CERTIFIED CLINICIAN

Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

# ਮੇਰੇ ਭੰਗੜੇ ਨੂੰ ਮੰਨਦੈ
## ਸਾਰਾ ਜਹਾਨ ਰਾਣੀਏ

ਲਿਖਤ : ਜਸਵਿੰਦਰ ਸਿੰਘ ਰੂਪਾਲ
ਸੰਪਰਕ: 98147-15796



ਭੰਗੜਾ ਗੱਭਰੂਆਂ ਵੱਲੋਂ ਪਾਇਆ ਜਾਣ ਵਾਲਾ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਹੈ ਜੋ ਫ਼ਸਲਾਂ ਪੱਕਣ ਸਮੇਂ, ਵਿਆਹ-ਸ਼ਾਦੀ ਸਮੇਂ, ਮੇਲਿਆਂ ਸਮੇਂ ਅਤੇ ਹੋਰ ਖ਼ੁਸ਼ੀ ਦੇ ਸਮਾਗਮਾਂ ’ਤੇ ਪਾਇਆ ਜਾਂਦਾ ਹੈ। ਪ੍ਰਸਿੱਧ ਲੋਕਧਾਰਾ ਵਿਗਿਆਨੀ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਸ਼ਬਦਾਂ ਵਿੱਚ, ‘ਪਹਿਲਾਂ ਪਹਿਲ ਜਦੋਂ ਪੰਜਾਬੀਆਂ ਨੇ ਹਰੀਆਂ ਫ਼ਸਲਾਂ ਨੂੰ ਸੁਨਹਿਰੀ ਸਿੱਟੇ ਪੈਂਦੇ ਵੇਖੇ ਤਾਂ ਉਨ੍ਹਾਂ ਦਾ ਮਨ ਹੁਲਾਰੇ ਵਿੱਚ ਆ ਕੇ ਨੱਚ ਖਲੋਤਾ। ਲੰਮੀ ਘਾਲਣਾ ਤੇ ਕਰੜੀ ਮਿਹਨਤ ਨੂੰ ਸੁਨਹਿਰੀ ਫਲ ਲੱਗਿਆ ਵੇਖ, ਕਿਸ ਦਾ ਦਿਲ ਨਹੀਂ ਨੱਚ ਉੱਠਦਾ? ਮੁੱਢ ਵਿੱਚ ਇਹ ਨਾਚ ਫ਼ਸਲਾਂ ਦੀ ਉਪਜਾਊ ਸ਼ਕਤੀ ਵਧਾਉਣ ਲਈ ਕੀਤੀਆਂ ਰੀਤਾਂ-ਰਸਮਾਂ ਸਮੇਂ ਖੁੱਲ੍ਹੇ ਖੇਤਾਂ ਵਿੱਚ ਨੱਚਿਆ ਜਾਂਦਾ ਸੀ।’’

ਭੰਗੜੇ ਦਾ ਸਬੰਧ ਕਿਉਂਕਿ ਤਾਲ ਅਤੇ ਢੋਲ ਨਾਲ ਹੈ, ਇਸ ਲਈ ਕੁਝ ਵਿਦਵਾਨਾਂ ਅਨੁਸਾਰ ਇਸ ਦਾ ਜਨਮ ਭੰਗ ਅਤੇ ਸ਼ਿਵ ਜੀ ਦੇ ਡਮਰੂ ਤੋਂ ਹੋਇਆ। ਇੱਕ ਹੋਰ ਧਾਰਨਾ ਅਨੁਸਾਰ ਭੰਗੜੇ ਦਾ ਜਨਮ ਭੰਗ ਤੋਂ ਹੋਇਆ। ਭੰਗ ਪੀ ਕੇ ਭਾਂਗੜੀਆਂ ਦੁਆਰਾ ਕੀਤਾ ਜਾਣ ਵਾਲਾ ਨਾਚ ਹੀ ਭੰਗੜਾ ਅਖਵਾਇਆ, ਪਰ ਕਿਸੇ ਵੀ ਨਾਚ ਦਾ ਜਨਮ ਉਸ ਦੇ ਸ਼ਬਦਾਂ ਦੀ ਵਿਉਂਤਬੰਦੀ ਤੋਂ ਲਗਾਉਣਾ ਵਧੇਰੇ ਠੀਕ ਨਹੀਂ ਹੈ। ਬਲਕਿ ਕਿਸੇ ਵੀ ਨਾਚ ਦੀਆਂ ਮੁਦਰਾਵਾਂ ਨੂੰ ਖ਼ਿਆਲ ਵਿੱਚ ਰੱਖਣਾ ਵਧੇਰੇ ਠੀਕ ਹੈ। ਢੋਲ ਦੀਆਂ ਤਾਲਾਂ ਦਾ ਬੁਨਿਆਦੀ ਆਧਾਰ, ਮੁਦਰਾਵਾਂ ਦੀ ਪ੍ਰਾਚੀਨਤਾ ਅਤੇ ਨਾਚ ਦੁਆਰਾ ਪੈਦਾ ਹੋਣ ਵਾਲੇ ਭਾਵਾਂ ਦੀ ਸਾਰਥਿਕਤਾ ਨੂੰ ਮੁੱਖ ਰੱਖ ਕੇ ਆਖਿਆ ਜਾ ਸਕਦਾ ਹੈ ਕਿ ਭੰਗੜਾ ਖ਼ੁਸ਼ੀ ਸਮੇਂ ਦਾ ਨਾਚ ਹੈ। ਇਸ ਦੀਆਂ ਮੁੱਖ ਪੰਜ ਤਾਲਾਂ ਹਨ- ਭੰਡਾਰਾ, ਦੰਗਲ, ਭੰਗੜਾ, ਝੂਮਰ ਅਤੇ ਲੁੱਡੀ। ਲੁੱਡੀ ਅਤੇ ਝੂਮਰ ਦੋ ਵੱਖਰੇ ਨਾਚ ਹਨ, ਜਿਨ੍ਹਾਂ ਦੀਆਂ ਕੁਝ ਮੁਦਰਾਵਾਂ ਅਤੇ ਤਾਲਾਂ ਨੂੰ ਭੰਗੜੇ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਭੰਡਾਰੇ ਦੀ ਤਾਲ ਧੀਮੀ ਅਤੇ ਇੱਕ ਸਾਰ ਵੱਜਣ ਵਾਲੀ ਹੈ ਜੋ ਯੱਗਾਂ ਅਤੇ ਭੰਡਾਰੇ ਸਮੇਂ ਸਾਂਝੀ ਖ਼ੁਸ਼ੀ ਪ੍ਰਗਟਾਉਣ ਲਈ ਵਰਤੀ ਜਾਂਦੀ ਸੀ। ਦੰਗਲ, ਭਲਵਾਨੀ ਵਾਲੀ ਅਤੇ ਅਖਾੜਿਆਂ ਵਿੱਚ ਛਿੰਝ ਸਮੇਂ ਵੱਜਦੀ ਜੰਗੀ ਵਰਤਾਰੇ ਵਾਲੀ ਤਾਲ ਹੈ। ਇਸ ਵਿੱਚ ਜ਼ਿਆਦਾ ਜ਼ੋਰ ਡੱਗੇ ਦੀ ਮਾਤਰਾ ’ਤੇ ਦਿੱਤਾ ਜਾਂਦਾ ਹੈ।

ਭੰਗੜੇ ਸਮੇਂ ਪਹਿਰਾਵਾ ਵੀ ਵਿਸ਼ੇਸ਼ ਹੁੰਦਾ ਹੈ। ਕਲੀਆਂ ਵਾਲਾ ਕੁੜਤਾ, ਤੇੜ ਚਾਦਰਾ, ਸ਼ਮਲੇ ਵਾਲੀ ਪੱਗ ਅਤੇ ਉੱਪਰ ਦੀ ਕਢਾਈ ਵਾਲੀ ਨਹਿਰੂ ਜਾਕਟ ਵੀ ਸ਼ਿੰਗਾਰ ਬਣਦੀ ਹੈ। ਆਮ ਸਟੇਜਾਂ ’ਤੇ ਜੁੱਤੀ ਨਹੀਂ ਪਾਈ ਜਾਂਦੀ, ਪਰ ਖੁੱਲ੍ਹੇ ਥਾਵਾਂ ’ਤੇ ਭੰਗੜਾ ਪਾਉਣ ਸਮੇਂ ਤਿੱਲੇਦਾਰ ਪੰਜਾਬੀ ਜੁੱਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸ਼ਮਲਿਆਂ ਨੂੰ ਬੰਨ੍ਹਣ ਦੇ ਵੀ ਤਿੰਨ ਚਾਰ ਤਰੀਕੇ ਹਨ। ਰਵਾਇਤੀ ਗਹਿਣੇ ਜਿਵੇਂ ਨੱਤੀਆਂ, ਮੁੰਦਰੇ, ਕੈਂਠਾ ਆਦਿ ਵੀ ਪਾ ਲਏ ਜਾਂਦੇ ਹਨ। ਮਕਸਦ ਇੱਕੋ ਹੁੰਦਾ ਹੈ, ਖ਼ੂਬਸੂਰਤ ਦਿੱਖ ਨਾਲ ਸਭ ਨੂੰ ਆਕਰਸ਼ਿਤ ਕਰਨਾ।

ਇਸ ਨਾਚ ਵਿੱਚ ਢੋਲੀ ਦਾ ਮੁੱਖ ਰੋਲ ਹੁੰਦਾ ਹੈ ਕਿਉਂਕਿ ਸਾਰਾ ਨਾਚ ਢੋਲ ਦੀ ਤਾਲ ਅਨੁਸਾਰ ਹੀ ਚੱਲਦਾ ਹੈ। ਤਾਲ ਦੇ ਬਦਲਣ ’ਤੇ ਹੀ ਨਾਚ ਦੀਆਂ ਮੁਦਰਾਵਾਂ ਵੀ ਬਦਲ ਜਾਂਦੀਆਂ ਹਨ। ਬੋਲੀਆਂ ਅਤੇ ਗੀਤ ਨਾਚ ਨੂੰ ਗਤੀ ਦਿੰਦੇ ਹਨ। ਬੋਲੀ, ਗੀਤ, ਨਾਚ ਦੀਆਂ ਮੁਦਰਾਵਾਂ ਜਿਨ੍ਹਾਂ ਵਿੱਚ ਹੱਥਾਂ ਅਤੇ ਪੈਰਾਂ ਦੀ ਗਤੀ ਹੁੰਦੀ ਹੈ ਅਤੇ ਢੋਲ ਦਾ ਤਾਲ ਇਹ ਸਭ ਇੱਕ ਸੁਰ ਵਿੱਚ ਹੋਣੇ ਬਹੁਤ ਜ਼ਰੂਰੀ ਹਨ। ਬੋਲੀ ਦੇ ਬਦਲਣ, ਢੋਲ ਦੀ ਤਾਲ ਦੇ ਬਦਲਣ ਅਨੁਸਾਰ ਹੀ ਮੁਦਰਾਵਾਂ ਵਿੱਚ ਤਬਦੀਲੀ ਆਉਂਦੀ ਹੈ ਅਤੇ ਇਸ ਸਭ ਵਿੱਚ ਲਗਾਤਾਰਤਾ ਹੋਣੀ ਬਹੁਤ ਜ਼ਰੂਰੀ ਹੈ। ਜੋਸ਼ ਅਤੇ ਉਤਸ਼ਾਹ ਦਾ ਬਣਿਆ ਰਹਿਣਾ ਭੰਗੜੇ ਨੂੰ ਲੋਕਾਂ ਦੇ ਦਿਲ ਦੀ ਧੜਕਣ ਨਾਲ ਜੋੜਦਾ ਹੈ।

ਇਸ ਨਾਚ ਵਿੱਚ ਪੇਂਡੂ ਸਾਜ਼ ਵਰਤੇ ਜਾਂਦੇ ਹਨ। ਇੱਕਤਾਰਾ, ਛੈਣੇ, ਤੂੰਬਾ, ਚਿਮਟਾ, ਘੜਾ, ਸੱਪ, ਕਾਟੋ ਆਦਿ, ਪਰ ਮੁੱਖ ਸਾਜ਼ ਢੋਲ ਹੀ ਹੈ ਅਤੇ ਬਾਕੀ ਸਾਰੇ ਸਾਜ਼ ਢੋਲ ਦੀ ਤਾਲ ਨੂੰ ਪੂਰਨ ਲਈ ਹੀ ਵਰਤੇ ਜਾਂਦੇ ਹਨ। ਢੋਲ ਤੋਂ ਬਿਨਾਂ ਭੰਗੜਾ ਨਿਰਜਿੰਦ ਹੈ। ਭੰਗੜੇ ਵਿੱਚ ਬੋਲੀਆਂ ਅਤੇ ਗੀਤ ਦੋਵੇਂ ਹੁੰਦੇ ਹਨ ਜਦੋਂਕਿ ਗਿੱਧੇ ਵਿੱਚ ਸਿਰਫ਼ ਬੋਲੀਆਂ ਹੀ ਹੁੰਦੀਆਂ ਹਨ। ਭੰਗੜੇ ਵਿੱਚ ਗਾਏ ਜਾਣ ਵਾਲੇ ਗੀਤ ਜ਼ਰੂਰੀ ਨਹੀਂ ਕਿ ਪੂਰੇ ਗਾਏ ਜਾਣ। ਕਿਸੇ ਗੀਤ ਦਾ ਇੱਕ, ਕਿਸੇ ਦੇ ਦੋ ਬੰਦ ਹੀ ਕਾਫ਼ੀ ਹੁੰਦੇ ਹਨ। ਗਿੱਧੇ ਤੋਂ ਉਲਟ ਇਸ ਵਿੱਚ ਮੌਖਿਕ ਵਾਰਤਾਲਾਪ ਨੂੰ ਕੋਈ ਵਿਸ਼ੇਸ਼ ਥਾਂ ਨਹੀਂ ਦਿੱਤੀ ਜਾਂਦੀ।

ਇਹ ਗੱਭਰੂ ਦੇਸ਼ ਪੰਜਾਬ ਦੇ
ਉੱਡਦੇ ਵਿੱਚ ਹਵਾ।

ਇਹ ਨੱਚ ਨੱਚ ਪਾਉਂਦੇ ਭੰਗੜੇ
ਤੇ ਦਿੰਦੇ ਧਰਤ ਹਿਲਾ।

ਹੋ ਬੱਲੇ ਬੱਲੇ ਜਵਾਨਾ।
ਬੱਲੇ ਬੱਲੇ ਬੱਲੇ ਬੱਲੇ।
***
ਸਾਡੇ ਪਿੰਡ ਦੇ ਮੁੰਡੇ ਦੇਖ ਲਓ
ਜਿਉਂ ਟਾਹਲੀ ਦੇ ਪਾਵੇ ।

ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰਾ
ਜਿਉਂ ਬਗਲਾ ਤਲਾਅ ਵਿੱਚ ਨ੍ਹਾਵੇ।

ਭੰਗੜਾ ਪਾਉਂਦੇ ਮੁੰਡਿਆਂ ਦੀ
ਸਿਫਤ ਕਰੀ ਨਾ ਜਾਵੇ।
***
ਦੇਸ਼ ਪੰਜਾਬ ਦੇ ਮੁੰਡੇ ਦੇਖ ਲਓ
ਜਿਵੇਂ ਲੜੀਆਂ ਦੀਆਂ ਲੜੀਆਂ।

’ਕੱਠੇ ਹੋ ਕੇ ਪਾਉਣ ਬੋਲੀਆਂ
ਮੁੱਛਾਂ ਰੱਖਦੇ ਖੜ੍ਹੀਆਂ।

ਰਲ ਮਿਲ ਕੇ ਫੇਰ ਪਾਉਣ ਭੰਗੜਾ
ਸਹਿਣ ਨਾ ਕਿਸੇ ਦੀਆਂ ਤੜੀਆਂ।

ਐਰ ਗੈਰ ਨਾਲ ਗੱਲ ਨਹੀਂ ਕਰਦੇ
ਵਿਆਹ ਕੇ ਲਿਆਵਣ ਪਰੀਆਂ।

ਬੇਲਾਂ ਧਰਮ ਦੀਆਂ
ਵਿੱਚ ਦਰਗਾਹ ਦੇ ਹਰੀਆਂ।
***
ਮੈਂ ਤਾਂ ਤੈਨੂੰ ਲੈਣ ਆ ਗਿਆ
ਤੂੰ ਵੜ ਬੈਠੀ ਖੂੰਜੇ।

ਨੀਂ ਲੈ ਕੇ ਜਾਊਂਗਾ
ਮੋਤੀ ਬਾਗ਼ ਦੀਏ ਕੂੰਜੇ।

ਭਾਵੇਂ ਭੰਗੜੇ ਦੀਆਂ ਬੋਲੀਆਂ ਅਤੇ ਗੀਤਾਂ ਦੀ ਚੋਣ ਵਿੱਚ ਕਾਫ਼ੀ ਖੁੱਲ੍ਹ ਹੁੰਦੀ ਹੈ, ਪਰ ਫਿਰ ਵੀ ਗਾਉਣ, ਨੱਚਣ ਅਤੇ ਢੋਲ ਦੀਆਂ ਤਾਲਾਂ ਇਹ ਫ਼ੈਸਲਾ ਕਰਦੀਆਂ ਹਨ ਕਿ ਕੀ ਇਹ ਬੋਲੀ ਜਾਂ ਗੀਤ ਭੰਗੜੇ ਲਈ ਢੁੱਕਵਾਂ ਹੈ ਜਾਂ ਨਹੀਂ। ਗਿੱਧੇ ਦੀਆਂ ਲਗਭਗ ਸਾਰੀਆਂ ਬੋਲੀਆਂ ਦੀ ਆਖਰੀ ਪੰਕਤੀ ਇੱਕ ਸਿਖਰ ’ਤੇ ਜਾਂਦੀ ਹੈ, ਜਿਸ ’ਤੇ ਗਿੱਧਾ ਪੂਰੇ ਜ਼ੋਰ ਨਾਲ ਪੈਂਦਾ ਹੈ ਅਤੇ ਉਸ ਪੰਕਤੀ ਦਾ ਕਾਫ਼ੀ ਦੁਹਰਾਅ ਵੀ ਹੁੰਦਾ ਹੈ, ਪਰ ਭੰਗੜੇ ਲਈ ਇਹ ਜ਼ਰੂਰੀ ਨਹੀਂ ਹੁੰਦਾ। ਭੰਗੜੇ ਵਿੱਚ ਤਾਂ ਸਗੋਂ ਬਹੁਤੀ ਵਾਰ ਲੰਮੀ ਬੋਲੀ ਤੇ ਗੀਤ ਇੱਕ ਟਿਕਾਅ ਨਾਲ ਵੀ ਗਾਏ ਜਾਂਦੇ ਹਨ। ਭੰਗੜੇ ਵਿੱਚ ਸਿਰਫ਼ ਬੋਲੀਆਂ ਹੀ ਨਹੀਂ, ਗੀਤ ਵੀ ਗਾਏ ਜਾਂਦੇ ਹਨ, ਗੀਤ ਪੁਰਾਣੇ ਵੀ ਹੋ ਸਕਦੇ ਹਨ ਅਤੇ ਨਵੇਂ ਗਾਇਕਾਂ ਦੇ ਗੀਤਾਂ ’ਤੇ ਵੀ ਭੰਗੜਾ ਪੈਂਦਾ ਦੇਖਿਆ ਗਿਆ ਹੈ। ਕੁਝ ਗੀਤ ਜੋ ਭੰਗੜੇ ਦੇ ਕਲੀ ਦੇ ਅੰਦਾਜ਼ ਵਿੱਚ ਵੀ ਹਨ, ਉਹ ਢੋਲ ਦੀ ਮਿੱਠੀ ਲੈਅ ਤੇ ਟਿਕਵੇਂ ਪੱਬ ਮਾਰ ਕੇ ਪੇਸ਼ ਕੀਤੇ ਜਾਂਦੇ ਹਨ।

ਓ ਬਈ ਚੜ੍ਹਦੇ ਮਿਰਜ਼ੇ ਖ਼ਾਨ ਨੂੰ
ਵੱਡੀ ਭਾਬੀ ਲੈਂਦੀ ਥੰਮ।

ਵੇਂ ਮੈਂ ਕਦੇ ਨਾ ਦਿਓਰ ਵੰਗਾਰਿਆ
ਵੇ ਤੂੰ ਕਦੇ ਨਾ ਆਇਓਂ ਕੰਮ।

ਜੇ ਤੂੰ ਚੱਲਿਆ ਏਂ ਭੁੱਖਾ ਰਿਜਕ ਦਾ
ਮੇਰੀਆਂ ਬੂਰੀਆਂ ਲੈ ਆ ਬੰਨ੍ਹ।

ਜੇ ਤੂੰ ਚੱਲਿਆ ਏਂ ਵਿਆਹ ਕਰਵਾਉਣ ਨੂੰ
ਮੇਰੇ ਪੇਕੇ ਲੈ ਚੱਲ ਜੰਨ।

ਤੈਨੂੰ ਆਪ ਤੋਂ ਛੋਟੀ ਵਿਆਹ ਦਿਆਂ
ਜੱਟਾਂ ਰੂਪ ਵੇ ਜੱਟੀ ਦਾ ਧੰਨ।

ਆਖੇ ਲੱਗ ਮੰਨ ਮੇਰੀਆਂ
ਬੱਕੀ ਮੋੜ ਕੇ ਤਬੇਲੇ ਬੰਨ੍ਹ।

**ਇਸ ਦੇ ਨਾਲ ਹੀ ਇਸੇ ਅੰਦਾਜ਼ ਵਿੱਚ ਇਹ ਕਲੀ ਵੀ ਮਕਬੂਲ ਹੈ;**

ਹੁਜਰੇ ਸ਼ਾਹ ਹਕੀਮ ਦੇ ਇੱਕ ਜੱਟੀ ਅਰਜ਼ ਕਰੇ।
ਵੇ ਮੈਂ ਬੱਕਰਾ ਦਿੰਨੀ ਆਂ ਪੀਰ ਦਾ,

ਮੇਰੇ ਸਿਰ ਦਾ ਕੰਤ ਮਰੇ।
ਪੰਜ ਸੱਤ ਮਰਨ ਗਵਾਂਢਣਾਂ,

ਬਾਕੀ ਰਹਿੰਦੀਆਂ ਨੂੰ ਤਾਪ ਚੜ੍ਹੇ।
ਕੁੱਤੀ ਮਰੇ ਫਕੀਰ ਦੀ,

ਜਿਹੜੀ ਚਊਂ ਚਊਂ ਨਿਤ ਕਰੇ।
ਹੱਟੀ ਢਹੇ ਕਰਾੜ ਦੀ ਜਿੱਥੇ ਦੀਵਾ ਨਿਤ ਬਲੇ।

ਗਲੀਆਂ ਹੋਵਣ ਸੁੰਨੀਆ
ਵਿੱਚ ਮਿਰਜ਼ਾ ਯਾਰ ਫਿਰੇ।
***
ਬਹਿ ਕੇ ਵੇਖ ਜਵਾਨਾ ਬਾਬੇ ਭੰਗੜਾ ਪਾਉਂਦੇ ਨੇ।
***
ਰੰਗਲੇ ਪੰਜਾਬ ਦੀਆਂ
ਕੀ ਕੀ ਸਿਫਤਾਂ ਸੁਣਾਵਾਂ।
***
ਮਣਕੇ ਮਣਕੇ ਮਣਕੇ
ਗੱਲ ਚਾਂਦੀ ਦੇ ਰੁਪਈਏ ਵਾਂਗੂ ਠਣਕੇ।
***
ਅੱਜ ਸਾਰਿਆਂ ਨੂੰ ਭੰਗੜਾ ਪਾਉਣ ਦਿਓ
ਕਿ ਅੱਜ ਖ਼ੁਸ਼ੀ ਮਨਾਈਏ।
***
ਪਿੜਾਂ ਦੇ ਵਿਚਾਲੇ ਪੈਣ ਭੰਗੜੇ
ਸ਼ੌਕੀਨ ਜੱਟ ਪਾਵੇ ਬੋਲੀਆਂ।

**ਧਨੀ ਰਾਮ ਚਾਤ੍ਰਿਕ ਦੀ ਕਵਿਤਾ ਅੱਜ ਵੀ ਉਹੀ ਆਨੰਦ ਦਿੰਦੀ ਹੈ।**

ਮਾਰਦਾ ਦਮਾਮੇ ਜੱਟ ਮੇਲੇ ਆ ਗਿਆ...

ਕਦੇ ਕਦੇ ਛੋਟੀ ਬੋਲੀ ’ਤੇ ਭੰਗੜਾ ਪਾਇਆ ਜਾਂਦਾ ਹੈ ਅਤੇ ਕਿਤੇ ਲੰਮੀ ਬੋਲੀ ਪਾਈ ਜਾਂਦੀ ਹੈ ਜਿਸ ’ਤੇ ਬੋਲੀ ਦੀ ਚਾਲ ਮੁਤਾਬਕ ਨਾਚ ਧੀਮਾ ਹੁੰਦਾ ਹੈ, ਪਰ ਬੋਲੀ ਦੇ ਸਿਖਰ ’ਤੇ ਪਹੁੰਚਣ ਤੱਕ ਚਾਲ ਵੀ ਤੇਜ਼ ਹੋ ਜਾਂਦੀ ਹੈ। ਭੰਗੜੇ ਵਿੱਚ ਸਾਰੇ ਮੁੰਡੇ ਆਪ ਬੋਲੀਆਂ ਨਹੀਂ ਪਾਉਂਦੇ। ਕਿਤੇ ਤਾਂ ਢੋਲੀ ਹੀ ਬੋਲੀ ਪਾਉਂਦਾ ਹੈ। ਕਿਤੇ ਸਟੇਜ ਦੇ ਇੱਕ ਪਾਸੇ ਇੱਕ ਦੋ ਜਵਾਨ ਸਿਰਫ਼ ਬੋਲੀ ਪਾਉਣ ਲਈ ਹੀ ਖੜ੍ਹੇ ਹੁੰਦੇ ਹਨ। ਗਿੱਧੇ ਵਿੱਚ ਅਖੀਰਲੀ ਸਤਰ ਨੂੰ ਗਿੱਧਾ ਪਾਉਂਦੀ ਹਰ ਮੁਟਿਆਰ ਬੋਲਦੀ ਹੈ, ਪਰ ਭੰਗੜੇ ਵਿੱਚ ਜ਼ਿਆਦਾਤਰ ਹਰਕਤ ਹੀ ਹੁੰਦੀ ਹੈ, ਬੋਲੀਆਂ ਸਾਰੇ ਨਹੀਂ ਪਾਉਂਦੇ। ਗੀਤਾਂ ਵਿੱਚ ਕਦੀ ਕਦੀ ਲੋਕ ਕਿੱਸੇ ਵੀ ਛੋਹ ਲਏ ਜਾਂਦੇ ਹਨ ਜਿਨ੍ਹਾਂ ਵਿੱਚ ਜਿਊਣਾ ਮੌੜ, ਦੁੱਲਾ ਭੱਟੀ ਆਦਿ ਵਰਗੇ ਵੀ ਸ਼ਾਮਲ ਹੁੰਦੇ ਹਨ। ਭੰਗੜੇ ’ਤੇ ਮਾਣ ਕਰਦਾ ਗੀਤ ਦੇਖੋ;

ਪਾਵਾਂ ਭੰਗੜਾ ਤੇ ਸਾਰਾ ਸੰਸਾਰ ਨੱਚ ਪਏ।
ਜੇ ਮੈਂ ਵਾਰ ਕਿਤੇ ਗਾਵਾਂ ਤਲਵਾਰ ਨੱਚ ਪਏ।

ਆਉਣ ਖੁਸ਼ੀਆਂ ’ਚ ਸਾਰੇ ਨਰ ਨਾਰ ਰਾਣੀਏ।
ਮੇਰੇ ਭੰਗੜੇ ਨੂੰ ਮੰਨਦੈ ਸੰਸਾਰ ਰਾਣੀਏ।

ਅੱਜਕੱਲ੍ਹ ਦਾ ਸਮਾਂ ਡੀਜੇ ਵਾਲਾ ਹੈ। ਉੱਚੀ ਉੱਚੀ ਗਾਣੇ ਲਾ ਕੇ ਵੀ ਭੰਗੜਾ ਪਾਇਆ ਜਾਂਦਾ ਹੈ, ਪਰ ਅੱਜ ਦੇ ਦੌਰ ਵਿੱਚ ਭੰਗੜਾ, ਗਿੱਧੇ ਤੋਂ ਪਿੱਛੇ ਰਹਿ ਗਿਆ ਹੈ। ਗਿੱਧਾ ਪਾਉਣ ਲਈ ਦੋ ਜਾਂ ਵੱਧ ਅਣਜਾਣ ਕੁੜੀਆਂ ਵੀ ਬਹੁਤ ਜਲਦੀ ਇੱਕ ਮਿੱਕ ਹੋ ਕੇ ਗਿੱਧਾ ਪਾ ਸਕਦੀਆਂ ਹਨ, ਜਿਨ੍ਹਾਂ ਨੇ ਕੋਈ ਸਪੈਸ਼ਲ ਟਰੇਨਿੰਗ ਨਹੀਂ ਲਈ ਹੁੰਦੀ ਅਤੇ ਨਾ ਹੀ ਇਨ੍ਹਾਂ ਨੂੰ ਪਹਿਲਾਂ ਕਿਸੇ ਰਿਆਜ਼ ਦੀ ਲੋੜ ਹੁੰਦੀ ਹੈ, ਪਰ ਭੰਗੜਾ ਤਾਂ ਹੁਣ ਇੱਕ ਵਿਸ਼ੇਸ਼ ਨਾਚ ਬਣ ਚੁੱਕਿਆ ਹੈ। ਜਿਸ ਦੀ ਉਚੇਚੀ ਸਿਖਲਾਈ ਵੀ ਲਈ ਜਾਂਦੀ ਹੈ ਅਤੇ ਟੀਮ ਮੈਂਬਰਾਂ ਨਾਲ ਪੂਰਾ ਤਾਲਮੇਲ ਬਿਠਾਉਣ ਲਈ ਬਕਾਇਦਾ ਰਿਆਜ਼ ਦੀ ਜ਼ਰੂਰਤ ਵੀ ਹੈ। ਇਹੀ ਕਾਰਨ ਹੈ ਕਿ ਭੰਗੜਾ ਅੱਜ ਸਿਰਫ਼ ਯੁਵਕ ਮੇਲਿਆਂ ’ਤੇ ਰਹਿ ਗਿਆ ਹੈ ਜਾਂ ਕਿਸੇ ਸੱਭਿਆਚਾਰਕ ਪ੍ਰੋਗਰਾਮ ’ਤੇ ਕੋਈ ਸਪੈਸ਼ਲ ਟੀਮ ਮੰਗਵਾਈ ਜਾਂਦੀ ਹੈ। ਇਸ ਲੋਕ ਨਾਚ ਵਿੱਚੋਂ ਲੋਕ ਅੰਸ਼ ਖ਼ਤਮ ਹੁੰਦਾ ਜਾ ਰਿਹਾ ਹੈ ਜਿਸ ਬਾਰੇ ਸਾਡੇ ਮਾਹਰ ਖੋਜੀਆਂ ਨੂੰ ਵਿਚਾਰ ਕਰਕੇ ਕੋਈ ਫ਼ੈਸਲੇ ਲੈਣੇ ਬਣਦੇ ਹਨ। ਕਿਤੇ ਅਜਿਹਾ ਨਾ ਹੋਵੇ ਕਿ ਇਹ ਵਿਰਾਸਤੀ ਨਾਚ ਆਮ ਸੱਥਾਂ ਵਿੱਚੋਂ ਖ਼ਤਮ ਹੀ ਹੋ ਜਾਵੇ।




# ਤੰਦਰੁਸਤੀ ਲਈ ਚੰਗੀ ਨੀਂਦ ਲਵੋ



**ਲਿਖਤ : ਅਨਿਲ ਧੀਰ, 647.853.5800**

" ਵਿਸ਼ਵ ਭਰ ਵਿਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਬਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਹਰ ਉਮਰ 'ਚ ਚਿੰਤਾ ਘੱਟ ਕਰਨ ਲਈ ਖ਼ਿਆਲ ਰੱਖਣਾ ਜਰੂਰੀ ਹੋ ਗਿਆ ਹੈ " **– ਅਨਿਲ ਧੀਰ**

**ਕਾਲਮਨਿਸਟ, ਥੈਰਾਪਿਸਟ, ਸੋਸ਼ਲ ਐਕਟੀਵਿਸਟ**

ਵਿਸ਼ਵ ਸਲੀਪ ਦਿਵਸ 17 ਮਾਰਚ, 2023 ਨੂੰ ਵਿਸ਼ਵ ਭਰ 'ਚ ਸਲੀਪ ਜਾਗਰੁਕਤਾ ਦੇ ਤੌਰ ਮਨਾਇਆ ਗਿਆ। ਵਿਸ਼ਵ ਸਲੀਪ ਅਦਾਰੇ ਦੇ ਪਹਿਲੇ ਸਹਿ-ਚੇਅਰ ਲਿਬਰੋ ਪੈਰਿਨੋ, ਪਰਮਾ ਯੂਨੀਵਰਸਿਟੀ ਇਟਲੀ ਦੇ ਨਿਊਰੋਲੋਜ਼ੀ ਦੇ ਪ੍ਰੋਫੈਸਰ ਅਤੇ ਐਂਟੋਨੀਓ ਕੁਲੇਬਰਾਸ ਅਪਸਟੇਟ ਮੈਡੀਕਲ ਯੂਨੀਵਰਸਿਟੀ 'ਤੇ ਕਮਿਊਨਿਟੀ ਜਨਰਲ ਹਸਪਤਾਲ ਸੀਰਾਕਯੂਸ ਨਿਊਯਾਰਕ ਯੂ.ਐਸ.ਏ ਤੋਂ ਸਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਿਸ਼ਵ ਭਰ ਵਿਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਬਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਨੌਜਵਾਨ, ਅਤੇ ਸੀਨੀਅਰਜ਼, ਕਰੀਬਨ 264 ਮਿਲੀਅਨ ਦਾ ਆਂਕੜਾ ਪਾਰ ਕਰ ਚੁੱਕੇ ਹਨ। ਨਾਰਥ-ਅਮਰੀਕਾ ਵਿਚ 20-59 ਸਾਲ ਦੇ 65 ਤੋਂ 70% ਲੋਕ ਇਨਸੋਮਨੀਆ ਦੇ ਅਤੇ 50-70% ਨੀਂਦ ਦੇ ਦੌਰਾਨ ਸਨੋਰਿੰਗ ਦੇ ਸ਼ਿਕਾਰ ਹਨ। ਸਟਡੀ ਮੁਤਾਬਿਕ 7-10% ਸੈਕਸੋਮੀਆ ਯਾਨਿ ਆਪਣੇ ਸਾਥੀ ਨਾਲ ਯੋਨ ਸੰਬੰਧ ਲਈ ਅੱਧੀ ਰਾਤ ਵੇਲੇ ਜਾਗਣਾ, ਦੇ ਸ਼ਿਕਾਰ ਹਨ। ਹਰ ਆਦਮੀ ਜਾਣਦਾ ਹੈ ਕਿ ਸਰੀਰਕ ਅਤੇ ਮਾਨਸਿਕ ਸਿਹਤ ਲਈ ਨੀਂਦ ਜ਼ਰੂਰੀ ਹੈ, ਕੁੱਝ ਇਹ ਨਹੀਂ ਜਾਣਦੇ ਕਿ ਕਿਨਾਂ ਮਹੱਤਵਪੂਰਣ ਹੈ।

ਦੁਨੀਆ ਭਰ ਵਿਚ ਨੀਂਦ ਸੰਬੰਧੀ ਸਮੱਸਿਅਵਾਂ ਇਨਸੋਮਨੀਆ, ਸਲੀਪ ਐਪਨੀਆ, ਨਾਰਕੋਲਪਸੀ, ਘੱਟ ਨੀਂਦ, ਸਨੋਰਿੰਗ, ਰਾਤ ਵੇਲੇ ਡਰਨਾ ਤੇਜ਼ੀ ਨਾਲ ਵੱਧ ਰਹੀਆਂ ਹਨ। ਅਮਰੀਕਾ ਵਿਚ ਕਰੀਬਨ 9 ਮਿਲੀਅਨ ਸੌਣ ਤੋਂ ਪਹਿਲਾਂ ਸਲੀਪ ਲਈ ਡਾਕਟਰੀ ਤਜਵੀਜ਼ ਵਾਲੀਆਂ ਦਵਾਈਆਂ ਲੈ ਰਹੇ ਹਨ। ਤੇਜ਼ ਰਫਤਾਰ ਜ਼ਿੰਦਗੀ ਵਿਚ ਵਰਕ-ਪਲੇਸ 'ਤੇ ਸ਼ਿਫਟਾਂ ਦੀ ਰੋਟੇਸ਼ਨ, ਜੋੜਾਂ ਦਾ ਦਰਦ, ਗਠੀਆ, ਸਟ੍ਰੈਸ, ਕਲੇਸ਼ ਦਾ ਮਾਹੌਲ, ਲੋੜ ਤੋਂ ਵੱਧ ਓਟੀਸੀ ਦਵਾਈਆਂ ਦੀ ਵਰਤੋਂ, ਸਿਰ ਦਰਦ, ਕਾਰਨ ਨੀਂਦ ਸੰਬੰਧੀ ਰੋਗ ਵੱਧ ਰਹੇ ਹਨ। ਪ੍ਰੈਗਨੈਂਸੀ ਦੌਰਾਣ ਔਰਤਾਂ ਪਹਿਲੇ ਅਤੇ ਤੀਜੇ ਮਹੀਨੇ ਰਾਤ ਵੇਲੇ ਨੀਂਦ ਅਤੇ ਦਿਨ ਵਿਚ ਥਕਾਵਟ ਮਹਿਸੂਸ ਕਰਦੀਆਂ ਹਨ। ਪਹਿਲੇ ਤਿਮਾਹੀ ਦੇ ਦੌਰਾਨ ਬਾਰ-ਬਾਰ ਪਿਸ਼ਾਬ ਆਉਣ ਕਰਕੇ ਨੀਂਦ ਭੰਗ ਹੋ ਜਾਂਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਲਗਾਤਾਰ ਦੇਖਭਾਲ, ਦੀ ਚਿੰਤਾ, ਸਟ੍ਰੈਸ ਨਾਲ ਮਾਨਸਿਕ ਪ੍ਰੇਸ਼ਾਨੀਆਂ ਵੱਧ ਜਾਂਦੀਆਂ ਹਨ।

ਖ਼ਿਆਲ ਰੱਖੋ :

- ਲੰਬੀ ਤੰਦਰੁਸਤ ਜ਼ਿੰਦਗੀ ਲਈ ਵਰਕ-ਪਲੇਸ ਦੀਆਂ ਸ਼ਿਫਟਾਂ ਦੇ ਬਾਵਜੂਦ ਡੇਲੀ ਸਲੀਪ ਅਤੇ ਜਾਗਣ ਦਾ ਸਮਾਂ ਨਿਸ਼ਚਿਤ ਕਰਕੇ ਰੋਜਾਣਾ ਘੱਟੋ-ਘੱਟ 8-10 ਘੰਟੇ ਦੀ ਨੀਂਦ ਜਰੂਰ ਲਵੋ।
- ਅਲਕੋਹਲ, ਕੈਫੀਨ, ਅਤੇ ਨਿਕੋਟਿਨ, ਮਸਾਲੇਦਾਰ ਫ੍ਰਾਈਡ ਫੂਡ ਦਾ ਬੈਡ 'ਤੇ ਜਾਣ ਤੋਂ ਪਹਿਲਾਂ ਇਸਤੇਮਾਲ ਕਰਨ ਨਾਲ ਸਰੀਰ 'ਤੇ ਮਨ ਬਿਮਾਰ ਹੋ ਸਕਦਾ ਹੈ।
- 8-10 ਬਦਾਮ ਗਿਰੀ ਖਾ ਕੇ ਗਰਮਾ-ਗਰਮ ਦੁੱਧ ਪੀਓ। ਦੁੱਧ ਅੰਦਰ ਮੌਜੂਦ ਕੈਲਸੀਅਮ, ਜੋ ਦਿਮਾਗ ਨੂੰ ਮੇਲਾਟੋਨਿਨ ਬਣਾਉਣ ਵਿਚ ਮਦਦ ਕਰਦਾ ਹੈ।
- ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਪੰਪਕਿਨ ਸੀਡਜ਼, ਸ਼ਹਿਦ ਵਾਲਾ ਗਰਮ ਦੁੱਧ, ਸ਼ਾਮਿਲ ਕਰੋ। ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ ਨੀਂਦ ਲਈ ਦਿਮਾਗ ਦਾ ਸਾਈਕਲ ਬਿਗਾੜ ਸਕਦੀ ਹੈ।
- ਸੌਣ ਤੋਂ ਪਹਿਲਾਂ ਲਵੈਂਡਰ ਅਰੋਮਾ ਤੇਲ ਦੀ 2-4 ਬੂੰਦਾਂ ਕਾਟਨ ਬਾਲ (ਰੂਈ) 'ਤੇ ਪਾ ਕੇ ਸੁੰਘੋ। ਇਨਸੋਮਨੀਆ ਦੀ ਹਾਲਤ ਵਿਚ ਮਦਦ ਮਿਲ ਸਕਦੀ ਹੈ।
- ਪੂਰੇ ਦਿਨ ਵਿੱਚ 8-10 ਗਿਲਾਸ ਕੋਸਾ ਪਾਣੀ ਪੀਣ ਦੀ ਆਦਤ ਪਾ ਲਵੋ।

ਨੋਟ: ਕਿਸੇ ਵੀ ਬਿਮਾਰੀ ਅਤੇ ਪ੍ਰੈਗਨੈਂਸੀ ਦੌਰਾਣ ਨੀਂਦ ਦੀ ਹਰ ਸਮੱਸਿਆ ਦੇ ਲਈ ਡਾਕਟਰੀ ਸਲਾਹ, ਪੂਰੀ ਜਾਂਚ 'ਤੇ ਇਲਾਜ਼ ਕਰਾਓ। ਆਪਣੀ ਮਰਜੀ ਨਾਲ ਕੋਈ ਵੀ ਦਵਾਈ ਅਤੇ ਸਪਲੀਮੈਂਟ ਨਾ ਲਵੋ।

# ਚਿੰਤਾ ਮੁਕਤ ਹੋਣ ਦੇ ਕੁਝ ਉਪਾਅ

**ਲਿਖਤ : ਸੁਧਾਂਸ਼ੂ ਉਨੀਅਲ**

ਜੇਕਰ ਤੁਸੀਂ ਚਿੰਤਾ ਤੋਂ ਦੂਰ ਰਹਿਣਾ ਚਾਹੁੰਦੇ ਹੋ ਤਾਂ ਅੱਜ ਦੇ ਮਾਹੌਲ ਵਿਚ ਰਹੋ। ਭਵਿੱਖ ਦੀ ਚਿੰਤਾ ਨਾ ਕਰੋ। ਰੋਜ਼ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ। ਯਾਦ ਕਰੋ ਕਿ 'ਅੱਜ' ਉਹੀ 'ਕੱਲ੍ਹ' ਹੈ ਜਿਸ ਦੀ ਚਿੰਤਾ ਕੱਲ੍ਹ ਕੀਤੀ ਸੀ। ਅਨੇਕਾਂ ਚਿੰਤਾਵਾਂ ਸਮਾਂ ਬੀਤਣ ਨਾਲ ਖ਼ੁਦ ਹੀ ਸਮਾਪਤ ਹੋ ਜਾਂਦੀਆਂ ਹਨ। ਇਸ ਲਈ ਚਿੰਤਾ ਕਰਨਾ ਵਿਅਰਥ ਹੈ।



ਚਿੰਤਾ ਦਾ ਦੂਰ ਕਰਨ ਦਾ ਇਕ ਸੌਖਾ ਉਪਾਅ ਹੈ ਕਿ ਰੁੱਝੇ ਰਹੋ ਤਾਂ ਕਿ ਚਿੰਤਾ ਕਰਨ ਦਾ ਮੌਕਾ ਹੀ ਨਾ ਮਿਲੇ।

ਚਿੰਤਾ ਜਾਂ ਥਕਾਵਟ ਦੂਰ ਕਰਨ ਲਈ ਇਕ ਸੌਖਾ ਉਪਾਅ ਹੈ ਕਿ ਤੁਸੀਂ ਕੰਮ ਕਰਨ ਵੱਲ ਆਪਣਾ ਧਿਆਨ ਲਾਓ ਤੇ ਕੰਮ ਨੂੰ ਉਸ ਦੇ ਮਹੱਤਵ ਅਨੁਸਾਰ ਪ੍ਰਮੁੱਖਤਾ ਦਿਓ।

ਆਪਣੀਆਂ ਭੁੱਲਾਂ ਦਾ ਲੇਖਾ ਜੋਖਾ ਰੱਖੋ ਅਤੇ ਆਪਣੀ ਆਲੋਚਨਾ ਖ਼ੁਦ ਕਰੋ। ਇਸ ਨਾਲ ਚਿੰਤਾ ਦੂਰ ਕਰਨ ਵਿਚ ਮਦਦ ਮਿਲੇਗੀ।

ਚਿੰਤਾ ਤੋਂ ਦੂਰ ਭੱਜ ਕੇ ਉਸ ਤੋਂ ਬਚਿਆ ਨਹੀਂ ਜਾ ਸਕਦਾ ਪਰ ਉਸ ਪ੍ਰਤੀ ਆਪਣੇ ਮਾਨਸਿਕ ਰਵੱਈਏ ਨੂੰ ਬਦਲਣ ਨਾਲ ਉਸ ਨੂੰ ਦੂਰ ਕੀਤਾ ਜਾ ਸਕਦਾ ਹੈ।

ਆਪਣੀਆਂ ਮੁਸ਼ਕਿਲਾਂ ਨੂੰ ਉਨ੍ਹਾਂ ਦੇ ਸਹੀ ਰੂਪ ਵਿਚ ਦੇਖਣ ਦੀ ਕੋਸ਼ਿਸ਼ ਕਰੋ। ਜਿਸ ਚਿੰਤਾ ਨੂੰ ਅਸੀਂ ਕੁਝ ਦਿਨਾਂ ਬਾਅਦ ਭੁਲਾ ਹੀ ਦੇਣਾ ਹੈ, ਤਾਂ ਉਸ ਨੂੰ ਅੱਜ ਕਿਉਂ ਕਰੀਏ।

ਕੋਈ ਰੋਚਕ ਪੁਸਤਕ ਪੜ੍ਹੋ, ਉਸ ਵਿਚ ਏਨਾ ਡੁੱਬ ਜਾਓ ਕਿ ਚਿੰਤਾ ਖ਼ਤਮ ਹੋ ਜਾਵੇ। ਚਿੰਤਾ ਤੋਂ ਬਚਣ ਲਈ ਉਤਸ਼ਾਹ ਅਤੇ ਫੁਰਤੀ ਵਾਲਾ ਜੀਵਨ ਬਿਤਾਓ। ਆਪਣੇ ਦਿਮਾਗ਼ ਵਿਚ ਸ਼ਾਂਤੀ, ਹੌਸਲਾ, ਸਿਹਤਮੰਦੀ ਅਤੇ ਆਸ ਭਰਪੂਰ ਵਿਚਾਰ ਰੱਖੋ।

ਸਾਡਾ ਜੀਵਨ ਸਾਡੇ ਵਿਚਾਰਾਂ ਵਰਗਾ ਹੀ ਹੁੰਦਾ ਹੈ। ਦੂਰ ਦੇ ਅਤੇ ਸ਼ੱਕੀ ਕੰਮਾਂ ਨੂੰ ਛੱਡ ਕੇ ਯਕੀਨੀ ਕਰਨ ਵਾਲੇ ਕੰਮਾਂ ਨੂੰ ਹੱਥ ਵਿਚ ਲੈਣਾ ਹੀ ਸਾਡਾ ਹੌਸਲਾ ਹੋਣਾ ਚਾਹੀਦਾ ਹੈ। ਇਸ ਨਾਲ ਚਿੰਤਾ ਖ਼ੁਦ ਹੀ ਖ਼ਤਮ ਹੁੰਦੀ ਹੈ। ਕੱਲ੍ਹ ਦਾ ਵਿਚਾਰ ਜ਼ਰੂਰ ਕਰੋ, ਉਸ 'ਤੇ ਸੋਚੋ, ਯੋਜਨਾਵਾਂ ਬਣਾਓ, ਤਿਆਰੀ ਕਰੋ ਪਰ ਉਸ ਲਈ ਚਿੰਤਤ ਨਾ ਹੋਵੋ।

# ਸਰੀਰ ਲਈ ਛਾਣਬੂਰਾ ਬਹੁਤ ਲਾਭਕਾਰੀ ਹੈ

**ਲਿਖਤ : ਸੁਨੀਤਾ ਗਾਬਾ**

ਛਾਣਬੂਰਾ ਕਬਜ਼ ਦੀ ਦਵਾਈ ਹੈ, ਸ਼ਾਇਦ ਤੁਸੀਂ ਇਸ ਬਾਰੇ ਕਈ ਵਾਰ ਸੁਣਿਆ ਹੋਵੇਗਾ। ਇਹ ਸੱਚ ਹੈ ਕਿ ਲਗਾਤਾਰ ਛਾਣਬੂਰੇ ਵਾਲੇ ਆਟੇ ਨਾਲ ਬਣੀ ਰੋਟੀ ਖਾਣ ਨਾਲ ਕਬਜ਼ ਦੂਰ ਹੁੰਦੀ ਹੈ। ਆਟੇ ਵਿਚ ਅੱਠਵਾਂ ਹਿੱਸਾ ਸਾਫ਼ ਛਾਣਬੂਰੇ ਦਾ ਮਿਲਾ ਕੇ ਆਟਾ ਗੁੰਨ੍ਹਣਾ ਚਾਹੀਦਾ ਹੈ। ਛਾਣਬੂਰੇ ਵਿਚ ਲੋਹ ਤੱਤ ਦੀ ਮਾਤਰਾ ਭਰਪੂਰ ਮਾਤਰਾ ਹੋਣ ਨਾਲ ਸਰੀਰ ਵਿਚ ਖ਼ੂਨ ਦੀ ਕਮੀ ਨਹੀਂ ਹੁੰਦੀ। ਸਧਾਰਨ ਨਾਲੋਂ ਕੁਝ ਜ਼ਿਆਦਾ ਛਾਣਬੂਰੇ ਵਾਲੀ ਰੋਟੀ ਦੀ ਲਗਾਤਾਰ ਵਰਤੋਂ ਨਾਲ ਸ਼ੂਗਰ ਕਾਬੂ 'ਚ ਰੱਖੀ ਜਾ ਸਕਦੀ ਹੈ। ਛਾਣਬੂਰੇ ਤੋਂ ਬਿਨਾਂ ਆਟੇ ਦੀ ਵਰਤੋਂ ਨਾਲ ਦਿਲ ਘਬਰਾਉਂਦਾ ਹੈ, ਦਿਲ ਦੀਆਂ ਮਾਸਪੇਸ਼ੀਆਂ ਕਮਜ਼ੋਰ ਪੈਣ ਲਗਦੀਆਂ ਹਨ ਅਤੇ ਦਿਲ ਦੀ ਧੜਕਣ ਵੀ ਮੱਠੀ ਪੈ ਜਾਂਦੀ ਹੈ ਜਿਸ ਨਾਲ ਨੀਂਦ ਘੱਟ ਆਉਂਦੀ ਹੈ ਅਤੇ ਸਿਹਤ ਲੜਖੜਾਉਣ ਲਗਦੀ ਹੈ। ਛਾਣਬੂਰੇ ਨੂੰ ਖਾਣੇ ਵਿਚ ਸ਼ਾਮਿਲ ਕਰਨ ਨਾਲ ਸਰੀਰ ਨੂੰ ਕਾਫ਼ੀ ਰੇਸ਼ਾ ਮਿਲਦਾ ਹੈ ਜੋ ਮੋਟਾਪੇ ਅਤੇ ਕੋਲੈਸਟ੍ਰਾਲ ਨੂੰ ਕਾਬੂ ਵਿਚ ਰੱਖਣ ਵਿਚ ਸਹਾਇਕ ਹੁੰਦਾ ਹੈ। ਸਰੀਰ ਤੋਂ ਪਖਾਨਾ ਬਾਹਰ ਕੱਢਣ ਵਿਚ ਛਾਣਬੂਰਾ ਅਹਿਮ ਭੂਮਿਕਾ ਨਿਭਾਉਂਦਾ ਹੈ।



ਛਾਣਬੂਰੇ ਵਿਚ ਵਿਟਾਮਿਨ 'ਬੀ' ਕੰਪਲੈਕਸ, ਕੈਲਸ਼ੀਅਮ, ਪੋਟਾਸ਼ੀਅਮ, ਲੋਹੇ ਅਤੇ ਸਟਾਰਚ ਦੀ ਕਾਫ਼ੀ ਮਾਤਰਾ ਹੁੰਦੀ ਹੈ। ਆਟੇ ਵਿਚੋਂ ਕਦੀ ਵੀ ਛਾਣਬੂਰੇ ਨੂੰ ਵੱਖਰਾ ਕਰਕੇ ਖਾਣਾ ਨਾ ਬਣਾਓ ਅਤੇ ਛਾਣਬੂਰੇ ਨੂੰ ਬੇਕਾਰ ਨਾ ਸਮਝੋ। ਛਾਣਬੂਰੇ ਵਾਲੇ ਆਟੇ ਵਿਚ ਉਪਯੋਗੀ ਖਾਣ ਵਾਲੇ ਪਦਾਰਥ ਹਨ ਜਿਸ ਦੀ ਵਰਤੋਂ ਨਾਲ ਸਰੀਰ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ। ਛਾਣਬੂਰੇ ਨੂੰ ਭੋਜਨ ਦਾ ਅਨਿੱਖੜਵਾਂ ਅੰਗ ਬਣਾਓ।



# ਦਿਲ ਨੂੰ ਰੱਖੋ ਸੰਭਾਲ ਕੇ

**ਲਿਖਤ : ਨੀਤੂ ਗੁਪਤਾ**

ਪੜ੍ਹੇ-ਲਿਖੇ ਸਾਰੇ ਲੋਕ ਜਾਣਦੇ ਹਨ ਕਿ ਸਿਹਤਮੰਦ ਰਹਿਣਾ ਹੈ ਤਾਂ ਪੌਸ਼ਟਿਕ ਭੋਜਨ ਜ਼ਰੂਰ ਲੈਣਾ ਪਵੇਗਾ। ਸਿਹਤਮੰਦ ਭੋਜਨ ਚੰਗੀ ਸਿਹਤ ਦਾ ਆਧਾਰ ਹੈ। ਜੇਕਰ ਚਾਹੁੰਦੇ ਹੋ ਕਿ ਦਿਲ ਦਾ ਸਾਥ ਸਾਲਾਂਬੱਧੀ ਮਿਲੇ ਤਾਂ ਆਪਣੇ ਭੋਜਨ ਵਿਚ ਹੇਠ ਲਿਖੀਆਂ ਚੀਜ਼ਾਂ ਨੂੰ ਸ਼ਾਮਿਲ ਕਰੋ :-

ਓਟਸ ਦੇ ਆਟੇ ਦੀ ਵਰਤੋਂ ਕਰੋ ਜਾਂ ਓਟਸ ਨੂੰ ਕਿਸੇ ਵੀ ਰੂਪ ਵਿਚ ਆਪਣੇ ਭੋਜਨ ਦਾ ਲਗਾਤਾਰ ਹਿੱਸਾ ਬਣਾਓ। ਓਟਸ ਵਿਚ ਫਾਈਬਰ ਦੀ ਭਰਪੂਰ ਮਾਤਰਾ ਹੋਣ ਕਾਰਨ ਕੋਲੈਸਟ੍ਰੋਲ ਦਾ ਪੱਧਰ ਘੱਟ ਰਹੇਗਾ।

ਰਸਦਾਰ ਫਲਾਂ ਵਿਚ ਵਿਟਾਮਿਨ 'ਸੀ' ਦੀ ਭਰਪੂਰ ਮਾਤਰਾ ਹੁੰਦੀ ਹੈ। ਇਨ੍ਹਾਂ ਦੀ ਲਗਾਤਾਰ ਵਰਤੋਂ ਸਰੀਰ ਅਤੇ ਦਿਲ ਦੀਆਂ ਬਿਮਾਰੀਆਂ ਲਈ ਚੰਗੀ ਹੁੰਦੀ ਹੈ। ਖੱਟੇ ਫਲਾਂ ਦੀ ਵਰਤੋਂ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਦੂਰ ਰੱਖਦੀ ਹੈ।

ਓਮੇਗਾ-3 ਫੈਟੀ ਐਸਿਡ ਦੀ ਵਰਤੋਂ ਦਿਲ ਰੋਗ ਤੋਂ ਬਚਾਅ ਲਈ ਲਾਭਕਾਰੀ ਹੁੰਦੀ ਹੈ। ਇਸ ਲਈ ਮੱਛੀ ਨੂੰ ਖ਼ੁਰਾਕ ਵਿਚ ਸ਼ਾਮਿਲ ਕਰੋ। ਮੱਛੀ ਵਿਚ ਓਮੇਗਾ-3 ਫੈਟੀ ਐਸਿਡ ਦੀ ਭਰਪੂਰ ਮਾਤਰਾ ਹੁੰਦੀ ਹੈ। ਇਸ ਦੇ ਲਗਾਤਾਰ ਵਰਤੋਂ ਦਿਲ ਦੀ ਧੜਕਣ ਵਾਲੀਆਂ ਨਾੜੀਆਂ ਵਿਚ ਕੋਲੈਸਟ੍ਰੋਲ ਜੰਮਣ ਨੂੰ ਰੋਕਦੀ ਹੈ।

ਸੋਇਆ ਚੀਜ਼ਾਂ ਦੀ ਵਰਤੋਂ ਵੀ ਦਿਲ ਦੀ ਸਿਹਤ ਲਈ ਚੰਗੀ ਹੁੰਦੀ ਹੈ। ਸੋਇਆ ਵਿਚ ਉੱਚ ਪੱਧਰੀ ਦੀ ਪੋਲੀ ਸੈਚੂਰੇਟਡ ਫੈਟਸ, ਫਾਈਬਰ, ਵਿਟਾਮਿਨਜ਼ ਅਤੇ ਖਣਿਜ ਹੁੰਦੇ ਹਨ ਜੋ ਸਾਡੀ ਭੁੱਖ ਨੂੰ ਸ਼ਾਂਤ ਰੱਖਦੇ ਹਨ। ਸੋਇਆ ਦੁੱਧ, ਟੋਫੂ ਤੇ ਸੋਇਆ ਚੰਕਸ ਦੀ ਵਰਤੋਂ ਦਿਲ ਦੀ ਸਿਹਤ ਲਈ ਲਾਭਕਾਰੀ ਹੁੰਦੀ ਹੈ।

ਬੇਰੀਜ਼ ਵਿਚ ਉੱਚ ਪੱਧਰ ਦਾ ਘੁਲਣਸ਼ੀਲ ਰੇਸ਼ਾ ਭਾਵ ਫਾਈਬਰ ਅਤੇ ਫਲੇਵੋਨਾਈਡਸ ਦੀ ਮਾਤਰਾ ਭਰਪੂਰ ਹੁੰਦੀ ਹੈ, ਜਿਸ ਦੀ ਵਰਤੋਂ ਨਾਲ ਸਾਡਾ ਬਲੱਡ ਪ੍ਰੈਸ਼ਰ ਕੰਟਰੋਲ ਵਿਚ ਰਹਿੰਦਾ ਹੈ।

ਅਖ਼ੀਰ 'ਚ ਭੋਜਨ ਦੇ ਨਾਲ-ਨਾਲ ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਲਗਾਤਾਰ 30 ਮਿੰਟ ਦੀ ਕਸਰਤ ਜ਼ਰੂਰ ਕਰੋ ਤਾਂ ਕਿ ਸਰੀਰ ਚੁਸਤ ਬਣਿਆ ਰਹੇ। ਫਾਲਤੂ ਦੇ ਤਣਾਅ ਨੂੰ ਆਪਣੇ ਉਪਰ ਭਾਰੀ ਨਾ ਹੋਣ ਦਿਓ। ਤਣਾਅ ਨਾਲ ਵੀ ਬਲੱਡ ਪ੍ਰੈਸ਼ਰ ਵਧਦਾ ਹੈ ਜੋ ਦਿਲ ਦੇ ਰੋਗ ਲਈ ਖ਼ਤਰਨਾਕ ਹੈ। ਨਮਕ, ਚੀਨੀ, ਤੇਲ ਦੀ ਵਰਤੋਂ ਬਹੁਤੀ ਨਾ ਕਰੋ।

# ਪਛਤਾਵਾ

ਲੇਖਿਕਾ : ਮਨਪ੍ਰੀਤ ਕੌਰ ਭਾਟੀਆ
ਐਮ .ਏ, ਬੀ .ਐਂਡ। ਫ਼ਿਰੋਜ਼ਪੁਰ ਸ਼ਹਿਰ ।



ਅੱਜ ਐਤਵਾਰ ਵਾਲੇ ਦਿਨ ਮੈਂ ਆਪਣੇ ਪਿੰਡ ਜਾਣ ਦਾ ਮਨ ਬਣਾਇਆ, ਭਾਵੇਂ ਮੈਨੂੰ ਆਪਣੇ ਪਰਿਵਾਰ ਸਮੇਤ ਪਿੰਡੋਂ ਸ਼ਹਿਰ ਵਸਿਆਂ ਕਈ ਵਰ੍ਹੇ ਹੋ ਗਏ ਸੀ। ਪਰ ਪਿੰਡ, ਜਿਥੇ ਮੈਂ ਆਪਣਾ ਬਚਪਨ ਗੁਜਾਰਿਆ,ਜਿੱਥੇ ਜਵਾਨੀ ਬੀਤੀ ਨਾਲ ਮੈਨੂੰ ਅੰਤਾਂ ਦਾ ਮੋਹ ਸੀ। ਸੋ ਆਪਣੇ ਪੁਰਾਣੇ ਬੇਲੀ -ਮਿੱਤਰਾਂ ਨੂੰ ਮਿਲਣ ਦਾ ਮਨ ਬਣਾ ਮੈਂ ਆਪਣੇ ਪਿੰਡ ਵੱਲ ਚੱਲ ਪਿਆ।

ਅੱਜ ਕਈ ਵਰ੍ਹਿਆਂ ਬਾਅਦ ਪੁਰਾਣੇ ਲੰਗੋਟੀਏ ਯਾਰ ਮੈਨੂੰ ਮਿਲ ਕੇ ਅੰਤਾਂ ਦੇ ਪ੍ਰਸੰਨ ਹੋਏ। ਸਭ ਨਾਲ ਹਾਸਾ- ਠੱਠਾ ਕਰ ਕੇ ਦੁਪਿਹਰੋਂ ਬਾਅਦ ਮੈਂ ਵਾਪਿਸ ਮੁੜ ਪਿਆ, ਪਰ ਘਰ ਪਰਤਣ ਤੋਂ ਪਹਿਲਾ ਮੈਂ ਉਸ ਗਲੀ 'ਚੋਂ, ਉਸ ਘਰ ਕੋਲੋਂ ਗੁਜ਼ਰਨਾ ਚਾਹੁੰਦਾ ਸੀ, ਜਿਥੇ ਅਸੀਂ ਪੂਰਾ ਪਰਿਵਾਰ ਚਾਚੇ -ਤਾਏ ਸਭ ਮਿਲ ਜੁਲ ਕੇ ਇਕੱਠੇ ਰਿਹਾ ਕਰਦੇ ਸੀ, ਪਰ ਜਰੂਰਤਾਂ ਤੇ ਸਹੂਲਤਾਂ ਦੀ ਲੋੜ ਕਾਰਨ ਸਭ ਅਲੱਗ -ਅਲੱਗ ਸ਼ਹਿਰਾਂ 'ਚ ਜਾ ਵਸੇ ਸੀ।

ਸੋ ਉਸ ਗਲੀ 'ਚ ਹੁੰਦੇ ਹੋਏ ਆਪਣੇ ਘਰ ਦੇਖਕੇ, ਜੋ ਕਦੇ ਸਾਡਾ ਹੁੰਦਾ ਸੀ, ਮੈਨੂੰ ਚਾਅ ਜਿਹਾ ਚੜ੍ਹ ਗਿਆ । ਹੁਣ ਇਸ ਦੀ ਦਿੱਖ ਵੀ ਬਦਲ ਕੇ ਬਹੁਤ ਸੋਹਣੀ ਹੋ ਗਈ ਸੀ। ਆਸੇ -ਪਾਸੇ ਹੋਰ ਵੀ ਘਰ ਕਾਫੀ ਵਧੀਆ ਬਣ ਗਏ ਸੀ, ਪਰ ਸਾਡੇ ਬਿਲਕੁਲ ਗੁਆਂਢ ਵਾਲਾ ਘਰ, ਜੋ ਕਿ ਕਦੇ ਪਿੰਡ 'ਚੋਂ ਸਭ ਤੋਂ ਵਧੀਆ ਹੁੰਦਾ ਸੀ, ਹੁਣ ਬਹੁਤ ਹੀ ਖਸਤਾ ਹਾਲਤ ਵਿਚ ਸੀਲ ਇਹ ਦੇਖ ਕੇ ਮੈਨੂੰ ਦੁੱਖ ਵੀ ਹੋਇਆ ਹੈ ਅਤੇ ਹੈਰਾਨੀ ਵੀ। ਮੈਂ ਇਸ ਬਾਰੇ ਸੋਚ ਹੀ ਰਿਹਾ ਸੀ ਕੇ ਅਚਾਨਕ ਮੈਨੂੰ ਕਿਸੇ ਔਰਤ ਦੇ ਉੱਚੀ-ਉੱਚੀ ਹੱਸਣ ਤੇ ਫਿਰ ਰੋਣ ਦੀ ਆਵਾਜ਼ ਸੁਣਾਈ ਦਿਤੀ, ਜੋ ਕਿ ਉਸੇ ਗੁਆਂਢ ਵਾਲੇ ਘਰ 'ਚੋਂ ਆ ਰਹੀ ਸੀ। ਮੈਂ ਹੈਰਾਨ ਹੋਇਆ ਉਸ ਘਰ ਅੰਦਰ ਵੜ ਗਿਆ, ਪਰ ਅੰਦਰ ਦਾ ਦ੍ਰਿਸ਼ ਬੜਾ ਹੀ ਡਰਾਉਣਾ ਜਿਹਾ ਸੀ। ਅਜ਼ੀਬ ਜਿਹੀ ਹੁੰਮਸ ਸਾਰੇ ਘਰ ਵਿਚ ਫੈਲੀ ਹੋਈ ਸੀ। ਇਕ ਕਮਜ਼ੋਰ ਜਿਹੀ ਬਜੁਰਗ ਔਰਤ ਹੇਠਾਂ ਜ਼ਮੀਨ 'ਤੇ ਬੈਠੀ ਹੋਈ ਆਪਣੇ- ਆਪ ਵਿੱਚ ਈ ਬੁੜ-ਬੁੜ ਕਰ ਰਹੀ ਸੀ। ਉਸ ਦੇ ਵਾਲ ਬੁਰੀ ਤਰਾਂ ਖਿਲਰੇ ਪਏ, ਗੰਦੇ ਜਿਹੇ ਕੱਪੜੇ ਪਾਏ ਹੋਏ,ਜਿਵੇਂ ਕਈ ਦਿਨਾਂ ਤੋਂ ਨਹਾਤੀ ਨਾ ਹੋਵੇ। ਉਸ ਦੇ ਸਰੀਰ ਅਤੇ ਕੱਪੜਿਆਂ ਤੇ ਗੋਡੇ -ਗੋਡੇ ਮੈਲ ਦੂਰੋਂ ਹੀ ਲਿਸ਼ਕਾਂ ਮਾਰ ਰਹੀ ਸੀਲ ਪੂਰੇ ਘਰ ਵਿਚ ਅਜ਼ੀਬ ਜਿਹੀ ਬਦਬੂ ਫੈਲੀ ਹੋਈ ਸੀ। ਮੈਂ ਜਲਦੀ ਨਾਲ ਬਾਹਰ ਵੱਲ ਜਾਣ ਲੱਗਾ ਤਾਂ ਉਹ ਔਰਤ ਚੀਕੀ, "ਜਰਨੈਲ ਪੁੱਤ ! ਆ ਗਿਆ ਤੂੰ....ਲ" ਤੇ ਉਹ ਭੱਜ ਕੇ ਮੇਰੇ ਨਾਲ ਆ ਲੱਗੀ।

ਮੈਂ ਜਿਵੇਂ ਅਚਾਨਕ ਹੋਏ ਹਮਲੇ ਤੋਂ ਘਬਰਾ ਗਿਆ। "ਮੈਂ.... ਮੈਂ ....ਜਰਨੈਲ ਨਹੀਂ..... ਪ" ਮੈਂ ਉਸ ਔਰਤ ਨੂੰ ਪਰਾਂ ਕਰਨ ਲਈ ਗੁੱਸੇ ਵਿੱਚ ਜ਼ੋਰ ਲਗਾਇਆ, ਪਰ ਉਸ ਨੇ ਮੈਨੂੰ ਘੁੱਟ ਕੇ ਫੜ ਲਿਆ ਅਤੇ ਉੱਚੀ-ਉੱਚੀ ਰੋਣ ਲੱਗੀ। ਮੈਂ ਧਿਆਨ ਨਾਲ ਦੇਖਿਆ, ਇਹ ਹੱਡੀਆਂ ਦੀ ਮੁੱਠ ਬਣੀ ਪਈ ਔਰਤ ਤਾਂ ਸ਼ਰਨਜੀਤ ਸੀ, ਜੋ ਕਈ ਸਾਲ ਪਹਿਲਾ ਹੱਟੀ -ਕੱਟੀ, ਬੜੇ ਹੀ ਰੋਅਬ -ਦਾਅਬ ਵਾਲੀ ਔਰਤ ਸੀ। ਉਦੋਂ ਪੂਰੇ ਪਿੰਡ ਵਿੱਚ ਇਹਨਾਂ ਦੇ ਪਰਿਵਾਰ ਦੀ ਬੜੀ ਧੌਂਸ ਹੁੰਦੀ ਸੀ। ਸਾਰੇ ਪਿੰਡ ਵਾਲੇ ਇਹਨਾਂ ਕੋਲੋਂ ਡਰਦੇ ਸੀ। ਇਨ੍ਹਾਂ ਦਾ ਇਕੋ -ਇੱਕ ਮੁੰਡਾ ਜਰਨੈਲ ਪੂਰਾ ਬਦਮਾਸ਼ ਸੀ, ਪਰ ਜਦ ਇਨ੍ਹਾਂ ਨੇ ਜਰਨੈਲ ਨੂੰ ਵਿਆਹਿਆ ਸੀ, ਤਾਂ ਪੂਰੇ ਪਿੰਡ ਇਨ੍ਹਾਂ ਦੀ ਵਾਹ -ਵਾਹ ਹੋ ਗਈ ਸੀ। ਇਨ੍ਹਾਂ ਦੀ ਨੂੰਹ ਜਸਬੀਰ ਸਾਰੇ ਪਿੰਡ 'ਚੋਂ ਸੋਹਣੀ ਤੇ ਗੁਣੀ ਆਈ ਹੋਣ ਕਾਰਨ ਸਾਰਿਆਂ ਦੀ ਜ਼ੁਬਾਨ 'ਤੇ ਉਸ ਦਾ ਹੀ ਨਾਂਅ ਰਹਿੰਦਾ। ਉਸ ਨੇ ਆਉਂਦਿਆਂ ਹੀ ਸਾਰਾ ਘਰ ਸੰਭਾਲ ਲਿਆ ਸੀ ਤੇ ਉਹ ਸੱਸ-ਸੁਹਰੇ, ਪਤੀ ਦਾ ਬਹੁਤ ਆਦਰ -ਮਾਣ ਕਰਨ ਵਾਲੀ ਸਾਊ ਔਰਤ ਸੀ। ਪਰ ਅਜੇ ਵਿਆਹ ਹੋਇਆਂ ਕੁਝ ਹੀ ਮਹੀਨੇ ਬੀਤੇ ਸੀ ਕਿ ਅਚਾਨਕ ਇੱਕ ਦਿਨ ਪਤਾ ਲੱਗਾ ਕਿ ਜਸਬੀਰ ਬੁਰੀ ਤਰਾਂ ਸੜ ਗਈ ਐ ਤੇ ਹਸਪਤਾਲ 'ਚ ਐ। ਸਭ ਹੈਰਾਨ ਤੇ ਪ੍ਰੇਸ਼ਾਨ ਕੀ ਇੰਝ ਅਚਾਨਕ.....ਲ ਤੇ ਜਦ ਪਤਾ ਲੱਗਾ ਕਿ ਗਹਿਰੇ ਜਖਮਾਂ ਦੀ ਤਾਬ ਨਾ ਝੱਲਦੀ ਹੋਈ ਉਹ ਦਮ ਤੋੜ ਗਈ ਤਾਂ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਸੀ। ਸਭ ਉਸ ਦੀ ਅਜਿਆਈ ਮੌਤ 'ਤੇ ਹੈਰਾਨ ਸੀ। ਜਦ ਕੁੜੀ ਦੇ ਪੇਕੇ ਪਰਿਵਾਰ ਨੂੰ ਪਤਾ ਲੱਗਾ ਤਾਂ ਪਤਾ ਲੱਗਦੇ ਹੀ ਕੁੜੀ ਦੀ ਮਾਂ ਨੂੰ ਸਦਮੇ ਕਾਰਨ ਦਿਲ ਦਾ ਦੌਰਾ ਪੈ ਗਿਆ ਤੇ ਉਹ ਥਾਂਏ ਪੂਰੀ ਹੋ ਗਈ ।

ਕੁਝ ਲੋਕ ਤਾਂ ਦੱਬੀ ਜ਼ੁਬਾਨ 'ਚ ਇਹ ਵੀ ਕਹਿੰਦੇ ਸੁਣੇ ਗਏ ਕਿ ਜਸਬੀਰ ਦੀ ਮੌਤ ਸ਼ਰਨਜੀਤ ਹੁਰਾਂ ਦਾ ਈ ਕੰਮ ਐ। ਪਰ ਉਨ੍ਹਾਂ ਤੋਂ ਡਰਦਾ ਕੋਈ ਉਨ੍ਹਾਂ ਦੇ ਖਿਲਾਫ਼ ਬੋਲਿਆ ਤੱਕ ਨਹੀਂ ਸੀ।

"ਫੇਰ... ਫੇਰ....ਕੌ..... ਕੌਣ... ਕੌਣ.. ਐ ਤੂੰ?" ਸ਼ਰਨਜੀਤ ਲੜਖੜਾਉਂਦੀ ਆਵਾਜ਼ 'ਚ ਬੋਲੀ ਤਾਂ ਮੈਂ ਇਕਦਮ ਅਜੀਤ 'ਚੋਂ ਵਰਤਮਾਨ 'ਚ ਮੁੜ ਆਇਆ। ਮੈਂ ਉਸ ਨੂੰ ਯਾਦ ਕਰਵਾਇਆ ਕਿ 'ਅਸੀਂ ਕੁੱਝ ਵਰ੍ਹੇ ਪਹਿਲਾ ਥੋਡੇ ਗੁਆਂਢ 'ਚ ਰਹਿੰਦੇ ਹੁੰਦੇ ਸੀ...। ਮੈਂ ਦੀਪਾ..... ਗੁਰਸ਼ਰਨ ਸਿੰਘ ਦਾ ਮੁੰਡਾ ।' ਮੈਂ ਉਸ ਨੂੰ ਯਾਦ ਕਰਾਉਣ ਦੀ ਕੋਸ਼ਿਸ਼ ਕੀਤੀ।

"ਅੱਛਾ, ਅੱਛਾ...ਦੀਪ .....।" ਉਹ ਉੱਚੀ -ਉੱਚੀ ਹੱਸਣ ਲੱਗੀ। "ਦੀਪਾ !" ਉਹ ਫਿਰ ਉੱਚਾ ਹੱਸੀ। ਮੈਂ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੇਰਾ ਹੱਥ ਫੜ ਕੇ ਬਿਠਾ ਲਿਆ।

"ਬਹਿ ਜਾ ਪੁੱਤ, ਬਹੁਤ ਚਿਰ ਬਾਅਦ ਮੇਰੇ ਘਰ ਅੰਦਰ ਕੋਈ ਆਇਆ ਏ । ਨਹੀਂ ਤਾਂ ਏਥੇ ਤਾਂ ਸਾਰੇ ਮੈਨੂੰ ਪਾਗਲ ਈ ਕਹਿੰਦੇ ਨੇ। ਪੁੱਤ ਮੈਂ ਤੈਨੂੰ ਵੀ ਪਾਗਲ ਲੱਗਦੀ ਆ?" ਤੇ ਉਹ ਮੇਰੇ ਮੂੰਹ ਵੱਲ ਝਾਕਣ ਲੱਗੀ। ਪਰ ਮੇਰੇ ਕੁੱਝ ਬੋਲਣ ਤੋਂ ਪਹਿਲਾ ਈ ਉਹ ਬੋਲੀ। "ਮੈਂ ਪਾਗਲ ਨਹੀਂ... ਮੈਨੂੰ ਤਾਂ ਦੁੱਖਾਂ ਨੇ ਅੱਧਮਰੀ ਕਰ ਦਿਤਾ ਏ। ਹੁਣ ਤਾਂ ਨਾ ਖਾਣ -ਪੀਣ ਦੀ ਹੋਸ਼। ਨਾ ਹੀ ਕਿਸੇ ਹੋਰ ਕੰਮ ਦੀ। ਬਹਿ ਜਾ ਪੁੱਤ ਮੇਰੀ ਪੂਰੀ ਗੱਲ ਸੁਣ ਕੇ ਜਾਂਵੀਂ, ਨਹੀਂ ਤਾਂ ਮਰਨ ਤੋਂ ਬਾਅਦ ਵੀ ਮੇਰੀ ਰੂਹ ਨੂੰ ਸ਼ਾਂਤੀ ਨਹੀਂ ਮਿਲਣੀ " "ਜਦ ਦਾ ਜਰਨੈਲ..... ਤੇ ਮੇਰਾ ਘਰ ਵਾਲਾ ਮੈਨੂੰ ਛੱਡ ਕੇ ਗਏ ਨੇ। ਮੈਂ ਤਾ ਜਿਉਂਦੇ ਜੀਅ ਮਰ ਗਈ।" "ਉਹ ਕਿੱਥੇ ਚਲੇ ਗਏ ਨੇ?" ਮੇਰਾ ਇਨ੍ਹਾਂ ਕਹਿੰਦੇ ਈ ਉਹ ਉੱਚੀ -ਉੱਚੀ ਰੋਣ ਲੱਗੀ ਲਈ। "ਇਹ ਤਾ ਸਾਡੇ ਪਾਪਾਂ ਦਾ ਈ ਫਲ ਐ। ਅੱਜ ਤੈਨੂੰ ਸ਼ਾਇਦ ਉਸ ਰੱਬ ਨੇ ਈ ਭੇਜਿਆ ਮੇਰਾ ਦੁੱਖ ਸੁਣਨ ਨੂੰ। ਹੁਣ ਤਾ ਬੱਸ ਉਸ ਘੜੀ ਨੂੰ ਪਈ ਉਡੀਕਦੀ ਆ, ਜਦ ਮੈਨੂੰ ਮੌਤ ਆ ਜਾਵੇ, ਪਰ ਉਹ ਭੈੜੀ ਵੀ ਨਹੀਂ ਆਉਂਦੀ ਲ" ਮੇਰਾ ਕੋਈ ਹੁੰਗਾਰਾ ਸੁਣੇ ਬਿਨਾਂ ਈ ਉਸ ਨੇ ਆਪਣੀ ਗੱਲ ਜਾਰੀ ਰੱਖੀ। "ਪੁੱਤਰਾਂ ਤੈਨੂੰ ਕੀ ਦੱਸਾਂ ! ਜਦ ਦੀ ਜਸਬੀਰ ਗਈ ਐ ਸਾਡੇ ਘਰ ਦੀਆਂ ਖੁਸ਼ੀਆਂ ਵੀ ਨਾਲ ਹੀ ਚਲੀਆਂ ਗਈਆਂ। ਅਸੀਂ ਪੁਲਿਸ ਤੋਂ ਤਾਂ ਚਲਾਕੀ ਨਾਲ ਬਚ ਗਏ। ਸਿਆਣੇ ਠੀਕ ਈ ਕਹਿੰਦੇ ਆ, ਸਭ ਬੁਰੇ ਕੰਮਾਂ ਦਾ ਫਲ ਇਸ ਧਰਤੀ 'ਤੇ ਈ ਆ। ਮੈਂ ਜਿਹੜੀ ਕਦੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ, ਰੱਬ ਦੀ ਐਸੀ ਮਾਰ ਵੱਜੀ ਕਿ ਹੁਣ ਮੌਤ ਨੂੰ ਆਵਾਜਾ ਮਾਰਦੀ ਆ। ਸਭ ਪਾਗਲ ਕਹਿੰਦੇ ਨੇ ਮੈਨੂੰ " "ਜਦ ਜਸਵੀਰ ਮਰੀ ਤਾਂ ਅਸੀਂ ਝੱਟ ਮੁੰਡੇ ਦਾ ਦੂਜਾ ਵਿਆਹ ਕਰਵਾ ਦਿਤਾ। ਚੋਖਾ ਦਾਜ ਆਇਆ, ਜਿਸਦੀ ਸਾਨੂੰ ਤਾਂਘ ਸੀ , ਘਰ ਭਰ ਦਿਤਾ ਉਨ੍ਹਾਂ ਸਮਾਨ ਨਾਲ । ਮੈਂ ਵੀ ਚੌੜੀ ਹੋਈ ਫਿਰਦੀ ਸੀ ਕਿ ਕੀ ਕਰ ਲਿਆ ਕਿਸੇ.... ਆਪਣੀ ਮਨ ਆਈ ਕਰ ਕੇ ਛੱਡੀ। ਕੁੱਝ ਵਕਤ ਤਾ ਸੋਹਣਾ ਬੀਤ ਗਿਆ, ਪਰ ਦੂਜੀ ਨਾਲ ਵੀ ਨਾ ਮੇਰੀ ਨਿਭੀ। ਅਗੋਂ ਉਹ ਵੀ ਬੜੀ ਤੇਜ ਸੀ। ਆਖਿਰ ਇੱਕ ਦਿਨ ਮੈਂ ਮੁੰਡੇ ਨੂੰ ਕਹਿ ਹੀ ਦਿਤਾ ਬਈ ਤਲਾਕ ਲੈ ਲਾ ਇਸ ਤੋਂ, ਜਾਂ ਇਸਨੂੰ ਵੀ ਪਾਰ ਬੁਲਾ ਦੇ। ਪਰ ਮੁੰਡੇ ਨੂੰ ਪਤਾ ਨਹੀਂ ਕੀ ਹੋਇਆ ਸਾਨੂੰ ਬਿਨਾਂ ਦੱਸੇ ਦੂਜੇ ਸ਼ਹਿਰ ਦੀ ਬਦਲੀ ਕਰਵਾ ਲਈ ਤੇ ਵਹੁਟੀ ਨੂੰ ਨਾਲ ਲੈ ਕੇ ਐਸਾ ਗਿਆ ਕੇ ਅੱਜ ਤੱਕ ਸ਼ਕਲ ਨਹੀਂ ਵਿਖਾਈ। ਬੱਸ ਕਿਸੇ ਐਨਾ ਹੀ ਦੱਸਿਆ ਕੇ ਅਜੇ ਤੱਕ ਬੱਚਾ ਨਹੀਂ ਹੋਇਆ ਉਸ ਦੇ। ਇੰਨੇ ਸਾਲ ਬੀਤਣ ਤੇ ਵੀ ਉਹ ਔਲਾਦ ਦਾ ਮੂੰਹ ਵੇਖਣ ਨੂੰ ਤਰਸ ਰਿਹਾ। ਸੁਣਿਆ ਐ ਉਸ ਨੇ ਸਭ ਬੁਰੇ ਕੰਮ ਵੀ ਛੱਡ ਦਿੱਤੇ ਤੇ ਵਾਲ ਰੱਖ ਕੇ ਅੰਮ੍ਰਿਤ ਵੀ ਛਕ ਲਿਆ। ਉਹ ਸਿੱਧੇ ਰਾਹ ਤੇ ਆ ਗਿਆ, ਪਰ ਮੇਰੀ ਸਾਰ ਕਦੇ ਵੀ ਨਹੀਂ ਲੈਣ ਆਇਆ। ਹੁਣ ਸਾਰਾ ਕੀਮਤੀ ਸਮਾਨ ਇਸ ਘਰ ਵਿਚ ਰੁਲਦਾ ਫਿਰਦਾ, ਪਰ ਵਰਤਣ ਵਾਲਾ ਈ ਕੋਈ ਨਹੀਂ ।"

"ਤੇਰੇ ਅੰਕਲ ਨੂੰ ਤਾ ਜਰਨੈਲ ਦੇ ਜਾਣ ਮਗਰੋਂ ਕੁੱਝ ਮਹੀਨੇ ਬਾਅਦ ਹੀ ਦਿਲ ਦਾ ਦੌਰਾ ਪੈ ਗਿਆ ਤੇ ਉਹ ਸਦਾ ਲਈ ਇਸ ਜਹਾਨ ਤੋਂ ਕੂਚ ਕਰ ਗਏ.... ਤੇ ਮੈਨੂੰ ਸਭ ਦੇ ਵਿਛੋੜੇ ਨੇ ਅੱਧੀ ਪਾਗਲ ਕਰ ਦਿਤਾ। ਹੁਣ ਤਾ ਇੱਕਲੀ ਬੈਠੀ ਨੂੰ ਰੱਬ ਵੀ ਯਾਦ ਆਉਂਦਾ ਏ ਤੇ ਆਪਣੇ ਮਾੜੇ ਕਰਮ ਵੀ ।"

"ਜਸਬੀਰ ਤੇ... ਤੇ....ਮੈਂ ਖ਼ੁਦ ਮਿੱਟੀ ਦਾ ਤੇਲ ਪਾਇਆ। ਹੁਣ ਤਾਂ ਰਾਤੀ ਰੋਜ ਸੁਪਨੇ ਵਿੱਚ ਵੀ ਆਉਂਦੀ ਏ। ਤੇ ਦਿਨੇ ਵੀ ਚਾਰੇ ਪਾਸੇ ਉਹ ਮੈਨੂੰ ਮਿੰਨਤਾਂ ਪਾਉਂਦੀ ਦਿਖਾਈ ਦਿੰਦੀ ਏ। 'ਨਾ ਮਾਰੋ ਮੈਨੂੰ, ਨਾ ਮਾਰੋ......।' ਪਰ ਮੈਂ ਬਲਦੀ ਤੀਲੀ ਐਸੀ ਉਸ ਵੱਲ ਸੁਟੀ ਕਿ ਉਹ ਮਿੰਟਾ ਵਿੱਚ ਹੀ ਚੀਕਦੀ- ਚਲਾਉਂਦੀ ਸੜ ਕੇ ਸੁਆਹ ਹੋ ਗਈ । ਜਿਉਂਦੀ ਨੂੰ ਅੱਗ ਨਾਲ ਸਾੜ ਸੁਟਿਆ ਮੈਂ। ਉਹ ਬੰਦ ਕਮਰੇ ਵਿੱਚ ਚੀਕਦੀ ਰਹੀ, ਤੜਫਦੀ ਰਹੀ ਤੇ ਅਸੀਂ ਬੇਪਰਵਾਹ ਹੋਏ ਟੀ.ਵੀ. ਉੱਚੀ ਆਵਾਜ ਵਿੱਚ ਛੱਡ ਕੇ ਹੱਸਦੇ ਰਹੇ। ਬੱਸ ਉਹੀ ਹਾਸਾ ਲੈ ਬੈਠਾ ਸਾਨੂੰ ਤੇ ਜਦ ਉਹ ਬੁਰੀ ਤਰਾਂ ਸੜ ਗਈ ਤਾਂ ਚੰਗੇ ਬਣਨ ਲਈ ਅਸੀਂ ਚੀਕਾਂ ਮਾਰਦੀ ਤੇ ਤੜਫਦੀ ਨੂੰ ਹਸਪਤਾਲ ਲੈ ਗਏ, ਜਿਥੇ ਲਿਜਾਦਿਆਂ ਹੀ ਕੁੱਝ ਦੇਰ ਬਾਅਦ ਉਹ... ।" "ਮੈਨੂੰ ਉਸ ਦੀਆਂ ਚੀਕਾਂ ਸੁਣਾਈ ਦੇਂਦੀਆ ਨੇ....ਉਹ ਚੀਕ ਰਹੀ ਏ... ਉਹ ਚੀਕ ਰਹੀ ਏ.... ਉਹ.......। ਤੈਨੂੰ ਸੁਣੀਆਂ ਉਸ ਦੀਆਂ ਚੀਕਾਂ?" 'ਤੇ ਉਸ ਨੇ ਆਪਣੇ ਕੰਨ ਹਥੇਲੀਆਂ ਨਾਲ ਘੁੱਟ ਲਏ।

"ਇਸ ਸੁੰਨਸਾਨ ਪਏ ਘਰ ਵਿੱਚ ਉਸ ਦੀਆਂ ਚੀਕਾਂ ਗੂੰਜਦੀਆਂ ਨੇ ਲ" ਉਹ ਆਪਣੇ ਵਾਲ ਪੁੱਟਦੀ ਫਿਰ ਚੀਕਣ ਲੱਗੀ, "ਕੀ ਕਰਾਂ, ਮੈਂ ਕੀ ਕਰਾਂ? ਦੱਸ ਦੀਪੇ ਕੀ ਕਰਾਂ?" ਉਹ ਕਾਹਲੀ ਕਾਹਲੀ ਬੋਲਦੀ ਫਿਰ ਉੱਚੀ -ਉੱਚੀ ਰੋਣ ਲੱਗ ਪਈਲ ਮੈਂ ਘੜੀ ਵੱਲ ਵੇਖਿਆ ਆਖਰੀ ਬੱਸ ਜਾਣ ਵਿੱਚ ਬਹੁਤ ਘੱਟ ਵਕਤ ਰਹਿ ਗਿਆ ਸੀ। ਮੈਂ ਚਾਹ ਕੇ ਵੀ ਹੋਰ ਰੁਕ ਨਾ ਸਕਿਆਲ ਮੈਂ ਖੜ੍ਹਾ ਹੁੰਦਿਆਂ ਉਸ ਤੋਂ ਇਜਾਜਤ ਮੰਗੀ।

" ਵੇ ਪੁੱਤਰਾਂ ਇੱਕ ਕੰਮ ਕਰੀਂ ਲ" ਮੈਨੂੰ ਉਠਦੇ ਦੇਖ ਜਿਵੇਂ ਉਸ ਦੀ ਲੇਰ ਜਿਹੀ ਨਿਕਲ ਗਈ। ਮੈਂ ਉਸ ਵੱਲ ਦੇਖਦਿਆਂ ਬੋਲਿਆ, "ਦੱਸੋ?" .

ਉਹ ਹੱਥ ਜੋੜ ਕੇ ਬੋਲੀ, " ਬੱਸ.... ਬੱਸ ਰੱਬ ਅੱਗੇ ਦੁਆ ਕਰੀਂ....! ਮੈਨੂੰ ਛੇਤੀ ਚੁੱਕ ਲਵੇ ।" 'ਤੇ ਉਹ ਫਿਰ ਉਸੇ ਤਰਾਂ ਕੁਰਲਾਉਣ ਲੱਗੀ। ਮੈਂ ਉਦਾਸ ਤੇ ਪ੍ਰੇਸ਼ਾਨ ਹੋਇਆ ਜਲਦੀ ਨਾਲ ਉਥੋਂ ਬਾਹਰ ਨਿਕਲ ਆਇਆ। ਸੱਚਮੁੱਚ ਅੱਜ ਉਸ ਦੀਆਂ ਗੱਲਾਂ ਸੁਣ ਕੇ ਮੇਰਾ ਦਿਲ ਦਹਿਲ ਗਿਆ ਸੀ। ਹਨੇਰਾ ਹੋ ਰਿਹਾ ਸੀ। ਮੈਂ ਰੱਬ ਦਾ ਨਾਮ ਲੈਂਦਾ ਜਲਦੀ ਨਾਲ ਬੱਸ ਸਟੈਂਡ ਵੱਲ ਕਦਮ ਪੁੱਟਣ ਲੱਗਾ ।

# ਹਵਾਈ ਅੱਡਾ

ਲਿਖਤ : ਬਚਨ ਬੇਦਿਲ,
ਸੰਪਰਕ: 77175-45830

ਕੋਈ ਸਮਾਂ ਸੀ ਕਿ ਪੰਜਾਬ ਦੇ ਪਿੰਡਾਂ ਵਿੱਚੋਂ ਟਾਵਾਂ ਟਾਵਾਂ ਘਰ ਵਿਦੇਸ਼ਾਂ ਵਿੱਚ ਗਿਆ ਹੁੰਦਾ ਸੀ। ਹੌਲੀ ਹੌਲੀ ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਵਧ ਗਿਆ ਤੇ ਪਿਛਲੇ ਦਿਨਾਂ ਵਿੱਚ ਤਾਂ ਇਸ ਰੁਝਾਨ ਦੀ ਹਨੇਰੀ ਹੀ ਝੁੱਲ ਗਈ। ਸਾਡੇ ਪਿੰਡ ਵਿੱਚ ਇੱਕ ਵਿਅਕਤੀ, ਜੋ ਪਹਿਲਾਂ ਟੈਕਸੀ ਚਲਾਉਂਦਾ ਸੀ, ਨੇ ਬਦਲਦੇ ਹਾਲਾਤ ਦੀ ਨਬਜ਼ ਪਛਾਣਦਿਆਂ ਟੈਕਸੀ ਵੇਚ ਕੇ ਟੈਂਪੂ ਟਰੈਵਲਰ ਗੱਡੀ ਪਾ ਲਈ ਜਿਸ ਉਤੇ ਬੜੇ ਸ਼ੌਕ ਨਾਲ ਉਸ ਨੇ ਕਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਯੂ.ਕੇ. ਦੇ ਝੰਡਿਆਂ ਦੀਆਂ ਤਸਵੀਰਾਂ ਬਣਾਈਆਂ। ਇਸ ਤੋਂ ਇਲਾਵਾ ਉਸ ਨੇ ਗੱਡੀ ਉਤੇ ਵੰਨ ਸੁਵੰਨੇ ਸ਼ੇਅਰਾਂ ਦੀ ਚਿੱਤਰਕਾਰੀ ਵੀ ਕਰਾਈ ਤੇ ਅਖੀਰ ਵਿੱਚ ਉਸ ਨੇ ਗੱਡੀ ਦੇ ਪਿੱਛੇ ਮੋਟੇ ਅੱਖਰਾਂ ਵਿੱਚ ਮੇਰੇ ਇੱਕ ਪੁਰਾਣੇ ਗੀਤ ਦੀ ਲਾਈਨ 'ਪਿੰਡੋਂ ਨੱਚਦੀ ਹਵਾਈ ਅੱਡੇ ਜਾਵਾਂ' ਵੀ ਲਿਖਵਾਈ। ਇਸ ਟੈਂਪੂ ਟਰੈਵਲਰ ਗੱਡੀ ਨੂੰ ਕਿਰਾਏ ਲਈ ਸ਼ਹਿਰ ਨਹੀਂ ਜਾਣਾ ਪੈਂਦਾ ਸੀ। ਘਰ ਬੈਠਿਆਂ ਹੀ ਬੁਕਿੰਗ ਹੋ ਜਾਂਦੀ ਸੀ। ਮੈਂ ਪਿੰਡ ਵਿੱਚ ਅਕਸਰ ਆਉਂਦਾ ਜਾਂਦਾ ਵੇਖਦਾ ਸੀ ਕਿ ਇਹ ਟੈਂਪੂ ਟਰੈਵਲਰ ਗੱਡੀ ਸਾਡੇ ਪਿੰਡ ਵਿੱਚ ਕਿਸੇ ਨਾ ਕਿਸੇ ਘਰ ਅੱਗੇ ਖੜ੍ਹੀ ਹੁੰਦੀ ਸੀ। ਮੇਰਾ ਮੱਥਾ ਠਣਕ ਜਾਂਦਾ ਅਤੇ ਮੈਨੂੰ ਪਤਾ ਲੱਗ ਜਾਂਦਾ ਕਿ ਇਸ ਘਰ ਦੇ ਕਿਸੇ ਧੀ ਪੁੱਤਰ ਦੇ ਪਰਦੇਸ ਜਾਣ ਦੀ ਤਿਆਰੀ ਹੈ। ਮਾਪੇ ਤੇ ਰਿਸ਼ਤੇਦਾਰ ਟੈਂਪੂ ਟਰੈਵਲਰ ਗੱਡੀ ਦੇ ਚਾਰੋਂ ਟਾਇਰਾਂ 'ਤੇ ਪਾਣੀ ਪਾ ਕੇ ਸ਼ਗਨ ਮਨਾ ਕੇ ਆਪਣੇ ਪਿਆਰੇ ਬੱਚੇ ਨੂੰ ਸੱਤ ਸਮੁੰਦਰੋਂ ਪਾਰ ਭੇਜਣ ਲਈ ਪਿੰਡੋਂ ਰਵਾਨਾ ਹੋ ਜਾਂਦੇ। ਇਸ ਤਰ੍ਹਾਂ ਇੱਕ ਇੱਕ ਕਰ ਕੇ ਇਹ ਟੈਂਪੂ ਟਰੈਵਲਰ ਗੱਡੀ ਸਾਡੇ ਅੱਧੇ ਪਿੰਡ ਦੇ ਬੱਚਿਆਂ ਨੂੰ ਦਿੱਲੀ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਪਤਲੀ ਗਲੀ ਕੱਢ ਆਇਆ। ਮੈਂ ਬੱਚਿਆਂ ਨੂੰ ਬਾਹਰ ਭੇਜਣ ਦੇ ਹੱਕ ਵਿੱਚ ਨਹੀਂ ਸੀ। ਸਾਡਾ ਸਾਂਝਾ ਪਰਿਵਾਰ ਹੈ। ਮੇਰਾ ਛੋਟਾ ਭਰਾ ਵੀ ਮੇਰੇ ਨਾਲ ਹੀ ਰਹਿੰਦਾ ਹੈ। ਉਸ ਦੇ ਇਕਲੌਤੇ ਪੁੱਤਰ ਨੇ ਮੇਰੇ ਤੋਂ ਚੋਰੀ ਚੋਰੀ ਆਪਣੀ ਮਾਂ ਨਾਲ ਗੱਲ ਕਰ ਕੇ ਪਤਾ ਨਹੀਂ ਕਦੋਂ ਆਈਲੈਟਸ ਕਰ ਕੇ ਚੰਗੇ ਬੈਂਡ ਲੈ ਲਏ, ਜਿਸ ਬਾਰੇ ਮੈਨੂੰ ਫਾਈਲ ਲਗਾਉਣ ਵੇਲੇ ਹੀ ਦੱਸਿਆ। ਮੈਂ ਬੇਟੇ ਨੂੰ ਬਹੁਤ ਸਮਝਾਇਆ, "ਤੂੰ ਮੈਡੀਕਲ ਦਾ ਵਿਦਿਆਰਥੀ ਹੈ ਅਤੇ ਹੁਸ਼ਿਆਰ ਵੀ ਹੈ, ਇੱਥੇ ਹੀ ਕਾਮਯਾਬ ਹੋ ਸਕਦਾ ਹੈ।" ਪਰ ਉਹ ਨਾ ਮੰਨਿਆ। ਵੀਜ਼ਾ ਆ ਗਿਆ।




ਮੇਰੇ ਨਾ ਚਾਹੁੰਦਿਆਂ ਵੀ ਉਹੀ ਟੈਂਪੂ ਟਰੈਵਲਰ ਗੱਡੀ ਸਾਡੇ ਘਰ ਦੇ ਬੂਹੇ ਅੱਗੇ ਰੁਕਦੀ ਹੈ ਤੇ ਉਸੇ ਤਰ੍ਹਾਂ ਰਿਸ਼ਤੇਦਾਰਾਂ ਤੇ ਅਸੀਂ ਸਾਰਿਆਂ ਨੇ ਫੋਟੋਆਂ ਕਰਵਾ ਕੇ ਟੈਂਪੂ ਟਰੈਵਲਰ ਗੱਡੀ ਦੇ ਟਾਇਰਾਂ 'ਤੇ ਪਾਣੀ ਪਾ ਕੇ ਬੇਟੇ ਨੂੰ ਦਿੱਲੀ ਦੇ ਹਵਾਈ ਅੱਡੇ ਤੋਂ ਰੁਖ਼ਸਤ ਕਰ ਆਏ। ਦਿੱਲੀ ਤੋਂ ਵਾਪਸੀ ਤੇ ਉਸ ਟੈਂਪੂ ਟਰੈਵਲਰ ਵਾਲੇ ਨੇ ਮੈਨੂੰ ਦੱਸਿਆ ਕਿ ਉਸ ਦੀ ਇਹ ਗੱਡੀ ਆਉਣ ਵਾਲੇ ਵੀਹ-ਬਾਈ ਦਿਨਾਂ ਲਈ ਦਿੱਲੀ ਏਅਰਪੋਰਟ ਲਈ ਬੁੱਕ ਹੈ। ਮੇਰੇ ਜਹਿਨ ਵਿੱਚ ਆਪਮੁਹਾਰੇ ਇਹ ਸਤਰਾਂ ਉੱਭਰ ਆਈਆਂ :

ਸਾਰੇ ਫੁੱਲ ਤੇ ਕਲੀਆਂ ਤੁਰ ਪਰਦੇਸ ਗਏ,
ਯਾਦਾਂ ਦੇ ਵਿੱਚ ਰਹਿ ਗਏ ਜ਼ਿਕਰ ਬਹਾਰਾਂ ਦੇ।

ਘਰ ਦੇ ਮਾਲਕ ਮਾਲੀ ਆਪਣੇ ਬਾਗਾਂ ਦੇ,
ਰਾਖੇ ਬਣਗੇ ਉੱਜੜੀਆਂ ਗੁਲਜ਼ਾਰਾਂ ਦੇ।


ਇਸ ਤਰ੍ਹਾਂ ਸਾਡੇ ਘਰ ਦਾ ਸਭ ਤੋਂ ਛੋਟਾ ਤੇ ਪਿਆਰਾ ਬੱਚਾ ਸਾਡੀ ਗਲਵਕੜੀ ਵਿੱਚੋਂ ਨਿਕਲ ਕੇ ਵੀਡੀਓ ਕਾਲ 'ਤੇ ਆ ਗਿਆ। ਕਈ ਵਾਰ ਮੈਂ ਮੇਰੇ ਛੋਟੇ ਭਰਾ ਨੂੰ ਬੇਟੇ ਦੇ ਮੋਟਰਸਾਈਕਲ ਨੂੰ ਸਾਫ ਕਰਦਿਆਂ ਹੰਝੂ ਵਹਾਉਂਦਿਆਂ ਵੇਖਿਆ ਅਤੇ ਕਈ ਵਾਰ ਉਸ ਦੀ ਮਾਂ ਨੂੰ ਉਸ ਦੇ ਕੱਪੜਿਆਂ ਨੂੰ ਅਲਮਾਰੀ ਵਿੱਚੋਂ ਕੱਢ ਮੁੜ ਤਹਿਆਂ ਲਾਉਂਦਿਆਂ ਭਾਵੁਕ ਹੁੰਦੇ ਵੇਖਿਆ।

ਇੱਕ ਦਿਨ ਸਵੇਰੇ ਮੈਂ ਆਪਣੇ ਪਿੰਡ ਦੀ ਸੜਕ ਦੇ ਕੰਢੇ ਸੈਰ ਕਰ ਰਿਹਾ ਸੀ ਕਿ ਉਹੀ ਟੈਂਪੂ ਟਰੈਵਲਰ ਗੱਡੀ ਮੇਰੇ ਪਿੰਡ ਦੇ ਕਿਸੇ ਹੋਰ ਮਾਸੂਮ ਬੱਚੇ ਨੂੰ ਚੁੱਕ ਕੇ ਦਿੱਲੀ ਦੇ ਹਵਾਈ ਅੱਡੇ ਨੂੰ ਨੱਚਦੀ ਮੇਰੇ ਕੋਲ ਦੀ ਲੰਘ ਗਈ।



# ਤਰਖਾਣ ਦਾ ਘਰ


ਪਿਆਰੇ ਬੱਚਿਓ ! ਸਤਿ ਸ੍ਰੀ ਅਕਾਲ , ਨਮਸ਼ਕਾਰ , ਗੁੱਡ ਮਾੱਰਨਿੰਗ। ਉਮੀਦ ਹੈ ਤੁਸੀਂ ਆਪੋ - ਆਪਣੇ ਘਰਾਂ ਵਿੱਚ ਠੀਕ ਹੋਵੋਗੇ। ਬੱਚਿਓ ! ਅੱਜ ਮੈਂ ਤੁਹਾਨੂੰ ਇੱਕ ਕਹਾਣੀ ਸੁਣਾਉਣ ਜਾ ਰਿਹਾ ਹਾਂ। ਬਹੁਤ ਪੁਰਾਣੀ ਗੱਲ ਹੈ। ਇੱਕ ਪਿੰਡ ਵਿੱਚ ਇੱਕ ਬਹੁਤ ਮਿਹਨਤੀ ਤਰਖਾਣ ਰਹਿੰਦਾ ਸੀ। ਉਹ ਇੱਕ ਵੱਡੇ ਠੇਕੇਦਾਰ ਕੋਲ ਨੌਕਰੀ ਕਰਦਾ ਸੀ। ਉਸ ਤਰਖਾਣ ਦੁਆਰਾ ਬਣਾਏ ਗਏ ਲੱਕੜੀ ਦੇ ਘਰ ਦੂਰ - ਦੂਰ ਤੱਕ ਪ੍ਰਸਿੱਧ ਸਨ। ਉਸ ਦਾ ਮਾਲਕ ਵੀ ਉਸ ਦੀ ਬਹੁਤ ਇੱਜ਼ਤ ਅਤੇ ਪ੍ਰਵਾਹ ਕਰਦਾ ਸੀ। ਕੰਮ ਕਰਦੇ - ਕਰਦੇ ਜਦੋਂ ਉਹ ਤਰਖਾਣ ਬੁੱਢਾ ਹੋ ਗਿਆ ਤਾਂ ਇੱਕ ਦਿਨ ਉਸ ਨੇ ਸੋਚਿਆ ਕਿ ਹੁਣ ਮੈਨੂੰ ਘਰ ਵਿੱਚ ਰਹਿ ਕੇ ਆਰਾਮ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਇਹ ਸੋਚਦੇ - ਸੋਚਦੇ ਉਸ ਨੂੰ ਗਹਿਰੀ ਨੀਂਦ ਆ ਗਈ। ਜਦੋਂ ਉਸ ਨੂੰ ਜਾਗ ਆਈ ਤਾਂ ਉਹ ਆਪਣੇ ਮਾਲਕ ਦੇ ਘਰ ਪਹੁੰਚ ਗਿਆ। ਉਸ ਨੇ ਆਪਣੇ ਮਾਲਕ ਨੂੰ ਕਿਹਾ ਕਿ ਮੈਂ ਬਹੁਤ ਸਮਾਂ ਆਪ ਜੀ ਦੀ ਸੇਵਾ ਕੀਤੀ ਹੈ , ਪ੍ਰੰਤੂ ਹੁਣ ਮੈਂ ਜ਼ਿੰਦਗੀ ਦਾ ਬਾਕੀ ਸਮਾਂ ਅਰਾਮ ਪੂਰਵਕ ਅਤੇ ਪ੍ਰਮਾਤਮਾ ਦੀ ਭਗਤੀ ਕਰਕੇ ਬਤੀਤ ਕਰਨਾ ਚਾਹੁੰਦਾ ਹਾਂ। ਕਿਰਪਾ ਕਰਕੇ ਮੈਨੂੰ ਕੰਮ ਛੱਡ ਦੇਣ ਦੀ ਆਗਿਆ ਦੇ ਦਿਓ। ਉਸ ਦਾ ਮਾਲਕ ਉਸ ਦੀ ਕਾਰੀਗਰੀ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ। ਇਸ ਲਈ ਉਸ ਦੇ ਮਾਲਕ ਨੂੰ ਤਰਖਾਣ ਦੇ ਇਸ ਫੈਸਲੇ ਤੇ ਦੁੱਖ ਹੋਇਆ , ਪਰ ਉਹ ਤਰਖਾਣ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਨਿਮਰਤਾ ਨਾਲ ਤਰਖਾਣ ਨੂੰ ਬੇਨਤੀ ਕੀਤੀ ਕਿ ਜਾਣ ਤੋਂ ਪਹਿਲਾਂ ਮੇਰੀ ਇੱਕ ਬੇਨਤੀ ਪ੍ਰਵਾਨ ਕਰ ਲੈਣਾ। ਠੇਕੇਦਾਰ ਨੇ ਤਰਖਾਣ ਨੂੰ ਕਿਹਾ ਕਿ ਪਹਿਲਾਂ ਦੀ ਤਰ੍ਹਾਂ ਇੱਕ ਵਧੀਆ ਲੱਕੜ ਦਾ ਮਕਾਨ ਤਿਆਰ ਕਰ ਦੇਣਾ। ਤਰਖਾਣ ਨੇ ਉਸ ਦਾ ਕਹਿਣਾ




ਮੰਨ ਲਿਆ ਅਤੇ ਉਸੇ ਦਿਨ ਤੋਂ ਕੰਮ ਆਰੰਭ ਕਰ ਦਿੱਤਾ। ਉਸ ਦੇ ਮਨ ਵਿੱਚ ਇੱਕ ਖਿਆਲ ਵਾਰ - ਵਾਰ ਆ ਰਿਹਾ ਸੀ ਕਿ ਇਹ ਕੰਮ ਕਰਨ ਤੋਂ ਬਾਅਦ ਉਸਨੇ ਹਮੇਸ਼ਾ ਲਈ ਕੰਮ ਛੱਡ ਦੇਣਾ ਹੈ। ਇਸ ਲਈ ਉਹ ਭਰੇ ਜਿਹੇ ਮਨ ਨਾਲ ਕੰਮ ਕਰਨ ਲੱਗਾ। ਲੱਕੜੀ ਦੀ ਚੋਣ ਸਮੇਂ ਵੀ ਉਸ ਨੇ ਬਹੁਤੀ ਰੁਚੀ ਨਾ ਦਿਖਾਈ। ਕੁੱਝ ਹੀ ਸਮਾਂ ਲਗਾ ਕੇ ਉਸ ਨੇ ਇਹ ਘਰ ਜਲਦੀ - ਜਲਦੀ ਤਿਆਰ ਕਰ ਦਿੱਤਾ। ਹੁਣ ਉਹ ਆਪਣੇ ਮਾਲਿਕ ਕੋਲ ਪਹੁੰਚਿਆ ਅਤੇ ਉਸ ਨੂੰ ਸਨਿਮਰ ਬੇਨਤੀ ਕੀਤੀ ਕਿ ਮੈਂ ਹੁਣ ਆਪਣਾ ਕੰਮ ਪੂਰਾ ਕਰ ਲਿਆ ਹੈ ਅਤੇ ਮੈਨੂੰ ਹੁਣ ਨੌਕਰੀ ਛੱਡ ਕੇ ਆਪਣੇ ਘਰ ਜਾਣ ਦੀ ਆਗਿਆ ਦੇ ਦਿਓ। ਤਰਖਾਣ ਦੇ ਮਾਲਕ ਨੇ ਉਸ ਨੂੰ ਕਿਹਾ ਕਿ ਹਾਂ , ਹੁਣ ਤੁਸੀਂ ਨੌਕਰੀ ਛੱਡ ਕੇ ਆਪਣੇ ਘਰ ਜਾ ਸਕਦੇ ਹੋ । ਕਿਉਂਕਿ ਤੁਸੀਂ ਮੇਰੇ ਕੋਲ ਬਹੁਤ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕੀਤਾ ਹੈ , ਇਸ ਲਈ ਤੁਹਾਨੂੰ ਮੈਂ ਇਹ ਲੱਕੜੀ ਦਾ ਮਕਾਨ ਇਨਾਮ ਵਜੋਂ ਦੇ ਰਿਹਾ ਹਾਂ। ਹੁਣ ਤੁਹਾਨੂੰ ਪੁਰਾਣੇ ਮਕਾਨ ਵਿੱਚ ਰਹਿਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਖ਼ੁਸ਼ੀ - ਖ਼ੁਸ਼ੀ ਆਪਣੇ ਪਰਿਵਾਰ ਸਮੇਤ ਇਸ ਨਵੇਂ ਵੱਡੇ ਲੱਕੜੀ ਦੇ ਮਕਾਨ ਵਿੱਚ ਰਹਿ ਸਕਦੇ ਹੋ। ਇਹ ਗੱਲ ਸੁਣ ਕੇ ਤਰਖਾਣ ਹੈਰਾਨ - ਪ੍ਰੇਸ਼ਾਨ ਹੋ ਗਿਆ ਅਤੇ ਸੋਚਣ ਲੱਗਿਆ ਕਿ ਮੈਂ ਸਾਰੀ ਜ਼ਿੰਦਗੀ ਦੂਸਰਿਆਂ ਦੇ ਲਈ ਇੱਕ ਤੋਂ ਵੱਧ ਇੱਕ ਵਧੀਆ , ਸੁੰਦਰ ਅਤੇ ਕੀਮਤੀ ਉਚੇਚੀ ਲੱਕੜੀ ਦੇ ਘਰ ਬਣਾਏ , ਪਰ ਆਪਣੇ ਲਈ ਇੰਨਾ ਘਟੀਆ ਘਰ ਬਣਾ ਬੈਠਿਆ। ਕਾਸ਼ ! ਮੈਂ ਸਾਰੀ ਜ਼ਿੰਦਗੀ ਬਣਾਏ ਹੋਏ ਹੋਰ ਚੰਗੇ ਘਰਾਂ ਦੀ ਤਰ੍ਹਾਂ ਇਸ ਮਕਾਨ ਨੂੰ ਵੀ ਚੰਗੀ ਤਰ੍ਹਾਂ ਮਨ ਲਗਾ ਕੇ ਅਤੇ ਵਧੀਆ ਲੱਕੜੀ ਨਾਲ ਬਣਾਉਂਦਾ ਤਾਂ ਅੱਜ ਮੈਨੂੰ ਪਛਤਾਉਣਾ ਨਾ ਪੈਂਦਾ। ਪਰ ਬੱਚਿਓ ! ਹੁਣ ਉਹ ਕੁਝ ਨਹੀਂ ਸੀ ਕਰ ਸਕਦਾ। ਪਿਆਰੇ ਬੱਚਿਓ ! ਸਾਨੂੰ ਇਸ ਛੋਟੀ ਜਿਹੀ ਕਹਾਣੀ ਤੋਂ ਜ਼ਿੰਦਗੀ ਦੀ ਇਹ ਮਹਾਨ ਸਿੱਖਿਆ ਮਿਲਦੀ ਹੈ ਕਿ ਸਾਨੂੰ ਦੂਸਰਿਆਂ ਨਾਲ ਕਦੇ ਵੀ ਈਰਖਾ ਨਹੀਂ ਕਰਨੀ ਚਾਹੀਦੀ , ਕਦੇ ਵੀ ਸਵਾਰਥੀ ( ਮਤਲਬੀ ) ਨਹੀਂ ਹੋਣਾ ਚਾਹੀਦਾ ਅਤੇ ਜੀਵਨ ਵਿੱਚ ਹਰ ਛੋਟੇ - ਵੱਡੇ ਕੰਮ ਨੂੰ ਇੱਕ ਮਨ ਇੱਕ ਚਿੱਤ ਹੋ ਕੇ ਸੱਚੇ ਦਿਲੋਂ ਮਿਹਨਤ ਨਾਲ ਕਰਨਾ ਚਾਹੀਦਾ ਹੈ। ਉਮੀਦ ਹੈ , ਤੁਹਾਨੂੰ ਕਹਾਣੀ ਜ਼ਰੂਰ ਪਸੰਦ ਆਈ ਹੋਵੇਗੀ।

**ਮਾਸਟਰ ਸੰਜੀਵ ਧਰਮਾਣੀ**, 9478561356.

## ਰਸਤਾ ਲੱਭੋ



## ਬਿੰਦੂ ਮਿਲਾਓ



# ਅਨਮੋਲ ਬਚਨ



- ਸੁਪਨੇ ਉਹ ਸੱਚ ਨਹੀਂ ਹੁੰਦੇ, ਜੋ ਸੌਂਦੇ ਵਕਤ ਦੇਖੇ ਜਾਂਦੇ ਹਨ, ਸੁਪਨੇ ਉਹ ਸੱਚ ਹੁੰਦੇ ਹਨ, ਜਿਨ੍ਹਾਂ ਲਈ ਆਦਮੀ ਸੌਣਾ ਛੱਡ ਦਿੰਦੇ ਹਨ।
- ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ, ਕਿਉਂਕਿ ਬੋਲੇ ਗਏ ਸ਼ਬਦ ਸਿਰਫ ਮੁਆਫ਼ ਕੀਤੇ ਜਾ ਸਕਦੇ ਹਨ, ਭੁਲਾਏ ਨਹੀਂ ਜਾ ਸਕਦਾ।
- ਦੁਨੀਆ ਦੀ ਸਭ ਤੋਂ ਚੰਗੀ ਕਿਤਾਬ ਅਸੀਂ ਆਪ ਹਾਂ। ਖੁਦ ਨੂੰ ਸਮਝ ਲਓ, ਸਾਰੀਆਂ ਮੁਸ਼ਕਿਲਾਂ ਦਾ ਹੱਲ ਹੋ ਜਾਵੇਗਾ।
- ਕਿਸੇ ਤੋਂ ਉਮੀਦ ਕੀਤੇ ਬਿਨਾਂ ਉਸ ਦਾ ਚੰਗਾ ਕਰੋ, ਕਿਉਂਕਿ ਕਿਸੇ ਨੇ ਕਿਹਾ ਹੈ ਕਿ ਜੋ ਲੋਕ ਫੁੱਲ ਵੇਚਦੇ ਹਨ, ਉਨ੍ਹਾਂ ਦੇ ਹੱਥਾਂ ਵਿਚ ਖੁਸ਼ਬੂ ਅਕਸਰ ਰਹਿ ਜਾਂਦੀ ਹੈ।
- ਜੇਕਰ ਕਿਸਮਤ ਪਹਿਲਾਂ ਹੀ ਲਿਖੀ ਜਾ ਚੁੱਕੀ ਹੈ ਤਾਂ ਕੋਸ਼ਿਸ਼ ਕਰਕੇ ਕੀ ਮਿਲੇਗਾ? ਕੀ ਪਤਾ ਕਿਸਮਤ ਵਿਚ ਲਿਖਿਆ ਹੋਵੇ ਕਿ ਕੋਸ਼ਿਸ਼ ਕਰਨ 'ਤੇ ਹੀ ਮਿਲੇਗਾ।

# ਸੂਰਜ ਦੇ ਚਿਹਰੇ ਬਾਰੇ ਰੋਚਕ ਜਾਣਕਾਰੀ

ਬੱਚਿਓ, ਬੇਸ਼ੱਕ ਸੂਰਜ ਧਰਤੀ ਤੋਂ 149.6 ਮਿਲੀਅਨ ਕਿਲੋਮੀਟਰ ਦੂਰ ਹੈ ਪਰ ਇਸ ਦੇ ਚਿਹਰੇ ਬਾਰੇ ਜਾਨਣ ਲਈ ਇਹ ਸਾਥੋਂ ਕਾਫੀ ਨੇੜੇ ਹੈ। ਸੂਰਜ ਦੇ ਚਿਹਰੇ ਉੱਪਰ ਅਨੇਕਾਂ ਹੀ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ। ਵਿਗਿਆਨੀਆਂ ਮੁਤਾਬਿਕ ਸੂਰਜ ਗਰਮ ਗੈਸਾਂ ਕਰਕੇ ਊਰਜਾ ਪੈਦਾ ਕਰਦਾ ਹੈ। ਇਨ੍ਹਾਂ ਮੁਤਾਬਿਕ ਸੂਰਜ ਦੇ ਚਿਹਰੇ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ-

ਕੋਰ : ਇਹ ਸੂਰਜ ਦਾ ਅੰਦਰਲਾ ਭਾਗ ਹੈ, ਜੋ ਬਹੁਤ ਗਰਮ ਅਤੇ ਗਾੜ੍ਹਾ ਹੁੰਦਾ ਹੈ। ਇਥੇ ਹਾਈਡ੍ਰੋਜਨ ਦੇ ਅਣੂ ਆਪਸ ਵਿਚ ਟਕਰਾਅ ਕੇ ਹੀਲੀਅਮ ਗੈਸ ਬਣਾਉਂਦੇ ਹਨ। ਇਸ ਕਿਰਿਆ ਨਾਲ ਐਨੀ ਊਰਜਾ ਪੈਦਾ ਹੋ ਜਾਂਦੀ ਹੈ ਕਿ ਸਾਰਾ ਵਾਤਾਵਰਨ ਰੁਸ਼ਨਾ ਜਾਂਦਾ ਹੈ। ਇਸ ਊਰਜਾ ਨੂੰ ਸੂਰਜ ਦੇ ਦੂਜੇ ਭਾਗਾਂ ਵਿਚ ਪਹੁੰਚਣ ਲਈ ਲੱਖਾਂ ਹੀ ਸਾਲ ਲੱਗ ਜਾਂਦੇ ਹਨ। ਕੋਰ ਦਾ ਤਾਪਮਾਨ 15 ਮਿਲੀਅਨ ਡਿਗਰੀ ਸੈਲਸੀਅਸ ਤੱਕ ਹੁੰਦਾ ਹੈ।



ਫੋਟੋਸ਼ਫੀਅਰ : ਇਹ ਸੂਰਜ ਦਾ ਇਕ-ਚੌਥਾਈ ਭਾਗ ਹੈ, ਜਿਸ ਦਾ ਤਾਪਮਾਨ 5500 ਡਿਗਰੀ ਸੈਲਸੀਅਸ ਹੁੰਦਾ ਹੈ। ਕਦੇ-ਕਦੇ ਸੂਰਜ ਦੇ ਚੁੰਬਕੀ ਖੇਤਰ ਵਿਚ ਗੜਬੜ ਹੋ ਜਾਣ ਕਾਰਨ ਇਸ ਭਾਗ ਉੱਪਰ ਨਿਸ਼ਾਨ ਪੈ ਜਾਂਦੇ ਹਨ, ਜਿਨ੍ਹਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਇਸ ਭਾਗ ਵਿਚੋਂ ਅੱਗ ਦੀਆਂ ਲਾਟਾਂ ਧਮਾਕੇ ਨਾਲ ਨਿਕਲਦੀਆਂ ਰਹਿੰਦੀਆਂ ਹਨ, ਜੋ ਪਹਿਲਾਂ ਤਾਂ ਬਹੁਤ ਚਮਕੀਲੀਆਂ ਪਰ ਕੁਝ ਸਮੇਂ ਬਾਅਦ ਨਰਮ ਪੈ ਜਾਂਦੀਆਂ ਹਨ। ਕਈ ਲਾਟਾਂ ਤਾਂ ਕਈ ਮਹੀਨਿਆਂ ਤੱਕ ਵੀ ਰਹਿੰਦੀਆਂ ਹਨ ਅਤੇ ਇਨ੍ਹਾਂ ਦੀ ਲੰਬਾਈ ਦੋ ਲੱਖ ਕਿਲੋਮੀਟਰ ਤੱਕ ਹੋ ਸਕਦੀ ਹੈ ਅਤੇ ਕੁਝ ਕਮਜ਼ੋਰ ਲਾਟਾਂ ਸੂਰਜ ਵਿਚ ਵਾਪਸ ਹੋ ਜਾਂਦੀਆਂ ਹਨ।

ਕਰੋਮੋਸ਼ਫੀਅਰ : ਇਸ ਨੂੰ ਸੂਰਜ ਦਾ ਪ੍ਰਕਾਸ਼ ਮੰਡਲ ਵੀ ਕਹਿੰਦੇ ਹਨ। ਸੂਰਜ ਦੇ ਇਸ ਬਾਹਰਲੇ ਭਾਗ ਦਾ ਤਾਪਮਾਨ 50,000 ਡਿਗਰੀ ਸੈਲਸੀਅਸ ਹੁੰਦਾ ਹੈ। ਇਸ ਭਾਗ ਨੂੰ ਅਸੀਂ ਸੂਰਜ ਗ੍ਰਹਿਣ ਵੇਲੇ ਦੇਖ ਸਕਦੇ ਹਾਂ, ਜਦੋਂ ਚੰਦਰਮਾ ਨੇ ਸੂਰਜ ਨੂੰ ਢਕਿਆ ਹੁੰਦਾ ਹੈ।

ਬੱਚਿਓ, ਸੂਰਜ ਦੀ ਉਮਰ ਪੰਜ ਬਿਲੀਅਨ ਸਾਲ ਹੋ ਚੁੱਕੀ ਹੈ। ਇਹ ਸੋਲਰ ਸਿਸਟਮ ਦਾ ਬਹੁਤ ਹੀ ਪ੍ਰਭਾਵਸ਼ਾਲੀ ਮੈਂਬਰ ਹੈ, ਕਿਉਂਕਿ ਇਸ ਦੀ ਗਰੂਤਾ ਸ਼ਕਤੀ ਕਾਰਨ ਹੀ ਸਾਡੀ ਧਰਤੀ, ਅੱਠ ਗ੍ਰਹਿ, 60 ਤੋਂ ਵੱਧ ਚੰਦਰਮੇ ਅਤੇ ਲੱਖਾਂ ਹੀ ਤਾਰੇ ਇਸ ਦੇ ਦੁਆਲੇ ਘੁੰਮਦੇ ਹਨ। ਜਿੰਨਾ ਚਿਰ ਸੂਰਜ ਰਹੇਗਾ, ਉਕਤ ਗਤੀਵਿਧੀਆਂ ਚਲਦੀਆਂ ਹੀ ਰਹਿਣਗੀਆਂ।

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ... ?

| | | | | | | | | | |
|---|---|---|---|---|---|---|---|---|---|
| P | L | A | O | I | D | B | E | L | T |
| T | E | N | R | L | U | T | O | J | U |
| A | S | T | E | P | C | O | R | E | P |
| M | O | O | N | E | A | M | S | T | I |
| S | U | N | S | N | R | E | T | M | G |
| V | U | T | P | E | T | H | Y | E | R |
| E | N | E | T | U | R | N | R | R | A |
| N | U | S | A | N | U | S | U | C | V |
| O | S | U | R | A | M | A | R | S | I |
| R | B | I | T | N | O | I | T | A | T |

Find all the words from the word list (ignore spaces and dashes):

| | |
|---|---|
| ASTEROID BELT | NEPTUNE |
| COMETS | ORBIT |
| EARTH | PLANET |
| GRAVITATION | PLUTO |
| JUPITER | SATURN |
| MARS | SUN |
| MERCURY | URANUS |
| MOONS | VENUS |




# ਕਾਵਿ-ਲਹਿਰਾਂ

## ਫ਼ਿਕਰ ਦਾ ਸ਼ਹੁ ਏ ਕਿਨਾਰਾ ਸੋਚ ਦਾ

ਫ਼ਿਕਰ ਦਾ ਸ਼ਹੁ ਏ ਕਿਨਾਰਾ ਸੋਚ ਦਾ।
ਰਹਿ ਗਿਆ ਬਸ ਇਕ ਸਹਾਰਾ ਸੋਚ ਦਾ।

ਵਿਚ ਖ਼ਿਆਲਾਂ ਡੁੱਬਿਆ ਰਹਿੰਦਾ ਏ ਦਿਲ,
ਰਾਤ ਦਿਨ ਰਹਿੰਦਾ ਵਿਚਾਰਾ ਸੋਚ ਦਾ।

ਸੋਚ ਈ ਰੂਹ ਸ਼ਿਅਰ ਦੀ ਏ ਸ਼ਾਇਰਾ।
ਛੱਡ ਨਾ ਦਾਮਨ ਖ਼ੁਦਾ ਰਾ ਸੋਚ ਦਾ।

ਚਮਕਿਆ ਉਹ ਅਦਬ ਦੇ ਅਸਮਾਨ 'ਤੇ,
ਰੌਸ਼ਨ ਏ ਜਿਸਦਾ ਸਿਤਾਰਾ ਸੋਚ ਦਾ।

ਅੱਖਰਾਂ ਦਾ ਘਰ ਬਣਾ 'ਤਾਸੀਰ' ਹੁਣ,
ਸੋਹਣ ਦੀ ਇਟ ਲਾਕੇ ਗਾਰਾ ਸੋਚ ਦਾ।
2. ਵੇਖੀ ਜਾਣ ਉਹ ਆਲ ਦੁਆਲੇ ਸਾਨੂੰ ਕੀ
ਵੇਖੀ ਜਾਣ ਉਹ ਆਲ ਦੁਆਲੇ ਸਾਨੂੰ ਕੀ।
ਅਸੀਂ ਖੜੇ ਆਂ ਆਣ ਵਿਚਾਲੇ ਸਾਨੂੰ ਕੀ।

ਉਬਲੇਗੀ ਤੇ ਅਪਣੇ ਕੰਢੇ ਸਾੜੇਗੀ,
ਜੰਮ ਜੰਮ ਹਾਂਡੀ ਲਵੇ ਉਬਾਲੇ ਸਾਨੂੰ ਕੀ।

ਅਸੀਂ ਤੇ ਅਪਣਾ ਪਿੰਡਾ ਯਾਰ ਹੰਡਾਇਆ ਏ,
ਧੁੱਪਾਂ ਹੋਣ ਜਾਂ ਹੋਵਣ ਪਾਲੇ ਸਾਨੂੰ ਕੀ।

ਨਾਲ ਦਿਆਂ ਘਰ ਨੇਰ੍ਹਾ ਏ ਤੇ ਨੇਰ੍ਹ ਰਹੇ,
ਸਾਡੇ ਘਰ ਤੇ ਹੈਨ ਉਜਾਲੇ ਸਾਨੂੰ ਕੀ।

ਰਿਹਾ ਜਦੋਂ ਨਾ ਦਿਲ ਈ ਸੀਨੇ ਵਿਚ 'ਤਾਸੀਰ',
ਫਿਰਨ ਪਏ ਹੁਣ ਜ਼ੁਲਫ਼ਾਂ ਵਾਲੇ ਸਾਨੂੰ ਕੀ।

**ਲਿਖਤ : ਸਦੀਕ ਤਾਸੀਰ**

## ਗ਼ਜ਼ਲ

ਕਿੰਝ ਬਦਲੇ ਨੇ ਰਾਹ ਵੇ ਢੋਲਾ
ਵਾਹ ਵੇ ਢੋਲਾ, ਵਾਹ ਵੇ ਢੋਲਾ
ਮੁੜਕੇ ਖ਼ਵਰੇ ਕਦ ਬੀਜਾਂਗੇ
ਸਾਂਝੀ ਕਣਕ ਕਪਾਹ ਵੇ ਢੋਲਾ
ਕੀ ਖੱਟਿਆ ਏ ਮਨ-ਮਰਜ਼ੀ ਦੇ
ਗਲ਼ ਵਿਚ ਪਾ ਕੇ ਫਾਹ ਵੇ ਢੋਲਾ
ਸਤਲੁਜ ਕੰਢੇ ਰਲ ਕੇ ਪੀਤੀ
ਭੁਲ ਗਿਉਂ ਗੁੜ ਦੀ ਚਾਹ ਵੇ ਢੋਲਾ
ਹਰ ਇਕ ਈਦ-ਵਿਸਾਖੀ ਲੰਘੀ
ਭਰ-ਭਰ ਠੰਢੇ ਸਾਹ ਵੇ ਢੋਲਾ
ਆ ਫਿਰ ਵਿਹੜਾ ਇੱਕੋ ਕਰੀਏ
ਕੰਧ ਨੂੰ ਦਈਏ ਢਾਹ ਵੇ ਢੋਲਾ
ਸਾਡੇ ਚੰਨ ਵੀ ਚੁੰਨ੍ਹੇ ਨਿਕਲੇ
ਸੂਰਜ ਕਾਲੇ-ਸ਼ਾਹ ਵੇ ਢੋਲਾ
ਹੋਸ਼ਾਂ ਆਈਆਂ ਜਦ ਸੀ ਪਾਈ
ਸਿਰ ਵਿਚ ਆਪ ਸਵਾਹ ਵੇ ਢੋਲਾ
ਮਸ਼ੀਅਤਾਂ ਨਾਲ ਈ ਹੁੰਦੇ ਰਏ ਨੇ
ਏਥੇ ਰੋਜ਼ ਵਿਆਹ ਵੇ ਢੋਲਾ
ਹੁੰਦੇ ਨਈਂ ਪਰ ਹੋ ਜਾਂਦੇ ਨੇ
ਲੋਕੀਂ ਬੇਪਰਵਾਹ ਵੇ ਢੋਲਾ
ਮੈਥੋਂ ਵੱਧ ਉਡੀਕੇ ਤੈਨੂੰ
ਮੇਰੇ ਪਿੰਡ ਦੀ ਰਾਹ ਵੇ ਢੋਲਾ
ਹੁਣ ਨਈਂ 'ਸੰਧੂ' ਬਾਝੋਂ ਪੈਂਦੇ
ਉਹ ਕਣਕਾਂ ਦੇ ਗਾਹ ਵੇ ਢੋਲਾ

**ਲਿਖਤ : ਇਰਸ਼ਾਦ ਸੰਧੂ**

## ਖ਼ੁਦਗਰਜ਼ੀ

ਹੇ ਖ਼ੁਦਾ ਮੈਂ ਪ੍ਰੀਤ ਤੇਰੇ ਨਾਲ ਲਾ ਬੈਠੀ ,
ਤੂੰ ਅਪਣਾਉਣਾ ਜਾਂ ਠੁਕਰਾਉਣਾ ਇਹੋ
ਤੇਰੀ ਮਰਜ਼ੀ ਏ।
ਤੈਨੂੰ ਵਿਸਾਰ ਕੇ ਸਭ ਨੂੰ ਆਪਣਾ ਸਮਝ ਲੈ ਮੈ,
ਬੇਗਾਨਿਆਂ ਲਈ ਤੈਨੂੰ ਭੁੱਲਣਾ
ਇਹ ਮੇਰੀ ਖ਼ੁਦਗਰਜ਼ੀ ਏ।
ਤੂੰ ਦੇਖ ਤਾਂ ਸਹੀ ਕਿੰਞ ਮੀਨ ਵਾਂਗ ਤੜਪਾ ਮੈ,
ਮੈਂ ਸੁਣਿਆ ਤੇਰੀ ਨਿਗਾਹ
ਤਾਂ ਪਾਰਦਰਸ਼ੀ ਏ।
ਲਾਇਆ ਨਾ ਕਿਨਾਰੇ ਕਿਸੇ
ਜ਼ਿੰਦਗੀ ਦੀ ਬੇੜੀ ਨੂੰ,
ਤੇਰੇ ਬਿਨਾਂ ਜੱਗ ਝੂਠਾ
ਫਰੇਬੀ ਤੇ ਫਰਜ਼ੀ ਏ।
ਲੱਖਾਂ ਚੋਟਾਂ ਦੀ ਮਰਹਮ
ਤੇਰੀ ਨਿਗਾਂਹ ਮੇਹਰ ਦੀ ਏ ,
ਤੇਰੇ ਤੋਂ ਵੱਡਾ ਦੱਸ ਕੌਣ ਹਮਦਰਦੀ ਏ।
ਸਭ ਦੁੱਖ ਭੁੱਲ ਜਾਂਦੀ
ਤੇਰੇ ਦਰ ਤੇ ਆ ਕੇ ਮੈ,
ਪਰ ਜਿੰਦ ਤੈਨੂੰ ਦੁਬਾਰਾ
ਖੋਹਣ ਤੋਂ ਡਰਦੀ ਏ।
ਕਈ ਜਨਮਾਂ ਦੇ ਪਾਪ
ਇਕ ਛਿਨ 'ਚ ਧੋ ਦਿੰਦੀ
ਜਦ ਨਾਮ ਤੇਰੇ ਦੀ
ਅੰਮ੍ਰਿਤ ਵਰਖਾ ਵਰਦੀ ਏ।

**ਲਿਖਤ : ਨਵਦੀਪ ਕੌਰ**
1-672-272-3164

## ਬਸੰਤ ਸੁਹਾਵੀ

ਜਿਨ੍ਹਾਂ ਦੇ ਸੰਗ ਯਾਰ ਵਸੇਂਦਾ
ਤਿਨਾ ਬਸੰਤ ਸੁਹਾਵੇ ਹੂ

ਖਿੜਿਆ ਦਿਸੇ ਚਾਰ ਚੁਫ਼ੇਰਾ
ਡਾਢੀ ਰੂਹ ਨਸ਼ਿਆਵੇ ਹੂ

ਰੰਗ ਬਸੰਤੀ ਚੜ੍ਹਿਆ ਪੂਰਾ
ਜਿੱਧਰ ਨਜ਼ਰ ਘੁੰਮਾਵੇ ਹੂ

ਆਸਾਂ ਦੀਆਂ ਕਰੂੰਬਲਾਂ ਫੁੱਟੀਆਂ
ਕੁਦਰਤ ਮਹਿਕਾਂ ਲਾਵੇ ਹੂ

ਮਨ ਦੇ ਪੰਛੀ ਉੱਡ ਉੱਡ ਪੈਂਦੇ
ਅੰਬਰ ਸੋਹਲੇ ਗਾਵੇ ਹੂ

ਬਿਰਹੋਂ ਪੱਤਝੜ ਚੰਦਰੀ ਡਾਢੀ
ਹੁਣ ਨਾ ਕਦੇ ਸਤਾਵੇ ਹੂ

ਦੀਨੇ ਪਿੰਡ ਦੇ ਫ਼ੌਜੀ ਵਾਂਗੂੰ
ਧਰਤੀ ਪੈਰ ਨਾ ਲਾਵੇ ਹੂ।

**ਲਿਖਤ : ਅਮਰਜੀਤ ਸਿੰਘ ਫ਼ੌਜੀ**
**ਸੰਪਰਕ:** 95011-27033

## ਬੇਸ਼ਰਮ ਚੁੱਪ

ਪੰਥ ਸਾਰਾ ਕਲਪਦਾ , ਜਥੇਦਾਰ ਚੁੱਪ ਹੈ
ਨਜ਼ਾਮ ਸਾਰਾ ਤੜਫਦਾ , ਸਰਕਾਰ ਚੁੱਪ ਹੈ

ਪੈਰੀਂ ਪੱਗਾਂ ਰੁਲਦੀਆਂ ਦਾ,ਚਾਰ ਚੁਫੇਰੇ ਸ਼ੋਰ ਹੈ
ਤਖਤਾਂ ਤੇ ਬੈਠਾ ਕੌਮ ਦਾ, ਸਰਦਾਰ ਚੁੱਪ ਹੈ

ਮੁੱਖ ਪੰਨੇ ਤੇ ਛਪੀ ਹੋਈ ਹੈ ,ਵਹੁਟੀ ਸਾਗਰ ਦੀ
ਪਰ ਕਿਸਾਨਾਂ ਵਾਸਤੇ , ਅਖਬਾਰ ਚੁੱਪ ਹੈ

ਗਰੀਬ ਭੁੱਖਾ ਮਰ ਰਿਹਾ , ਅਮੀਰ ਨਜ਼ਾਰੇ ਲੁੱਟਦਾ
ਖੌਰੂ ਪੱਤਝੜ ਪਾਂਵਦੀ , ਬਹਾਰ ਚੁੱਪ ਹੈ

ਨਾਲ ਜੈਕਾਰਿਆਂ ਗੂੰਜਦੀ, ਅੱਜ ਵੀ ਉਹ ਸਰਹੰਦ ਹੈ
ਇਤਿਹਾਸ ਅੱਜ ਵੀ ਬੋਲਦਾ , ਤੇ ਦੀਵਾਰ ਚੁੱਪ ਹੈ

ਸ਼ੁਕਰ ਮਨਾਓ ਹੱਥਾਂ ਨੇ,ਚੱਕੀਆਂ ਨਹੀਂ ਸੰਤਾਲੀਆਂ
ਸ਼ੁਕਰ ਹੈ ਮਿਆਨ ਵਿਚ , ਤਲਵਾਰ ਚੁੱਪ ਹੈ

ਅੱਗ ਲਾਣਾ ਕੀ ਡਾਨਸੀਵਾਲੀਆ,ਐਸੇ ਦੱਸ ਯਰਾਨੇ ਨੂੰ
ਯਾਰ ਭੁੱਖਾ ਮਰ ਰਿਹਾ , ਪਰ ਯਾਰ ਚੁੱਪ ਹੈ

**ਲੇਖਕ : ਕੁਲਵੀਰ ਸਿੰਘ ਡਾਨਸੀਵਾਲ**
**ਸੰਪਰਕ :** 778 863 2472

## ਲੋਹੇ ਦੇ ਹੱਥ

ਨਾ ਉਹ ਜਿਨਸੀ ਸ਼ੋਸ਼ਣ ਦੀ ਪ੍ਰੇਸ਼ਾਨ ਨਿਸ਼ਾਨੀ,
ਨਾ ਉਹ ਹਾਬੜਿਆਂ ਲਈ ਮਨਭਾਉਂਦੀ ਖਪਤ ਵਸਤੂ,
ਨਾ ਉਹ ਸੱਤਾਧਾਰੀਆਂ ਤੋਂ ਗੁਜ਼ਾਰਾ ਭੱਤੇ ਲਈ ਰਣ 'ਚ ਜੁਝਦੀ ਰਾਣੀ,
ਨਾ ਉਹ ਸਵੈ-ਜੀਵਨ ਲੀਲ੍ਹਾ ਦਾ ਅੰਤ ਮੰਗਦੀ,
ਗੋਡੇ ਟੇਕਦੀ ਨਿਤਾਣੀ ਕੋਈ ਨਿਆਂਇਕ ਅਧਿਕਾਰੀ।

ਨਾ ਉਹ ਸੁੰਦਰਤਾ, ਸ਼ਾਲੀਨਤਾ, ਆਗਿਆਕਾਰੀ ਤੇ ਗੁੱਤ ਪਿੱਛੇ ਮੱਤ,
ਹੰਕਾਰੀਆਂ ਲਈ ਪ੍ਰੇਰਨਾ ਬਣਦੀਆਂ, ਇਨ੍ਹਾਂ ਦੰਭੀ ਅਖੌਤਾਂ ਦੀ ਨਾਇਕਾ।
ਨਾ ਉਹ ਕੁਆਰੇਪਣ 'ਚ ਪਿਤਾ, ਜਵਾਨੀ 'ਚ ਪਤੀ,
ਬੁਢਾਪੇ 'ਚ ਪੁੱਤਰ ਦਾ ਆਸਰਾ ਤੱਕਦੀ ਧਾਰਨਾ ਦੀ ਪਾਤਰ,
ਉਹ ਤਾਂ ਏ ਅੱਜ ਜਲ, ਥਲ, ਆਕਾਸ਼ ਲਿਆਕਤ ਦੀ ਉੱਡਣ ਪਰੀ।

ਅਨੈਤਿਕ ਸ਼ਾਸਨਤੰਤਰ ਦੇ ਨਾਸਾਂ 'ਚੋਂ ਧੂੰਆਂ ਕਢਾਉਣ ਨੂੰ,
ਸੰਭਾਲ ਲਈ ਉਸ ਮਾਈ ਭਾਗੋ ਦੀ ਵਿਰਾਸਤ।
ਮੰਥਨ ਕਰ, ਮਰਨ-ਜਿਉਣ ਦਾ ਅੰਤਰ ਛੱਡ,
ਸੰਵਿਧਾਨਕ ਤੱਤਾਂ 'ਚ ਲੋਹੇ ਦੇ ਹੱਥਾਂ ਨਾਲ,
ਭਟਕਿਆਂ ਨੂੰ ਰੋਹ ਵਿਖਾਉਣ,

ਸਿੱਖਿਅਤ ਤਾਣੇ ਦੇ ਮਨ 'ਤੇ ਅੱਜ ਵੀ ਚੜ੍ਹੇ,
'ਪੂੰਜੀਵਾਦ 'ਚ ਨਾਰੀ ਏ ਖਪਤ ਵਸਤੂ'
ਦੇ ਰੰਗਾਂ 'ਤੇ ਤੇਜ਼ਾਬੀ ਪੋਚਾ ਫੇਰਨ,
ਭੁੱਲੀਆਂ-ਭਟਕੀਆਂ ਨੂੰ ਰਾਹੇ ਪਾ ਕੇ,

ਅੰਗਾਰ ਹਿੱਕ 'ਚ ਬਾਲੀ, ਬੈਠੀਆਂ ਸਹੇਲੀਆਂ ਦੇ ਕਾਰਵਾਂ ਸੰਗ ਮਿਲ,
ਕਾਹਲੇ ਕਦਮੀਂ ਵਧ ਪਈ ਵਰਤਮਾਨ ਰਾਖਸ਼ਾਂ ਨੂੰ ਸਬਕ ਸਿਖਾਉਣ।
ਭਵਿੱਖੀ ਏਕੇ ਦੇ ਮਜੀਠ ਰੰਗ ਚਾੜ੍ਹਨ।

**ਲਿਖਤ : ਐੱਸ. ਪ੍ਰਸ਼ੋਤਮ** **ਸੰਪਰਕ:** 98152-71246

## ਫੈਸਲਾ

ਆਗੀ ਚੋਣਾਂ ਵਾਲੀ ਰੁੱਤ, ਬਣ ਬੈਠਿਓ ਨਾਂ ਬੁੱਤ,
ਤੋੜ ਬੁੱਲਾਂ ਵਾਲੀ ਚੁੱਪ ਨੂੰ ਸਵਾਲ ਪੁੱਛਿਓ
ਕਿੰਨੇ ਸਹੇ ਝੂਠੇ ਲਾਰੇ, ਕਦੇ ਸੋਚੇ ਜਾਂ ਵਿਚਾਰੇ,
ਇਹ ਜਿੱਤੇ ਤੁਸੀਂ ਹਾਰੇ ਜੋ ਮਲਾਲ ਪੁੱਛਿਓ
ਕੱਟ ਰਹੇ ਗਿਣ-ਗਿਣ, ਕਿਹੋ ਜਿਹੇ ਅੱਛੇ ਦਿਨ,
ਹੁੰਦੇ ਰਹੇ ਪਲ ਛਿਣ ਜੋ ਹਲਾਲ ਪੁੱਛਿਓ
ਕਦੇ ਹਿੰਮਤਾਂ ਨਾਂ ਹਾਰੇ, ਤਾਂ ਵੀ ਚੋਂਦੇ ਸਾਡੇ ਢਾਰੇ,
ਕਿੰਞ ਛੱਤੇ ਨੇ ਚੁਬਾਰੇ ਸਾਲੋ-ਸਾਲ ਪੁੱਛਿਓ
ਥੋੜੀ ਹੋਊ ਰਖਵਾਲੀ, ਭਰਦਾਂਗੇ ਝੋਲੀ ਖਾਲੀ,
ਜੋ ਕਹਿੰਦੇ ਨੇ ਅਕਾਲੀ ਗੱਲ ਤੋਲ ਨਾਪਿਓ
ਜੀਦ੍ਹੀ ਮੱਤ ਗਈ ਮਾਰੀ, ਕਪਤਾਨ ਸੀ ਖਿਡਾਰੀ,
ਮੰਗੇ ਕਾਂਗਰਸ ਵਾਰੀ ਚਿੱਠਾ ਖੋਲ ਵਾਚਿਓ
ਸਾਡੇ ਤੁਸੀਂ ਮਾਈ ਬਾਪ, ਛੱਡਦਾਂਗੇ ਐਸੀ ਛਾਪ
ਆਖੇ ਰੌਲਾ ਪਾ ਜੋ ਆਪ ਵਾਲੇ ਬੋਲ ਭਾਂਪਿਓ
ਬਣਾਈ ਬੀਜੇਪੀ ਨੇ ਨੀਤੀ, ਲਾਕੇ ਰੁੱਸਿਆਂ ਨਾ' ਪ੍ਰੀਤੀ,
ਕਿਹੜੀ ਦੇਕੇ ਜੋ ਤਬੀਤੀ ਕੀਤੇ ਕੋਲ ਜਾਂਚਿਓ
ਗੁੜ ਨਾਲੋਂ ਮਿੱਠਾ, ਜੋ ਪੰਜਾਬ ਸੀਗਾ ਡਿੱਠਾ,
ਕੀਤਾ ਕੌੜਾ ਵੇਚ ਚਿੱਟਾ ਤੱਕੜੀ ਨੇ ਤੋਲਕੇ
ਰੁਜ਼ਗਾਰ ਜਦੋਂ ਮੰਗੇ, ਮਿਲੇ ਪੁਲਸ ਦੇ ਡੰਡੇ,
ਵਰਤੇ ਨੇ ਹੱਥਕੰਡੇ ਪੂਰਾ ਪੰਜਾ ਖੋਲ੍ਹਕੇ
ਸਵਾਰੂ ਜਾਂ ਵਿਗਾੜੂ, ਦੇਖੋ ਦਿੱਲੀ ਦਾ ਜੁਗਾੜੂ,
ਤੁਸੀਂ ਚੱਕਣਾ ਜੇ ਝਾੜੂ ਨਬਜ਼ਾਂ ਟਟੋਲਕੇ
ਅਜੇ ਸੱਜਰੀ ਹੀ ਗੱਲ, ਪਏ ਸੀਨਿਆਂ ਚ' ਸੱਲ
ਕਾਹਤੋਂ ਫੜਨਾਂ ਕਮਲ ਚਿੱਕੜ ਫਰੋਲਕੇ
ਕੌਣ ਪੁੱਛੂ ਹਾਲ ਚਾਲ, ਕਿਹੜਾ ਖੜੂ ਸਾਡੇ ਨਾਲ,
ਆਉਣ ਵਾਲੇ ਪੰਜ ਸਾਲ ਦੇ ਹਾਲਾਤ ਸੋਚ ਲਿਓ
ਪਛਾਣ ਲੈਣਾ ਚੰਗਾ ਮੰਦਾ, ਪਾ ਨਾਂ ਲੈਣਾ ਗਲ ਫੰਦਾ,
ਦੇਣਾ ਪਰਖ ਕੇ ਬੰਦਾ ਕੀਦ੍ਹਾ ਸਾਥ ਸੋਚ ਲਿਓ
ਤੁਸੀਂ ਵਿਕਗੇ ਜੇ ਅੱਜ, ਰੋਟੀ ਮਿਲਣੀ ਨਾਂ ਰੱਜ,
ਰੋਣਾ ਪੈਣਾ ਕਿਸੇ ਪੱਜ ਦਿਨ ਰਾਤ ਸੋਚ ਲਿਓ
ਹੁਣ ਖਿੱਚਕੇ ਲਕੀਰ, ਮੰਨ ਲੈਣਾ ਜੀ ਅਖੀਰ,
ਜੋ ਵੀ ਕਹੇਗੀ ਜ਼ਮੀਰ ਉਹੀ ਬਾਤ ਸੋਚ ਲਿਓ

**ਲਿਖਤ : "ਬਾਠ ਬਲਵੀਰ"**

## ਜਸ਼ਨ ਜਾਂ ਚਿੰਤਾ?

ਆ ਗਿਆ, ਬਈ ਆ ਗਿਆ,
ਅੱਠ ਮਾਰਚ ਆ ਗਿਆ,
ਹੁਣ ਫਿਰ ਮੇਰੇ ਮਹਾਨ ਦੇਸ਼ ਅੰਦਰ
ਕੰਨ ਪਾੜਵੀਂ ਆਵਾਜ਼ ਵਿੱਚ,
ਬੇਟੀ ਪੜ੍ਹਾਓ-ਬੇਟੀ ਬਚਾਓ
ਮਹਿਲਾਵਾਂ ਨੂੰ ਸਨਮਾਨ ਦਿਓ
ਦੇ ਨਾਅਰੇ ਗੂੰਜਣਗੇ,
ਪਲ-ਛਿਣ ਲਈ ਮੁੱਠੀ ਭਰ ਔਰਤਾਂ ਨੂੰ
ਕੌਮਾਂਤਰੀ ਪੁਰਸਕਾਰਾਂ ਨਾਲ
ਸਨਮਾਨਿਤ ਕੀਤਾ ਜਾਵੇਗਾ। ਪਰ!!!
ਮੈਂ ਇਸ ਲੋਕਤੰਤਰੀ ਮੁਲਕ ਅੰਦਰ
ਆਪਣੇ ਜਮਹੂਰੀ ਹੱਕ ਤਹਿਤ ਪੁੱਛਦੀ ਹਾਂ:
ਕੀ ਪਲ ਭਰ ਲਈ ਚੰਦ ਕੁ ਔਰਤਾਂ ਦਾ
ਸਨਮਾਨ ਕਰ ਕੇ, ਜਸ਼ਨ ਮਨਾ ਕੇ,
ਸਮੁੱਚੀ ਮਾਨਵਤਾ ਦਾ ਸਤਿਕਾਰ ਸੰਭਵ ਹੈ?
ਕੀ ਔਰਤਾਂ ਲਈ ਸਿੱਖਿਆ, ਸੁਰੱਖਿਆ ਪ੍ਰਦਾਨ ਕਰਨਾ
ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ?
ਦੇਸ਼ ਦੀ ਰਾਜਧਾਨੀ 'ਚ ਗਣਤੰਤਰ ਦਿਵਸ ਪਰੇਡ ਮੌਕੇ
21 ਸਾਲਾ ਵਿਆਹੁਤਾ ਔਰਤ ਨੂੰ
ਸਮੂਹਿਕ ਬਲਾਤਕਾਰ ਕਰਨ ਮਗਰੋਂ
ਵਾਲ ਕੱਟਕੇ, ਮੂੰਹ ਕਾਲਾ ਕਰਕੇ,
ਨਗਨ ਅਵਸਥਾ ਵਿੱਚ ਕਿਉਂ ਘੁੰਮਾਇਆ ਜਾਂਦਾ?
'ਕੁਝ ਖ਼ਾਸ ਬਲਾਤਕਾਰੀਆਂ' ਦੀ ਰਿਹਾਈ 'ਤੇ
ਹਾਰ ਪਾ ਕੇ, ਢੋਲ ਵਜਾ ਕੇ
ਕਿਉਂ ਸਵਾਗਤ ਕੀਤਾ ਜਾਂਦਾ?
ਦਾਮਨੀ, ਆਸਿਫਾ, ਰਾਬੀਆ ਸੈਫ਼ੀ,
ਹਾਥਰਸ ਵਰਗੇ ਅਨੇਕਾਂ ਕਾਂਡਾਂ ਵਕਤ
ਮੇਰੇ ਮਹਾਨ ਦੇਸ਼ ਦੇ
ਅਗਵਾਨ ਖਾਮੋਸ਼ ਕਿਉਂ ਹੋ ਜਾਂਦੇ ਨੇ?
ਆਖ਼ਰ ਕਿਉਂ? ਕਿਉਂ?

**ਜਸਪ੍ਰੀਤ ਕੌਰ ਜੱਸੂ, ਸੰਪਰਕ:** 98555-09018

## ਇਹ ਕੇਹੀ ਦੇਸ਼ ਭਗਤੀ ਹੈ

ਸੱਚ ਲਿਖਦੀਆਂ ਕਲਮਾਂ 'ਤੇ
ਲਾ ਦਿਓ ਇਲਜ਼ਾਮ ਦੇਸ਼ਧ੍ਰੋਹ ਦਾ
ਕਿਸਾਨਾਂ ਨੂੰ ਲਿਖ ਦੇਵੋ ਅਤਿਵਾਦੀ
ਮਜ਼ਦੂਰਾਂ ਨੂੰ ਆਖੋ ਨਕਸਲਵਾਦੀ
ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ
ਐਲਾਨ ਦਿਉ ਗੁਆਂਢੀ ਮੁਲਕਾਂ ਦੇ ਜਾਸੂਸ
ਵੱਢ ਦਿਉ ਬਗ਼ਾਵਤ ਕਰਦੇ ਹੱਥਾਂ ਨੂੰ
ਇਨਸਾਫ਼ ਮੰਗਦੀਆਂ ਜੀਭਾਂ ਨੂੰ...
ਸ਼ਾਸਕ ਦਾ ਫ਼ੁਰਮਾਨ ਹੈ
ਮੁਹੱਬਤ ਤੇ ਸ਼ਾਂਤੀ ਦਾ ਪੈਗ਼ਾਮ ਫੈਲਾਅ ਰਹੇ
ਕਬੂਤਰਾਂ ਮਗਰ ਲਾ ਦੇਵੋ ਬਾਜ਼ਾਂ ਨੂੰ...
ਹਕੂਮਤ ਨੇ ਦੇ ਦਿੱਤਾ ਏ ਸਰਟੀਫਿਕੇਟ
ਟੀ.ਵੀ. ਚੈਨਲਾਂ ਦੇ ਐਂਕਰਾਂ ਨੂੰ
ਸੱਚੇ ਦੇਸ਼ ਭਗਤ ਹੋਣ ਦਾ
ਤੇ ਹੁਣ ਉਹ ਕਿਸੇ ਨੂੰ ਵੀ ਆਖ ਸਕਦੇ ਨੇ
ਦੇਸ਼ਧ੍ਰੋਹੀ...
ਅਤਿਵਾਦੀ...
ਨਕਸਲਵਾਦੀ...
ਮਾਓਵਾਦੀ...
ਇਹ ਕੇਹੀ ਦੇਸ਼ ਭਗਤੀ ਹੈ
ਜਿੱਥੇ ਪੁਲੀਸ ਦੀ ਕੁੱਟ
ਤੇ ਇੰਟੈਰੋਗੇਸ਼ਨ ਤੋਂ ਜ਼ਿਆਦਾ
ਮੀਡੀਆ ਤੋਂ ਡਰ ਲੱਗਦਾ ਹੈ
ਇਹ ਕੈਸਾ ਦੇਸ਼ ਹੈ
ਜਿੱਥੇ ਟੀ.ਵੀ. ਦਾ ਝੂਠ ਵੀ
ਸੱਚ ਮੰਨਿਆ ਜਾਂਦਾ ਹੈ...।

**ਲਿਖਤ : ਜਸਵੰਤ ਗਿੱਲ ਸਮਾਲਸਰ**
**ਸੰਪਰਕ:** 97804-51878



# ਨਾਰੀ ਸੰਸਾਰ



## ਵੱਧ ਰਹੀ ਉਮਰ ਦੇ ਨਾਲ-ਨਾਲ ਸਰੀਰਕ ਜਾਂਚ ਵੀ ਜ਼ਰੂਰੀ



**ਲਿਖਤ : ਪਰਮਜੀਤ ਕੌਰ ਸੋਢੀ -ਭਗਤਾ ਭਾਈ ਕਾ, ਸੰਪਰਕ : 94786-58384**

ਬਿਲਕੁਲ ਸੱਚ ਜੀ, ਵਧ ਰਹੀ ਉਮਰ ਦੇ ਨਾਲ-ਨਾਲ ਸਰੀਰਕ ਜਾਂਚ ਵੀ ਬਹੁਤ ਜ਼ਰੂਰੀ ਹੈ ਜੀ। ਪਰ ਅੱਜਕਲ੍ਹ ਹਰ ਇਨਸਾਨ ਇੰਨਾ ਕੁ ਆਪਣੇ ਰੁਝੇਵਿਆਂ ਵਿਚ ਰੁੱਝਿਆ ਹੋਇਆ ਹੈ ਕਿ ਹਰ ਪਲ ਅਮੀਰ ਹੋਣ ਦੇ ਲਾਲਚ ਵਿਚ ਮਸ਼ੀਨ ਵਾਂਗ ਕੰਮ ਕਰਦਾ ਰਹਿੰਦਾ ਹੈ। ਜਵਾਨੀ ਤੋਂ ਲੈ ਕੇ ਬੁਢਾਪੇ ਤੱਕ ਦੇ ਸਫਰ ਨੂੰ ਤਾਂ ਕੰਮਾਕਾਰਾਂ ਵਿਚ ਲੰਘਦਿਆ ਜਿਵੇਂ ਪਤਾ ਹੀ ਨਾ ਲੱਗਾ ਹੋਵੇ। ਫਿਰ ਇਕ ਉਮਰ ਆ ਜਾਂਦੀ ਹੈ ਕਿ ਸਾਨੂੰ ਆਪਣੀ ਵਧ ਰਹੀ ਉਮਰ ਦਾ ਪਤਾ ਜਿਹਾ ਲੱਗਣ ਲੱਗ ਜਾਂਦਾ ਹੈ, ਬੱਸ ਉਹੀ ਉਮਰ ਵਿਚ ਸਾਨੂੰ ਵੱਧ ਤੋਂ ਵੱਧ ਲੋੜ ਹੁੰਦੀ ਹੈ ਜੀ ਸਰੀਰਕ ਜਾਂਚ ਦੀ, ਕਿਉਂਕਿ ਉਮਰ ਮੁਤਾਬਿਕ ਸਾਡੇ ਸਰੀਰ ਦੀ ਪਾਚਣ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ ਤੇ ਸਰੀਰ ਨੂੰ ਬਿਮਾਰੀਆਂ ਵੀ ਘੇਰ ਲੈਂਦੀਆਂ ਹਨ। ਇਸ ਲਈ ਤੰਦਰੁਸਤ ਰਹਿਣ ਲਈ ਸਰੀਰਕ ਜਾਂਚ ਬਹੁਤ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਹਲਕਾ ਅਤੇ ਤਾਜ਼ਾ ਭੋਜਨ ਕਰਨਾ ਵੀ ਸਰੀਰ ਦੀ ਤੰਦਰੁਸਤੀ ਵਿਚ ਬਹੁਤ ਕਾਰਗਰ ਸਿੱਧ ਹੁੰਦਾ ਹੈ। ਕਿਉਂਕਿ ਅਸੀਂ ਔਰਤਾਂ ਆਪਣੇ ਸਰੀਰ ਪ੍ਰਤੀ ਬਹੁਤ ਹੀ ਲਾਪ੍ਰਵਾਹੀ ਵਰਤਦੀਆਂ ਹਾਂ। ਜਿਵੇਂ ਪੇਟ ਦਰਦ, ਕਮਰ ਦਰਦ, ਜੋੜਾਂ ਦਾ ਦਰਦ, ਸਿਰ ਦਰਦ, ਬਲੱਡ ਪ੍ਰੈਸ਼ਰ ਅਤੇ ਹੋਰ ਵੀ ਔਰਤਾਂ ਦੇ ਅਨੇਕਾਂ ਰੋਗ ਜਿਨ੍ਹਾਂ ਦੇ ਹੋਣ 'ਤੇ ਦਵਾਈ ਲੈਣ ਜਾਣ ਤੋਂ ਆਨਾਕਾਨੀ ਕਰਕੇ ਕਿਸੇ ਭਿਆਨਕ ਰੋਗ ਨੂੰ ਸੱਦਾ ਦੇਣ ਵਾਲੀ ਗੱਲ ਕਰ ਬੈਠਦੀਆਂ ਹਨ, ਜੋ ਬਿਲਕੁਲ ਗਲਤ ਹੈ।

ਮੇਰੇ ਹਿਸਾਬ ਨਾਲ ਸਾਨੂੰ ਇਕ ਸਾਲ ਵਿਚ ਇਕ ਵਾਰ ਜ਼ਰੂਰ ਹੀ ਸਰੀਰਕ ਜਾਂਚ ਕਰਾਉਣੀ ਚਾਹੀਦੀ ਹੈ ਅਤੇ ਆਪਣੀ ਖੁਰਾਕ ਵੱਲ ਵੀ ਖਾਸ ਧਿਆਨ ਦੇਣਾ ਚਾਹੀਦਾ ਹੈ। ਜਿਵੇਂ ਔਰਤਾਂ ਵਿਚ ਵਡੇਰੀ ਉਮਰ ਵਿਚ ਜਾ ਕੇ ਕੈਲਸ਼ੀਅਮ ਦੀ ਕਮੀ ਹੋ ਜਾਂਦੀ ਹੈ, ਇਸ ਕਮੀ ਨੂੰ ਪੂਰਾ ਕਰਨ ਲਈ ਸਾਨੂੰ ਦੁੱਧ, ਦਹੀਂ, ਪਨੀਰ ਅਤੇ ਕੈਲਸ਼ੀਅਮ ਦੀਆਂ ਗੋਲੀਆਂ ਖਾਣੀਆਂ ਚਾਹੀਦੀਆਂ ਹਨ ਤਾਂ ਕਿ ਹੱਡੀਆਂ ਦੀ ਮਜ਼ਬੂਤੀ ਬਣੀ ਰਹੇ। ਸੋ ਦੋਸਤੋ! ਸਮੇਂ-ਸਮੇਂ 'ਤੇ ਸਰੀਰਕ ਜਾਂਚ ਕਰਵਾਓ ਤੇ ਤੰਦਰੁਸਤੀ ਪਾਓ। ਨਾਲ-ਨਾਲ ਨਾਮ ਸਿਮਰਨ ਕਰਕੇ ਚੰਗੇ ਵਿਚਾਰਾਂ ਦੇ ਧਾਰਨੀ ਬਣੋ ਤੇ ਜੀਵਨ ਖੁਸ਼ਹਾਲ ਬਣਾਉ।

## ਸਵਾਦ ਲਈ ਕੁਝ ਬਦਲਾਅ ਜ਼ਰੂਰੀ ਹੈ

**ਲਿਖਤ : ਨੀਤੂ ਗੁਪਤਾ**



### ਟਮਾਟਰ ਦੀ ਵਰਤੋਂ

ਭਾਰਤੀ ਪਕਵਾਨਾਂ ਵਿਚ ਜ਼ਿਆਦਾਤਰ ਟਮਾਟਰ ਦੀ ਵਰਤੋਂ ਕੀਤੀ ਜਾਂਦੀ ਹੈ, ਚਾਹੇ ਉਹ ਸੁੱਕੀ ਸਬਜ਼ੀ ਹੋਵੇ ਜਾਂ ਤਰੀ ਵਾਲੀ। ਸੁੱਕੀ ਸਬਜ਼ੀ ਵਿਚ ਟਮਾਟਰ ਦੀ ਵਰਤੋਂ ਛੋਟੇ ਟੁਕੜਿਆਂ ਨਾਲ ਸਜਾਵਟ ਕਰਕੇ ਸਬਜ਼ੀ ਦਾ ਸਵਾਦ ਵਧਾਇਆ ਜਾ ਸਕਦਾ ਹੈ। ਤਰੀ ਵਾਲੀ ਸਬਜ਼ੀ ਵਿਚ ਜੇ ਟਮਾਟਰ ਨੂੰ ਹਲਕਾ ਉਬਾਲ ਕੇ, ਪੀਸ ਕੇ ਉਸ ਦੀ ਪਿਊਰੀ ਤਿਆਰ ਕਰਕੇ ਉਸ ਨੂੰ ਕੁਝ ਸਮੇਂ ਤੱਕ ਪਕਾ ਲਿਆ ਜਾਵੇ ਅਤੇ ਫਿਰ ਉਸ ਦੀ ਵਰਤੋਂ ਤਰੀ ਬਣਾਉਣ ਲਈ ਕੀਤੀ ਜਾਵੇ ਤਾਂ ਸਵਾਦ ਕੁਝ ਵੱਖਰਾ ਹੋਵੇਗਾ। ਜੇ ਸਮਾਂ ਘੱਟ ਹੈ ਤਾਂ ਟਮਾਟਰ ਨੂੰ ਹਲਕਾ ਉਬਾਲ ਕੇ ਉਸ ਦੀ ਛਿੱਲ ਉਤਾਰ ਕੇ ਕੱਦੂਕਸ਼ ਕਰਕੇ ਵਰਤੋਂ ਕਰ ਸਕਦੇ ਹੋ।

### ਮਿਰਚ ਦੀ ਵਰਤੋਂ

ਦਾਲ ਦਾ ਤੜਕਾ ਬਣਾਉਂਦੇ ਸਮੇਂ ਪਹਿਲਾਂ ਜੀਰਾ ਪਾ ਕੇ ਪਿਆਜ਼ ਦੇ ਨਾਲ ਲਾਲ ਮਿਰਚ ਪਾ ਕੇ ਭੁੰਨੋ। ਫਿਰ ਛਿੱਲ ਰਹਿਤ ਟਮਾਟਰ ਨੂੰ ਬਰੀਕ ਕੱਟ ਕੇ ਪਾਓ। ਤੜਕਾ ਤਿਆਰ ਹੋਣ 'ਤੇ ਦਾਲ ਵਿਚ ਮਿਲਾਓ। ਉੱਪਰੋਂ ਦੀ ਬਰੀਕ ਕੱਟਿਆ ਧਨੀਆ, ਥੋੜ੍ਹਾ ਗਰਮ ਮਸਾਲਾ ਅਤੇ ਬਰੀਕ ਕੱਟੀ ਹਰੀ ਮਿਰਚ ਮਿਲਾਓ। ਦਾਲ ਦਾ ਸਵਾਦ ਚੰਗਾ ਹੋਵੇਗਾ।

### ਮਸਾਲਿਆਂ ਦੀ ਵਰਤੋਂ

ਜੇ ਤੁਸੀਂ ਸਟੀਮਡ (ਭਾਫ਼ ਯੁਕਤ) ਸਬਜ਼ੀਆਂ ਖਾ ਰਹੇ ਹੋ ਤਾਂ ਕਦੇ ਵੀ ਲਾਲ ਜਾਂ ਕਾਲੀ ਮਿਰਚ ਪਕਾਉਂਦੇ ਸਮੇਂ ਨਾ ਪਾਓ। ਬਸ ਨਮਕ ਪਕਾਉਂਦੇ ਸਮੇਂ ਪਾਓ। ਖਾਂਦੇ ਸਮੇਂ ਹਲਦੀ, ਲਾਲ ਮਿਰਚ ਅਤੇ ਕਾਲੀ ਮਿਰਚ ਪੀਸੀ ਹੋਈ ਛਿੜਕੋ। ਸਵਾਦ ਚੰਗਾ ਲੱਗੇਗਾ। ਗੁਜਰਾਤੀ, ਬੰਗਾਲੀ, ਦੱਖਣੀ ਭਾਰਤੀ ਮਸਾਲਿਆਂ ਦੀ ਵਰਤੋਂ ਕਰਕੇ ਤੁਸੀਂ ਸਬਜ਼ੀ ਦਾ ਸਵਾਦ ਬਦਲ ਸਕਦੇ ਹੋ।

### ਤੇਲਾਂ ਦੀ ਵਰਤੋਂ

ਮੱਖਣ ਅਤੇ ਰਿਫਾਇੰਡ ਤੇਲ ਦੀ ਜਗ੍ਹਾ ਜੈਤੂਨ ਦੇ ਤੇਲ ਅਤੇ ਸੂਰਜਮੁਖੀ ਦੇ ਤੇਲ ਦੀ ਵਰਤੋਂ : ਜਿਨ੍ਹਾਂ ਸਬਜ਼ੀਆਂ ਵਿਚ ਮੱਖਣ ਵਰਤਦੇ ਹੋ, ਪੀਲੇ ਮੱਖਣ ਦੀ ਜਗ੍ਹਾ ਚਿੱਟਾ ਮੱਖਣ ਵਰਤੋਂ ਵਿਚ ਲਿਆਓ। ਸਵਾਦ ਵੱਖਰਾ ਲੱਗੇਗਾ। ਰਿਫਾਇੰਡ ਤੇਲ ਦੀ ਵਰਤੋਂ ਦੀ ਜਗ੍ਹਾ ਜੈਤੂਨ ਦਾ ਤੇਲ ਜਾਂ ਸੂਰਜਮੁਖੀ ਦੇ ਫੁੱਲਾਂ ਦਾ ਤੇਲ ਵਰਤੋ ਜੋ ਸਿਹਤ ਲਈ ਬਿਹਤਰ ਹੈ। ਕੁਝ ਸੁੱਕੀਆਂ ਸਬਜ਼ੀਆਂ ਵਿਚ ਸਰ੍ਹੋਂ ਦੇ ਤੇਲ ਦੀ ਵਰਤੋਂ ਵੀ ਕਰ ਸਕਦੇ ਹੋ।

### ਹਲਦੀ ਦੀ ਵਰਤੋਂ

ਹਲਦੀ ਐਂਟੀਸੈਪਟਿਕ ਹੁੰਦੀ ਹੈ। ਇਸ ਦੀ ਵਰਤੋਂ ਜ਼ਰੂਰ ਜ਼ਿਆਦਾ ਸਬਜ਼ੀਆਂ ਵਿਚ ਕਰੋ। ਪਿਆਜ਼ ਭੂਰੇ ਹੋਣ 'ਤੇ ਹਲਦੀ ਪਾਈ ਜਾਵੇ ਤਾਂ ਸਬਜ਼ੀ ਦਾ ਰੰਗ ਅਤੇ ਸਵਾਦ ਚੰਗਾ ਹੋਵੇਗਾ। ਪੀਸੇ ਗਰਮ ਮਸਾਲੇ ਸਬਜ਼ੀ ਤਿਆਰ ਹੋਣ ਤੋਂ ਬਾਅਦ ਵਰਤੋਂ ਵਿਚ ਲਿਆਓ। ਸਵਾਦ ਵੱਖਰਾ ਮਹਿਸੂਸ ਹੋਵੇਗਾ।

### ਕੜ੍ਹੀ ਪੱਤੇ ਦੀ ਵਰਤੋਂ

ਤੇਲ ਵਿਚ ਕੜ੍ਹੀ ਪੱਤੇ ਨੂੰ ਚੰਗੀ ਤਰ੍ਹਾਂ ਗਰਮ ਹੋਣ ਦਿਓ, ਫਿਰ ਹੋਰ ਮਸਾਲੇ ਮਿਲਾਓ ਜਾਂ ਪਿਆਜ਼ ਮਿਲਾਓ। ਕੜ੍ਹੀ ਪੱਤੇ ਦੀ ਭਿੰਨੀ ਮਹਿਕ ਸਬਜ਼ੀ ਨੂੰ ਹੋਰ ਲਜ਼ੀਜ਼ ਬਣਾ ਦਾਵੇਗੀ।

ਸਾਗ ਨੂੰ ਤੜਕਾ ਲਾਉਂਦੇ ਸਮੇਂ ਹਿੰਗ ਅਤੇ ਲਾਲ ਸੁੱਕੀ ਮਿਰਚ ਹੱਥ ਨਾਲ ਤੋੜ ਕੇ ਪਾਓ, ਪਿਆਜ਼, ਟਮਾਟਰ, ਅਦਰਕ ਦੇ ਨਾਲ। ਇਸ ਦਾ ਵੱਖਰਾ ਹੀ ਸਵਾਦ ਹੋਵੇਗਾ।

## ਪਾਰਟੀਆਂ ਵਿਚ ਸਲੀਕੇ ਨਾਲ ਖਾਓ

**ਲਿਖਤ : ਸੁਦਰਸ਼ਨ ਚੌਧਰੀ**



ਅੱਜਕਲ੍ਹ ਪਾਰਟੀਆਂ ਦਾ ਰੁਝਾਨ ਦਿਨ-ਪ੍ਰਤੀ-ਦਿਨ ਵਧਦਾ ਹੀ ਜਾ ਰਿਹਾ ਹੈ। ਕਦੀ ਵਿਆਹ, ਕਦੀ ਮੰਗਣੀ, ਕਦੀ ਜਨਮ ਦਿਨ ਅਤੇ ਕਦੀ ਵਿਆਹ ਦੀ ਵਰ੍ਹੇਗੰਢ ਆਦਿ। ਮਨੁੱਖ ਇਕ ਸਮਾਜਿਕ ਪ੍ਰਾਣੀ ਹੁੰਦੇ ਹੋਏ ਇਸ ਸਭ ਤੋਂ ਭਲਾ ਕਿਵੇਂ ਦੂਰ ਰਹਿ ਸਕਦਾ ਹੈ। ਪਾਰਟੀ ਸਮਾਰੋਹਾਂ 'ਤੇ ਬਹੁਤ ਸਾਰੇ ਲੋਕਾਂ ਦਾ ਮਿਲਣਾ ਜੁਲਣਾ ਹੁੰਦਾ ਹੈ। ਉਨ੍ਹਾਂ ਲੋਕਾਂ ਵਿਚਾਲੇ ਕਿਵੇਂ ਖਾਧਾ-ਪੀਤਾ ਜਾਵੇ ਅਤੇ ਕਿਸ ਤਰ੍ਹਾਂ ਉੱਠਿਆ-ਬੈਠਿਆ ਜਾਵੇ, ਇਨ੍ਹਾਂ ਸਭ ਗੱਲਾਂ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ।

ਕਿਤੇ ਤੁਸੀਂ ਦੂਜਿਆਂ ਵਿਚਾਲੇ ਹਾਸੇ ਦੇ ਪਾਤਰ ਨਾ ਬਣ ਜਾਓ, ਇਸ ਲਈ ਸਮਾਰੋਹਾਂ ਅਤੇ ਪਾਰਟੀਆਂ ਵਿਚ ਸ਼ਿਸ਼ਟਾਚਾਰ ਦਾ ਧਿਆਨ ਰੱਖਦੇ ਹੋਏ ਖਾਧਾ-ਪੀਤਾ ਜਾਵੇ ਤਾਂ ਦੂਜੇ ਵੀ ਪਾਰਟੀ ਦਾ ਮਜ਼ਾ ਲੈ ਸਕਦੇ ਹਨ ਅਤੇ ਤੁਹਾਡਾ ਵੀ ਮਜ਼ਾ ਖਰਾਬ ਨਹੀਂ ਹੋਵੇਗਾ।

ਖਾਣੇ ਦੀ ਮੇਜ਼ 'ਤੇ ਭੀੜ ਨਾ ਵਧਾਓ। ਜੇਕਰ ਪਹਿਲਾਂ ਤੋਂ ਭੀੜ ਹੋਵੇ ਤਾਂ ਕੁਝ ਸਮੇਂ ਲਈ ਇੰਤਜ਼ਾਰ ਕਰ ਲਓ।

ਪਲੇਟ ਵਿਚ ਜ਼ਰੂਰਤ ਤੋਂ ਘੱਟ ਭੋਜਨ ਰੱਖੋ। ਭੁੱਖ ਬਾਕੀ ਰਹਿਣ 'ਤੇ ਤੁਸੀਂ ਹੋਰ ਭੋਜਨ ਲੈ ਸਕਦੇ ਹੋ।

ਨਵੇਂ ਸਵਾਦ ਦੇ ਭੋਜਨ ਨੂੰ ਬਿਲਕੁਲ ਥੋੜ੍ਹਾ ਜਿਹਾ ਵੱਖਰੇ ਚਮਚ ਵਿਚ ਲੈ ਕੇ ਖਾਓ। ਜੇਕਰ ਸਵਾਦ ਚੰਗਾ ਲੱਗੇ ਤਾਂ ਜ਼ਰੂਰਤ ਦੇ ਅਨੁਸਾਰ ਖਾਓ।

ਤਰਲ ਭੋਜਨ ਪਾਉਂਦੇ ਸਮੇਂ ਪਲੇਟ ਨੂੰ ਬਾਊਲ ਦੇ ਕੋਲ ਲੈ ਜਾਓ, ਜਿਸ ਨਾਲ ਭੋਜਨ ਮੇਜ਼ 'ਤੇ ਖਿਲਰੇਗਾ ਨਹੀਂ।

ਖਾਂਦੇ ਸਮੇਂ ਆਪਣੇ ਪੇਟ ਦੀ ਭੁੱਖ ਦਾ ਧਿਆਨ ਰੱਖਣਾ ਅਤਿ ਜ਼ਰੂਰੀ ਹੈ। ਕਿਤੇ ਲਾਲਚ ਜਾਂ ਸਵਾਦ-ਸਵਾਦ ਵਿਚ ਜ਼ਿਆਦਾ ਖਾਣ ਨਾਲ ਪੇਟ ਖਰਾਬ ਨਾ ਹੋ ਜਾਵੇ।

ਖਾਣਾ ਮੂੰਹ ਵਿਚ ਭਰਿਆ ਹੋਵੇ ਤਾਂ ਕਿਸੇ ਹੋਰ ਨਾਲ ਗੱਲ ਨਾ ਕਰੋ। ਨਿਵਾਲਾ ਅੰਦਰ ਜਾਣ ਤੋਂ ਬਾਅਦ ਹੀ ਬੋਲੋ। ਭੋਜਨ ਖਾਂਦੇ ਹੋਏ ਬੋਲਣ ਨਾਲ ਭੋਜਨ ਮੂੰਹ ਤੋਂ ਬਾਹਰ ਨਿਕਲ ਸਕਦਾ ਹੈ, ਜਿਸ ਨਾਲ ਲੋਕਾਂ ਨੂੰ ਤੁਹਾਡੇ ਖਾਣੇ ਦੇ ਢੰਗ 'ਤੇ ਗੱਲਾਂ ਕਰਨ ਦਾ ਮੌਕਾ ਮਿਲ ਸਕਦਾ ਹੈ।

ਪਾਰਟੀਆਂ ਵਿਚ ਭੋਜਨ ਚਮਚ ਨਾਲ ਖਾਓ, ਹੱਥਾਂ ਨਾਲ ਖਾਣਾ ਸ਼ੋਭਾ ਨਹੀਂ ਦਿੰਦਾ।

ਖਾਣਾ ਖਾਂਦੇ ਸਮੇਂ ਰਫ਼ਤਾਰ ਦਾ ਵੀ ਧਿਆਨ ਰੱਖੋ। ਨਾ ਤਾਂ ਭੋਜਨ ਏਨਾ ਤੇਜ਼ ਖਾਓ ਕਿ ਬਿਨਾਂ ਚਬਾਏ ਅਤੇ ਸਵਾਦ ਲਏ ਖਾਧਾ ਜਾਵੇ, ਨਾ ਭੋਜਨ ਏਨਾ ਹੌਲੀ ਖਾਓ ਕਿ ਲੱਗੇ ਕਦੋਂ ਤੋਂ ਭੋਜਨ ਦੁਆਲੇ ਹੀ ਲੱਗੇ ਹੋਏ ਹੋ।

ਭੋਜਨ ਖਾਣ ਤੋਂ ਬਾਅਦ ਪੇਟ ਵਿਚ ਥੋੜ੍ਹਾ ਜਿਹਾ ਮਿੱਠਾ ਖਾਣ ਦਾ ਵੀ ਥਾਂ ਰੱਖੋ। ਮਿੱਠੇ ਵਿਚ ਠੰਢਾ-ਗਰਮ ਇਕੱਠੇ ਨਾ ਖਾਓ। ਇਹ ਤੁਹਾਡੀ ਹਾਜ਼ਮਾ ਕਿਰਿਆ ਲਈ ਠੀਕ ਨਹੀਂ ਹੈ।

ਪਲੇਟ ਵਿਚ ਸਾਰੀਆਂ ਚੀਜ਼ਾਂ ਇਕੋ ਸਮੇਂ 'ਤੇ ਨਾ ਪਾਓ। ਇਹ ਜ਼ਰੂਰੀ ਨਹੀਂ ਕਿ ਸਾਰੀਆਂ ਚੀਜ਼ਾਂ ਦਾ ਸਵਾਦ ਲਓ। ਜੇਕਰ ਗ਼ੈਰ-ਜ਼ਰੂਰੀ ਚੀਜ਼ਾਂ ਪਲੇਟ ਵਿਚ ਪਾ ਲਓਗੇ ਤਾਂ ਪਲੇਟ ਚੰਗੀ ਨਹੀਂ ਲੱਗੇਗੀ ਅਤੇ ਸਹੀ ਸਵਾਦ ਦਾ ਵੀ ਪਤਾ ਨਹੀਂ ਲੱਗੇਗਾ।

ਸਨੈਕਸ ਲੈਂਦੇ ਸਮੇਂ ਅਤੇ ਭੋਜਨ ਦੇ ਨਾਲ ਵੀ ਨੈਪਕਿਨ ਜ਼ਰੂਰ ਨਾਲ ਰੱਖੋ। ਜ਼ਰੂਰਤ ਪੈਣ 'ਤੇ ਕੱਪੜਿਆਂ 'ਤੇ ਡਿੱਗੇ ਭੋਜਨ ਅਤੇ ਮੂੰਹ ਹੱਥ ਸਾਫ਼ ਕਰ ਸਕਦੇ ਹੋ, ਕਿਉਂਕਿ ਪਾਰਟੀਆਂ ਵਿਚ ਕੁਰਲਾ ਕਰਨ ਅਤੇ ਹੱਥ ਧੋਣ ਦੀ ਜ਼ਰੂਰਤ ਨਹੀਂ ਹੁੰਦੀ।

ਠੰਢਾ ਪੀਣ ਵਾਲਾ ਪਾਣੀ ਘੱਟ ਤੋਂ ਘੱਟ ਪੀਓ, ਕਿਉਂਕਿ ਗਿਲਾਸਾਂ ਨੂੰ ਚੰਗੀ ਤਰ੍ਹਾਂ ਨਾਲ ਸਾਫ਼ ਨਹੀਂ ਕੀਤਾ ਜਾਂਦਾ। ਡਿਸਪੋਜ਼ੇਬਲ ਗਿਲਾਸ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰੋ।

ਸਨੈਕਸ, ਭੋਜਨ ਅਤੇ ਮਿੱਠਾ ਖਾਣ ਤੋਂ ਬਾਅਦ ਜਿਥੇ ਜੂਠੇ ਭਾਂਡੇ ਰੱਖਣ ਦੀ ਥਾਂ ਹੋਵੇ, ਜੂਠੇ ਭਾਂਡੇ ਉਥੇ ਰੱਖੋ। ਇਧਰ-ਉਧਰ ਨਾ ਸੁੱਟੋ।

ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਪਾਰਟੀ ਸਮਾਰੋਹਾਂ ਨੂੰ ਯਾਦਗਾਰ ਬਣਾਇਆ ਜਾ ਸਕਦਾ ਹੈ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐੱਪ ਜਾਂ ਈ-ਮੇਲ ਕਰੋ :
**604-584-5577**
: infopunjabitribune@gmail.com



## CHANGE OF NAME

I, Gurjinder Singh S/O Balwinder Singh Presently Resident of 14259 -85B Avenue, Surrey, BC, V3W 0N9, Passport No: R2637090, & Indian adress resident of V.P.O Banbhora, Tehsil Malerkotla, Sangrur Punjab, India, do hereby change my name from Gurjinder Singh to Gurjinder Singh Sidhu with immediate effect.

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

............................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

............................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02


# BHULLAR

**EXCAVATING AND DEMOLITION**



- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

**LAND CLEANING**
**WATER & SEWER LINES**
**FULLY INSURED AND LICENSED**

**We do townhouses**
Quality work Reasonable rate
**Fast & friendly Service**

**We Fix All Leaky Basement & Drainage Problems**



**Vicky Bhullar**
**778-681-8200**



**Pavi Bhullar**
**647-667-9242**



**Bill Bhulllar**
**778-891-4556**



**Jassi Bhullar**
**604-441-7118**



**Balraj Bhullar**

# ਕੀ ਵਿਦੇਸ਼ੀ ਵਿਦਿਆਰਥੀ ਅਮਰੀਕਾ ਪੜ੍ਹਨ ਦਾ ਸੁਪਨਾ ਟਰੰਪ ਦੇ ਦੌਰ ਵਿੱਚ ਦੇਖਿਆ ਜਾ ਸਕਦਾ ਹੈ?

ਮੁੰਬਈ ਵਿੱਚ ਰਹਿਣ ਵਾਲੀ 21 ਸਾਲ ਦੀ ਝੀਲ ਪਾਂਡਿਆ ਅਮਰੀਕਾ ਦੀ ਯੂਨੀਵਰਸਿਟੀ ਆਫ ਰੋਚੇਸਟਰ ਤੋਂ ਮਾਸਟਰਜ਼ ਡਿਗਰੀ ਕਰਨਾ ਚਾਹੁੰਦੀ ਹੈ। ਅਮਰੀਕਾ ਵਿੱਚ ਪੜ੍ਹਨ ਦੇ ਮੌਕੇ ਅਤੇ ਖਾਸ ਤੌਰ 'ਤੇ ਆਪਣੇ ਕੋਰਸ ਨੂੰ ਲੈ ਕੇ ਉਤਸ਼ਾਹਿਤ ਹੈ। ਫਿਲਹਾਲ ਉਹ ਅਮਰੀਕਾ ਜਾਣ ਦੇ ਲਈ ਵੀਜ਼ਾ ਦਾ ਇੰਤਜ਼ਾਰ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ, "ਮੈਂ ਆਪਣੇ ਪਰਿਵਾਰ ਦੇ ਨਾਲ ਬੈਠੀ ਸੀ। ਅਸੀਂ ਲੋਕ ਚਾਹ ਪੀ ਰਹੇ ਸੀ ਅਤੇ ਟੀਵੀ 'ਤੇ ਨਿਊਜ਼ ਦੇਖ ਰਹੇ ਸੀ। ਉਦੋਂ ਮੇਰੇ ਪਿਤਾ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਸੱਚੀ ਅਮਰੀਕਾ ਜਾਣਾ ਚਾਹੁੰਦੀ ਹਾਂ? ਉਨ੍ਹਾਂ ਨੇ ਕਿਹਾ ਕਿ ਉੱਥੇ ਆਏ ਦਿਨ ਕਾਲਜਾਂ ਅਤੇ ਵਿਦਿਆਰਥੀਆਂ ਆ ਰਹੀਆਂ ਪਰੇਸ਼ਾਨੀਆਂ ਦੇ ਬਾਰੇ ਵਿੱਚ ਖ਼ਬਰਾਂ ਆ ਰਹੀਆਂ ਹਨ।"

"ਉਨ੍ਹਾਂ ਤੋਂ ਉਹ ਚਿੰਤਤ ਹਨ। ਫਿਰ ਉਨ੍ਹਾਂ ਨੇ ਕਈ ਸਵਾਲ ਪੁੱਛੇ। ਜਿਵੇਂ, ਕੀ ਉੱਥੇ ਆਪਣਾ ਕੋਰਸ ਖਤਮ ਕਰਨ ਤੋਂ ਬਾਅਦ ਮੈਂ ਕੰਮ ਕਰ ਸਕਾਂਗੀ? ਮੈਂ ਉਨ੍ਹਾਂ ਨੂੰ ਭਰੋਸਾ ਦਿਵਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਉਹ ਮੰਨ ਵੀ ਗਏ ਪਰ ਅੰਤ ਤੱਕ ਚਿੰਤਤ ਹੀ ਰਹੇ।" ਦਰਅਸਲ, ਅਮਰੀਕਾ 'ਚ ਪੜ੍ਹਨ ਨਾਲ ਜੁੜੀ ਚਿੰਤਾ ਜਿਵੇਂ ਝੀਲ ਦੇ ਘਰ ਵਿੱਚ ਦਿਖੀ, ਉਵੇਂ ਦੀ ਚਿੰਤਾ ਫਿਲਹਾਲ ਭਾਰਤ ਦੇ ਕਈ ਘਰਾਂ ਵਿੱਚ ਦਿਖ ਰਹੀ ਹੈ। ਇਸ ਮੁੱਦੇ 'ਤੇ ਪਿਛਲੇ ਦਿਨਾਂ 'ਚ ਭਾਰਤ ਵਿੱਚ ਝੀਲ ਵਰਗੇ ਵਿਦਿਆਰਥੀਆਂ, ਅਮਰੀਕਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਅਤੇ ਮਾਹਿਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦੇ ਮਨ ਦੀ ਚਿੰਤਾ ਅਤੇ ਅਨਿਸ਼ਚਿਤਤਾ ਨੂੰ ਮਹਿਸੂਸ ਕੀਤਾ।

### ਚਿੰਤਾ ਦੇ ਕਾਰਨ ਕੀ ਹਨ?

ਭਾਰਤ ਸਰਕਾਰ ਦੇ ਡਾਟਾ ਮੁਤਾਬਕ ਉੱਚ ਸਿੱਖਿਆ ਦੇ ਲਈ ਵਿਦੇਸ਼ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੇ ਲਈ ਅਮਰੀਕਾ 'ਸਭ ਤੋਂ ਚਹੇਤੇ ਦੇਸ਼ਾਂ ਵਿੱਚੋਂ ਇੱਕ ਹੈ।' ਸਾਲ 2024 ਵਿੱਚ ਸੱਤ ਲੱਖ ਪੰਜਾਹ ਹਜ਼ਾਰ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਪੜ੍ਹਾਈ ਦੇ ਲਈ ਵਿਦੇਸ਼ ਗਏ। ਇਨ੍ਹਾਂ ਵਿਚੋਂ ਦੋ ਲੱਖ ਤੋਂ ਵੱਧ ਵਿਦਿਆਰਥੀ ਅਮਰੀਕਾ ਗਏ। ਯਾਨੀ ਲਗਭਗ 27 ਫ਼ੀਸਦ ਵਿਦਿਆਰਥੀਆਂ ਨੇ ਅਮਰੀਕਾ ਦੀ ਚੋਣ ਕੀਤੀ। ਹਾਲਾਂਕਿ, ਸਾਲ 2023 ਵਿੱਚ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਉਸ ਵਿੱਚ ਵੀ ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਾਲ 2024 ਤੋਂ ਵੱਧ ਸੀ। ਇਸ ਵਿੱਚ ਇੱਕ ਖ਼ਬਰ ਮੁਤਾਬਕ, ਅਮਰੀਕਾ ਵਿੱਚ ਪੜ੍ਹਨ ਦੇ ਲਈ ਵੀਜ਼ਾ ਦੇਣ ਵਿੱਚ ਕਮੀ ਆਈ ਹੈ। ਹੁਣ ਗੱਲ ਕਾਰਨਾਂ ਦੀ ਕਰਦੇ ਹਾਂ। ਪਿਛਲੇ ਸਾਲ ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਵਿੱਚ ਇਜ਼ਰਾਇਲ-ਗਾਜ਼ਾ ਜੰਗ ਦੇ ਖ਼ਿਲਾਫ਼ ਅਮਰੀਕਾ ਦੇ ਕਈ ਕਾਲਜਾਂ ਵਿੱਚ ਵਿਦਿਆਰਥੀਆਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਸਨ। ਪੁਲਿਸ ਨੇ ਉਨ੍ਹਾਂ ਵਿੱਚੋਂ ਕਈ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ। ਉਸ ਸਮੇਂ ਅਮਰੀਕਾ ਵਿੱਚ ਵਿਦਿਆਰਥੀਆਂ ਦੇ ਲਈ ਪੜ੍ਹਾਈ ਦੇ ਮਾਹੌਲ ਬਾਰੇ ਸਵਾਲ ਉੱਠੇ ਸਨ। ਇਸ ਸਾਲ, ਜਦੋਂ ਤੋਂ ਰਾਸ਼ਟਰਪਤੀ ਡੌਨਲਡ ਟਰੰਪ ਸੱਤਾ 'ਤੇ ਕਾਬਜ਼ ਹੋਏ ਹਨ, ਉਦੋਂ ਤੋਂ ਨੀਤੀਆਂ ਦੀ ਸਮੀਖਿਆ, ਯੂਨੀਵਰਸਿਟੀਆਂ ਦੇ ਲਈ ਫੰਡਿੰਗ ਪ੍ਰਣਾਲੀ ਵਿੱਚ ਫੇਰਬਦਲ ਅਤੇ ਕੁਝ ਵਿਦਿਆਰਥੀਆਂ ਦੀ ਗ੍ਰਿਫ਼ਤਾਰੀਆਂ ਵਰਗੇ ਮੁੱਦੇ ਸੁਰਖ਼ੀਆਂ ਵਿੱਚ ਛਾਏ ਹੋਏ ਹਨ।

### ਅਮਰੀਕਾ ਦੇ ਕੈਂਪਸਾਂ 'ਚ ਅਨਿਸ਼ਚਿਤਤਾ ਵਧੀ

ਯੂਨੀਵਰਸਿਟੀ ਆਫ ਪੈਂਸਿਲਵੇਨੀਆ 'ਚ ਪੀਐੱਚਡੀ ਕਰ ਰਹੇ ਤੇਜਸ ਹਰੜ ਸਾਲ 2023 ਵਿੱਚ ਭਾਰਤ ਤੋਂ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਕੁਝ ਹਫ਼ਤਿਆਂ ਤੋਂ ਕੈਂਪਸ ਵਿੱਚ ਅਨਿਸ਼ਚਤਤਾ ਵਧੀ ਹੈ।

ਉਹ ਦੱਸਦੇ ਹਨ,"ਸਾਨੂੰ ਰੋਜ਼ ਇੱਕ ਨਵੇਂ ਆਰਡਰ ਦੀ ਜਾਣਕਾਰੀ ਮਿਲ ਰਹੀ ਹੈ। ਵਿਦਿਆਰਥੀ ਇਹ ਸਮਝ ਨਹੀਂ ਪਾ ਰਹੇ ਹਨ ਕਿ ਕੱਲ੍ਹ ਕੀ ਹੋਣ ਵਾਲਾ ਹੈ? ਅਗਲੇ ਸਾਲ ਕੀ ਹੋਵੇਗਾ? ਉੱਥੇ ਹੀ ਫੰਡ ਵਿੱਚ ਕਟੌਤੀ ਹੋ ਰਹੀ ਹੈ ਤੇ ਕਈ ਯੂਨੀਵਰਸਿਟੀਆਂ ਆਪਣੇ ਬਜਟ ਨੂੰ ਘੱਟ ਕਰਨ ਦੇ ਤਰੀਕੇ ਲੱਭ ਰਹੀਆਂ ਹਨ। ਲੋਕ ਸੋਚ ਰਹੇ ਹਨ ਕਿ ਉਹ ਆਪਣਾ ਖਰਚਾ ਕਿਸ ਤਰੀਕੇ ਨਾਲ ਪਲਾਨ ਕਰਨ? ਹਰ ਦਿਨ ਇਨ੍ਹਾਂ ਮੁੱਦਿਆਂ ਉਪਰ ਚਰਚਾ ਹੋ ਰਹੀ ਹੈ। ਈਮੇਲ ਆ ਰਹੀਆਂ ਹਨ। ਹਾਲਾਂਕਿ, ਸਾਡੀ ਯੂਨੀਵਰਸਿਟੀ ਨੇ ਭਰੋਸਾ ਦਿੱਤਾ ਹੈ ਕਿ ਸਾਡੀ ਫੰਡਿੰਗ 'ਤੇ ਫਿਲਹਾਲ ਕੋਈ ਅਸਰ ਨਹੀਂ ਹੋਵੇਗਾ।"

ਪਿਛਲੇ ਦੋ ਮਹੀਨਿਆਂ ਵਿੱਚ ਵੱਖ-ਵੱਖ ਕਾਰਨਾਂ ਦਾ ਬਿਓਰਾ ਦੇ ਕੇ ਪ੍ਰਸ਼ਾਸਨ ਨੇ ਕਈ ਕਦਮ ਚੁੱਕੇ ਹਨ, ਜਿਸ ਨੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

ਜਿਵੇਂ, ਫਰਵਰੀ ਵਿੱਚ ਪ੍ਰਸ਼ਾਸਨ ਨੇ ਐਲਾਨ ਕੀਤਾ ਕਿ ਬਾਇਓਮੈਡੀਕਲ ਰਿਸਰਚ ਦੇ ਲਈ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨੂੰ ਮਿਲਣ ਵਾਲੀ ਰਾਸ਼ੀ ਵਿੱਚ ਕਟੌਤੀ ਕੀਤੀ ਜਾਵੇਗੀ।

ਇਹ ਦੱਸਿਆ ਗਿਆ ਹੈ ਇਸ ਫੈਸਲੇ ਨਾਲ ਚਾਰ ਅਰਬ ਡਾਲਰ (34,400 ਕਰੋੜ ਰੁਪਏ) ਦੀ ਬਚਤ ਹੋਵੇਗੀ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਅਮਰੀਕੀ ਸਰਕਾਰ ਨੇ ਕੋਲੰਬੀਆ ਯੂਨੀਵਰਸਿਟੀ ਨੂੰ ਮਿਲਣ ਵਾਲੀ 400 ਮਿਲੀਅਨ ਡਾਲਰ (ਕਰੀਬ 3400 ਕਰੋੜ ਰੁਪਏ) ਦੀ ਫੰਡਿੰਗ ਇਹ ਕਹਿ ਕੇ ਰੋਕ ਦਿੱਤੀ ਕਿ ਉਥੇ ਯਹੂਦੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਇਸ ਸਾਲ 19 ਮਾਰਚ ਨੂੰ ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀ ਆਫ ਪੈਂਸਿਲਵੇਨੀਆ ਦੀਆਂ ਨੀਤੀਆਂ ਦਾ ਹਵਾਲਾ ਦੇ ਕੇ ਸਰਕਾਰ ਤੋਂ ਮਿਲਣ ਵਾਲੀ 175 ਮਿਲੀਅਨ ਡਾਲਰ (ਕਰੀਬ 1500 ਕਰੋੜ ਰੁਪਏ) ਦੀ ਫੰਡਿੰਗ 'ਤੇ ਰੋਕ ਲਗਾ ਦਿੱਤੀ। ਇਸ ਤਰ੍ਹਾਂ ਦੇ ਫ਼ੈਸਲਿਆਂ ਨਾਲ ਕਈ ਸੰਸਥਾਵਾਂ ਨੇ, ਜਿਵੇਂ ਯੂਨੀਵਰਸਿਟੀ ਆਫ ਪੈਂਸਿਲਵੇਨੀਆ, ਸਟੈਂਡਫੋਰਡ, ਨਾਰਥਵੈਸਟਰਨ ਨੇ ਨਵੀਆਂ ਨਿਯੁਕਤੀਆਂ ਅਤੇ ਬਾਕੀ ਗੈਰ-ਜ਼ਰੂਰੀ ਖਰਚਿਆਂ 'ਤੇ ਰੋਕ ਲਗਾ ਦਿੱਤੀ ਹੈ।

### ਵਿਦਿਆਰਥੀਆਂ 'ਤੇ ਕਾਰਵਾਈ

ਕੁਝ ਵਿਦਿਆਰਥੀਆਂ 'ਤੇ ਗੰਭੀਰ ਇਲਜ਼ਾਮ ਲਗਾ ਕੇ ਪ੍ਰਸ਼ਾਸਨ ਨੇ ਗ੍ਰਿਫ਼ਤਾਰੀਆਂ ਵੀ ਕੀਤੀਆਂ ਹਨ। ਉਨ੍ਹਾਂ ਦਾ ਵੀਜ਼ਾ ਰੱਦ ਕਰਨ ਦਾ ਫ਼ੈਸਲਾ ਵੀ ਲਿਆ ਹੈ।

ਇਸ ਮਹੀਨੇ ਕੋਲੰਬੀਆ ਯੂਨੀਵਰਸਿਟੀ ਦੀ ਪੀਐੱਚਡੀ ਵਿਦਿਆਰਥਣ ਰੰਜਨੀ ਸ਼੍ਰੀਨਿਵਾਸਨ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਹੀ ਦੇਸ਼ ਛੱਡ ਦਿੱਤਾ ਸੀ। ਉਨ੍ਹਾਂ 'ਤੇ ਹਿੰਸਾ ਅਤੇ ਕੱਟੜਵਾਦ ਦਾ ਸਮਰਥਨ ਕਰਨ ਦਾ ਇਲਜ਼ਾਮ ਸੀ। ਹਾਲਾਂਕਿ ਉਹ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਦੇ ਹਨ।

ਜੋਰਜਟਾਊਨ ਯੂਨੀਵਰਸਿਟੀ ਦੇ ਖੋਜਕਰਤਾ ਅਤੇ ਭਾਰਤੀ ਨਾਗਰਿਕ ਬਦਰ ਖਾਨ ਸੂਰੀ ਨੂੰ ਹਮਾਸ ਦੇ ਪ੍ਰਚਾਰ ਅਤੇ ਉਸ ਦੇ ਕੱਟੜਪੰਥੀ ਗੁੱਟ ਦੇ ਨੇਤਾ ਨਾਲ ਨਜ਼ਦੀਕੀ ਰਿਸ਼ਤਿਆਂ ਦੇ ਇਲਜ਼ਾਮ ਵਿੱਚ ਕੁਝ ਹੀ ਦਿਨ ਪਹਿਲਾਂ ਹਿਰਾਸਤ ਵਿੱਚ ਲਿਆ ਗਿਆ ਸੀ। ਸੂਰੀ ਦੇ ਵਕੀਲਾਂ ਨੇ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਿਆ ਹੈ। ਅਜਿਹਾ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਨ੍ਹਾਂ ਸੰਸਥਾਵਾਂ ਤੋਂ ਵਸੂਲ ਕੀਤੇ ਜਾਣ ਵਾਲੇ ਟੈਕਸ ਦੀ ਦਰ ਵੀ ਵਧਾਈ ਜਾ ਸਕਦੀ ਹੈ।

### ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੇਗੀ

ਇਨ੍ਹਾਂ ਕਾਰਨਾਂ ਦਾ ਬਿਊਰਾ ਦੇ ਕੇ ਲਗਭਗ ਸਾਰੇ ਜਾਣਕਾਰਾਂ ਨੇ ਦੱਸਿਆ ਕਿ ਅਮਰੀਕਾ ਵਿੱਚ ਇਸ ਸਾਲ ਐਡਮਿਸ਼ਨ ਦੇ ਅੰਕੜੇ ਪਿਛਲੇ ਸਾਲਾਂ ਦੀ ਤੁਲਨਾ ਵਿੱਚ ਘੱਟ ਹੋਣਗੇ।

ਸੁਸ਼ੀਲ ਸੁਖਵਾਨੀ ਐਡਵਾਈਸ ਇੰਟਰਨੈਸ਼ਨਲ ਸੰਸਥਾ ਦੇ ਮਾਲਕ ਹਨ। ਉਨ੍ਹਾਂ ਨੇ ਸਾਨੂੰ ਦੱਸਿਆ, "ਅਸੀਂ ਸਮਝਦੇ ਹਾਂ ਕਿ ਅਮਰੀਕੀ ਯੂਨੀਵਰਸਿਟੀਆਂ ਵਿੱਚ ਕੁਲ ਅਰਜ਼ੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਉਨ੍ਹਾਂ ਦੇ ਪ੍ਰਤੀਨਿਧੀ ਇਸ ਗਿਣਤੀ ਦੇ ਬਾਰੇ ਚਿੰਤਤ ਹਨ।"

"ਮੈਨੂੰ ਲੱਗਦਾ ਹੈ ਕਿ ਅਨਿਸ਼ਚਿਤਤਾ ਟਰੰਪ ਨੂੰ ਪਸੰਦ ਹੈ ਪਰ ਇਹ ਹਾਨੀਕਾਰਕ ਵੀ ਹੈ। ਜੇ ਉਹ ਫ਼ੈਸਲਾ ਲੈਂਦੇ ਸਮੇਂ ਜ਼ਿਆਦਾ ਸਪੱਸ਼ਟ ਹੋਣਗੇ, ਆਪਣੀ ਗੱਲ ਨੂੰ ਸੋਚ-ਸਮਝ ਕੇ ਰੱਖਣਗੇ ਤਾਂ ਮਦਦ ਮਿਲੇਗੀ, ਨਹੀਂ ਤਾਂ ਵਿਦਿਆਰਥੀ ਅਮਰੀਕਾ ਵਿੱਚ ਭਰੋਸਾ ਗੁਆ ਦੇਣਗੇ ਅਤੇ ਕਿਤੇ ਹੋਰ ਦੇਖਣਾ ਸ਼ੁਰੂ ਕਰ ਦੇਣਗੇ।"

71 ਅਮਰੀਕੀ ਰਿਸਰਚ ਯੂਨੀਵਰਸਿਟੀਆਂ ਦੇ ਗਰੁੱਪ, ਐਸੋਸੀਏਸ਼ਨ ਆਫ ਅਮੇਰਿਕਨ ਯੂਨੀਵਰਸਿਟੀਜ਼ ਨਾਲ ਵੀ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਜਵਾਬ ਨਹੀਂ ਮਿਲ ਸਕਿਆ।

### ਵਿਦਿਆਰਥੀਆਂ ਉਪਰ ਅਸਰ

ਕਈ ਵਿਦਿਆਰਥੀਆਂ ਨੇ ਆਪਣਾ ਨਾਮ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਨਾਲ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਪਰਿਵਾਰਾਂ ਦੇ ਮਨਾਂ ਵਿੱਚ ਅਮਰੀਕਾ ਵਿੱਚ ਪੜ੍ਹਾਈ ਕਰਨ ਬਾਰੇ ਸਵਾਲ ਉਠ ਰਹੇ ਹਨ।

ਝੀਲ ਪਾਂਡਿਆ ਨੇ ਜੇ ਆਪਣੇ ਪਿਤਾ ਨੂੰ ਅਮਰੀਕਾ ਵਿੱਚ ਪੜ੍ਹਨ ਦੀ ਵਕਾਲਤ ਕੀਤੀ ਤਾਂ ਉਥੇ ਹੀ ਅਨੀਸ਼ (ਬਦਲਿਆ ਹੋਇਆ ਨਾਮ) ਨੂੰ ਉਸਦੇ ਰਿਸ਼ਤੇਦਾਰਾਂ ਨੇ ਸਮਝਾਇਆ ਕਿ ਉਸਨੂੰ ਅਮਰੀਕਾ ਵਿੱਚ ਪੜ੍ਹਾਈ ਕਰਨ ਦਾ ਸੁਪਨਾ ਨਹੀਂ ਛੱਡਣਾ ਚਾਹੀਦਾ।

ਅਨੀਸ਼ ਕਹਿੰਦੇ ਹਨ, "ਪੜ੍ਹਾਈ ਤੋਂ ਬਾਅਦ ਕੀ ਮੈਂ ਉਥੇ ਨੌਕਰੀ ਕਰ ਸਕਾਂਗਾ? ਕੀ ਉਥੇ ਦਾ ਮਾਰਕਿਟ ਅਜਿਹਾ ਹੋਵੇਗਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਨੌਕਰੀਆਂ ਮਿਲਣਗੀਆਂ? ਮੈਂ ਉਮੀਦ ਛੱਡ ਦਿੱਤੀ ਸੀ ਅਤੇ ਯੂਰਪ ਦੇ ਦੇਸ਼ਾਂ 'ਚ ਮੌਕੇ ਲੱਭ ਰਿਹਾ ਸੀ ਪਰ ਅਮਰੀਕਾ 'ਚ ਮੇਰੇ ਜੋ ਰਿਸ਼ਤੇਦਾਰ ਹਨ, ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਨੂੰ ਅਮਰੀਕਾ ਵਿੱਚ ਹੀ ਪੜ੍ਹਨਾ ਚਾਹੀਦਾ। ਹੁਣ ਮੈਂ ਫਿਰ ਅਮਰੀਕਾ ਜਾਣ ਦੀ ਤਿਆਰੀ ਵਿੱਚ ਲੱਗਿਆ ਹਾਂ।"

ਨਿਊਯਾਰਕ ਵਿੱਚ ਵਸੇ ਭਾਰਤੀ ਮੂਲ ਦੇ ਪੱਤਰਕਾਰ ਮੇਘਨਾਦ ਬੋਸ ਨੇ ਪਿਛਲੇ ਸਾਲ ਕੋਲੰਬੀਆ ਯੂਨੀਵਰਸਿਟੀ ਤੋਂ ਮਾਸਟਰਸ ਡਿਗਰੀ ਹਾਸਿਲ ਕੀਤੀ ਸੀ।

ਉਨ੍ਹਾਂ ਨੇ ਨੂੰ ਦੱਸਿਆ, "ਇਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਾਂ ਵਿੱਚ ਡਰ ਅਤੇ ਚਿੰਤਾ ਹੈ। ਆਪਣੇ ਸੋਸ਼ਲ ਮੀਡੀਆ ਉਪਰ ਉਹ ਕੀ ਲਿਖ ਰਹੇ ਹਨ, ਉਸ ਨੂੰ ਲੈ ਕੇ ਵਿਦਿਆਰਥੀ ਡਰੇ ਹੋਏ ਹਨ। ਕੌਮਾਂਤਰੀ ਵਿਦਿਆਰਥੀ ਜੋ ਇਥੇ ਸਕਾਲਰਸ਼ਿਪ ਜ਼ਰੀਏ ਇਥੇ ਆਉਂਦੇ ਹਨ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅੱਗੇ ਫੰਡਿੰਗ ਮਿਲੇਗੀ ਜਾਂ ਨਹੀਂ? ਕੀ ਪੜ੍ਹਾਈ ਖਤਮ ਕਰਕੇ ਨੌਕਰੀ ਕਰਨ ਦੇ ਨਿਯਮਾਂ ਵਿੱਚ ਕੋਈ ਬਦਲਾਅ ਹੋਵੇਗਾ? ਇਥੇ ਅਮਰੀਕਾ ਵਿੱਚ ਚੀਜ਼ਾਂ ਬਹੁਤ ਛੇਤੀ ਬਦਲ ਰਹੀਆਂ ਹਨ। ਟਰੰਪ ਪ੍ਰਸ਼ਾਸਨ ਪਾਰਦਸ਼ਤਾ ਨਾਲ ਕੰਮ ਨਹੀਂ ਕਰ ਰਿਹਾ। ਇਹ ਨਹੀਂ ਸੋਚ ਰਿਹਾ ਕਿ ਵਿਦਿਆਰਥੀ ਇੰਨੇ ਬਦਲਾਵਾਂ ਨਾਲ ਇੱਕੋ ਸਮੇਂ ਕਿਵੇਂ ਨਜਿੱਠਣਗੇ।" ਕੈਂਪਸ ਦੇ ਅੰਦਰ ਦੀ ਗੱਲਬਾਤ ਦਾ ਬਿਊਰਾ ਦਿੰਦੇ ਹੋਏ ਤੇਜਸ ਦੱਸਦੇ ਹਨ, "ਮੇਰੇ ਅੰਦਾਜ਼ੇ ਨਾਲ ਅਗਲੇ ਸਾਲ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੀਐੱਚਡੀ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਵੇਗੀ।"

ਆਮ ਤੌਰ 'ਤੇ ਪੀਐੱਚਡੀ ਵਿਦਿਆਰਥੀਆਂ ਨੂੰ ਕਾਲਜ ਦੁਆਰਾ ਪੂਰੀ ਮਿਆਦ ਲਈ ਵਜ਼ੀਫ਼ਾ ਅਤੇ ਕੁਝ ਹੋਰ ਖਰਚਿਆਂ ਲਈ ਹਰ ਮਹੀਨੇ ਇੱਕ ਰਕਮ ਦਿੱਤੀ ਜਾਂਦੀ ਹੈ। ਇਸ ਦੇ ਬਦਲੇ ਉਹ ਆਪਣੀ ਪੜ੍ਹਾਈ ਤੋਂ ਇਲਾਵਾ ਅਧਿਆਪਕਾਂ ਦੇ ਕੰਮ ਵਿਚ ਵੀ ਮਦਦ ਕਰਦੇ ਹਨ। ਸੁਯਸ਼ ਦੇਸਾਈ ਇੱਕ ਰਿਸਰਚ ਸਕਾਲਰ ਹਨ। ਉਹ ਚੀਨ ਦੀਆਂ ਫੌਜੀ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖਦੇ ਹਨ। ਪਿਛਲੇ ਸਾਲ ਉਨ੍ਹਾਂ ਨੇ ਪੀਐੱਚਡੀ ਕਰਨ ਦੇ ਇਰਾਦੇ ਨਾਲ ਅਮਰੀਕਾ ਦੀਆਂ ਬਾਰਾਂ ਯੂਨੀਵਰਸਿਟੀਆਂ ਦਾ ਦਰਵਾਜ਼ਾ ਖੜਕਾਇਆ। ਉਸ ਨੂੰ ਇੱਕ ਵੀ ਕਾਲਜ ਵਿੱਚ ਥਾਂ ਨਹੀਂ ਮਿਲ ਸਕੀ। ਇਸ ਤੋਂ ਉਹ ਨਿਰਾਸ਼ ਹਨ।

ਉਹ ਕਹਿੰਦੇ ਹਨ, "ਕਈ ਸਾਲਾਂ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਮੈਂ ਇਸ ਮੁਕਾਮ ਤੱਕ ਪਹੁੰਚਿਆ ਹਾਂ। ਆਮ ਤੌਰ 'ਤੇ ਪੀਐੱਚਡੀ ਨਾ ਮਿਲਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਹ ਸਾਲ ਕੋਈ ਆਮ ਸਾਲ ਨਹੀਂ ਹੈ। ਜਿੰਨਾ ਮੈਂ ਸਮਝ ਪਾਇਆ ਹਾਂ, ਹਾਲੇ ਅਮਰੀਕਾ ਵਿੱਚ ਬਹੁਤ ਸਾਰੇ ਉਤਰਾਅ-ਚੜ੍ਹਾਅ ਹੋ ਰਹੇ ਹਨ।" "ਉੱਥੋਂ ਦੀਆਂ ਯੂਨੀਵਰਸਿਟੀਆਂ ਆਪਣੇ ਆਪ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਆਪਣੇ ਮੌਜੂਦਾ ਵਿਦਿਆਰਥੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਹ ਨਵੇਂ ਪੀਐੱਚਡੀ ਵਿਦਿਆਰਥੀਆਂ ਦੀ ਗਿਣਤੀ ਘੱਟ ਤੋਂ ਘੱਟ ਰੱਖਣ ਚਾਹੁੰਦੇ ਹਨ।"

### ਅਮਰੀਕੀ ਦੂਤਾਵਾਸ ਦੇ ਬੁਲਾਰੇ ਨੇ ਕੀ ਕਿਹਾ

ਭਾਰਤ ਵਿੱਚ ਅਮਰੀਕੀ ਦੂਤਾਵਾਸ ਦੇ ਬੁਲਾਰੇ ਨੂੰ ਪੁੱਛਿਆ ਕਿ ਕੀ ਵਿਦਿਆਰਥੀਆਂ ਨੂੰ ਕੁਝ ਸਕਾਲਰਸ਼ਿਪ ਸਕੀਮਾਂ ਬਾਰੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ?

ਇਸ ਦੇ ਜਵਾਬ ਵਿੱਚ ਉਨ੍ਹਾਂ ਨੇ ਦੱਸਿਆ, "ਅਮਰੀਕੀ ਸਰਕਾਰ ਵਿਦੇਸ਼ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਰਣਨੀਤਕ ਸਮੀਖਿਆ ਕਰ ਰਹੀ ਹੈ ਤਾਂ ਜੋ ਉਨ੍ਹਾਂ ਦੇ ਸਾਰੇ ਕੰਮ 'ਅਮਰੀਕਾ ਫਸਟ' ਦੇ ਏਜੰਡੇ ਨਾਲ ਜੁੜੇ ਹੋਣ। ਇਸ ਵਿੱਚ ਵਿਦਿਅਕ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮ ਵੀ ਸ਼ਾਮਲ ਹਨ।" ਇਸ ਲਈ ਜਿਹੜੇ ਵਿਦਿਆਰਥੀ ਸਕਾਲਰਸ਼ਿਪ ਦੀ ਮਿਆਦ ਦੇ ਅੱਧ ਵਿਚ ਹਨ ਅਤੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ, ਕੀ ਸਰਕਾਰ ਅਜਿਹੇ ਵਿਦਿਆਰਥੀਆਂ ਦੀ ਕੋਈ ਮਦਦ ਕਰੇਗੀ? ਦੂਤਾਵਾਸ ਨੇ ਦੱਸਿਆ ਕਿ ਕੁਝ ਅਜਿਹੇ ਪ੍ਰੋਗਰਾਮ ਹਨ, ਜਿਨ੍ਹਾਂ 'ਤੇ ਅਸਰ ਹੋਵੇਗਾ ਪਰ ਇਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਇਹ ਗੱਲ ਵੀ ਸਾਫ ਨਹੀਂ ਕੀਤੀ ਕਿ ਸਰਕਾਰ ਦੀ ਰਣਨੀਤਿਕ ਸਮੀਖਿਆ ਕਦੋਂ ਤੱਕ ਸਮਾਪਤ ਹੋਵੇਗੀ। ਐਜੂਕੇਸ਼ਨ ਕਾਊਂਸਲਰ ਕਰਨ ਗੁਪਤਾ ਨੇ ਦੱਸਿਆ, "ਕੁਝ ਯੂਨੀਵਰਸਿਟੀਆਂ ਨੇ ਵਿਦਿਆਰਥੀਆਂ ਨੂੰ ਦਿੱਤੀਆਂ ਗਈਆਂ ਪੇਸ਼ਕਸ਼ਾਂ ਵਾਪਸ ਵੀ ਲੈ ਲਈਆਂ ਹਨ। ਇਸ ਗੱਲ ਨੇ ਵਿਸ਼ੇਸ਼ ਤੌਰ 'ਤੇ ਪੋਸਟ-ਡਾਕਟੋਰਲ ਖੋਜਕਰਤਾਵਾਂ ਅਤੇ 'ਸਟੇਮ' ਯਾਨੀ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਿੱਚ ਫੈਲੋਸ਼ਿਪ ਪ੍ਰਾਪਤ ਕਰਨ ਵਾਲਿਆਂ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਵਿਸ਼ਿਆਂ ਵਿੱਚ ਬਾਹਰੀ ਫੰਡਿੰਗ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।"

### ਕੀ ਅਮਰੀਕਾ ਦੀ ਖਿੱਚ ਘੱਟ ਰਹੀ ਹੈ?

ਮਾਹਿਰਾਂ ਦੀ ਰਾਇ ਇਸ ਸਵਾਲ 'ਤੇ ਵੰਡੀ ਨਜ਼ਰ ਆਈ।

ਕੇਪੀ ਸਿੰਘ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਫਾਰੇਨ ਸਟੱਡੀਜ਼ ਦੇ ਸੰਸਥਾਪਕ ਅਤੇ ਨਿਰਦੇਸ਼ਕ ਵੀ ਹਨ। ਉਨ੍ਹਾਂ ਦੇ ਅਨੁਸਾਰ, ਅਮਰੀਕਾ ਦੀਆਂ ਯੂਨੀਵਰਸਿਟੀਆਂ ਅੱਜ ਵੀ ਉਨ੍ਹਾਂ ਸਾਰਿਆਂ ਦੇ ਲਈ ਇੱਕ ਵੱਡੀ ਖਿੱਚ ਹਨ, ਜੋ ਆਧੁਨਿਕ ਖੋਜ 'ਤੇ ਕੰਮ ਕਰਨਾ ਚਾਹੁੰਦੇ ਹਨ। ਸਾਡੇ ਵਿਦਿਆਰਥੀ ਉਥੇ ਬਿਹਤਰ ਕੁਆਲਿਟੀ ਦੀ ਸਿੱਖਿਆ ਲਈ ਜਾ ਰਹੇ ਹਨ। ਅਸੀਂ ਉਨ੍ਹਾਂ ਨੂੰ ਰਾਜਨੀਤਿਕ ਗਤੀਵਿਧੀਆਂ ਤੋਂ ਦੂਰ ਰਹਿਣ ਦੇ ਲਈ ਕਹਿੰਦੇ ਹਾਂ।"

"ਇਸ ਦੇ ਇਲਾਵਾ, ਅੱਜ ਦੁਨੀਆ ਭਰ ਤੋਂ ਸਭ ਤੋਂ ਜ਼ਿਆਦਾ ਗਿਣਤੀ ਵਿੱਚ ਵਿਦਿਆਰਥੀ ਦੋ ਦੇਸ਼ਾਂ ਤੋਂ ਹੀ ਵਿਦੇਸ਼ ਜਾ ਰਹੇ ਹਨ, ਭਾਰਤ ਅਤੇ ਚੀਨ। ਅਸੀਂ ਦੇਖ ਰਹੇ ਹਾਂ ਕਿ ਚੀਨੀ ਵਿਦਿਆਰਥੀ ਦੀਆਂ ਗਿਣਤੀ ਵਿੱਚ ਕਮੀ ਆ ਰਹੀ ਹੈ। ਇਸ ਲਈ ਬਾਜ਼ਾਰ ਕੇਵਲ ਭਾਰਤ 'ਤੇ ਨਿਰਭਰ ਹੈ। ਇਸ ਲਈ ਉਹ ਸਾਰੇ ਦੇਸ਼, ਜਿਥੇ ਚੰਗੀ ਸਿੱਖਿਆ ਮਿਲਦੀ ਹੈ, ਉਨ੍ਹਾਂ ਨੂੰ ਭਾਰਤੀ ਵਿਦਿਆਰਥੀਆਂ ਦੀ ਜ਼ਰੂਰਤ ਹੈ। ਇਸ ਵਿੱਚ ਅਮਰੀਕਾ ਵੀ ਸ਼ਾਮਲ ਹੈ।"

ਕੇਪੀ ਸਿੰਘ ਨੂੰ ਲੱਗਦਾ ਹੈ ਕਿ ਅਮਰੀਕਾ ਵਿੱਚ ਖੋਜ ਦੇ ਮੌਕੇ ਘੱਟ ਨਹੀਂ ਹੋਣਗੇ ਕਿਉਂਕਿ ਜਿਥੇ ਸਰਕਾਰ ਪਿੱਛੇ ਹਟ ਰਹੀ ਹੈ ਉਥੇ ਕੰਪਨੀਆਂ ਅੱਗੇ ਆਉਣਗੀਆਂ।

ਪਰ ਐਡਵਾਈਜ਼ ਇੰਟਰਨੈਸ਼ਨਲ ਦੇ ਸੁਸ਼ੀਲ ਸੁਖਵਾਨੀ ਮੁਤਾਬਕ ਜੋ ਵਿਦਿਆਰਥੀ ਪੜ੍ਹਾਈ ਦੇ ਮੌਕੇ ਲੱਭ ਰਹੇ ਹਨ, ਉਹ ਅਮਰੀਕਾ ਤੋਂ ਇਲਾਵਾ ਬਾਕੇ ਬਦਲਾਵਾਂ ਨੂੰ ਤਲਾਸ਼ਣ ਵਿੱਚ ਵੀ ਲੱਗੇ ਹੋਏ ਹਨ।

ਉਹ ਕਹਿੰਦੇ ਹਨ, "ਵਿਦਿਆਰਥੀਆਂ ਨੇ ਨਵੇਂ ਦੇਸ਼ਾਂ ਵੱਲ ਦੇਖਣਾ ਸ਼ੁਰੂ ਕਰ ਦਿੱਤਾ ਹੈ। ਜਰਮਨੀ ਵੱਲ ਦੇਖਿਆ ਜਾ ਰਿਹਾ ਹੈ। ਫਰਾਂਸ ਨੂੰ ਵੀ ਦੇਖਿਆ ਜਾ ਰਿਹਾ ਹੈ। ਦੁਬਈ ਵੱਲ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਦੁਬਈ ਦੀ ਅਰਥਵਿਵਸਥਾ ਚੰਗੀ ਹੈ। ਵਿਦਿਆਰਥੀ ਉੱਥੇ ਕੰਮ ਕਰ ਸਕਦੇ ਹਨ। ਪੜ੍ਹਾਈ ਕਰ ਸਕਦੇ ਹਨ। ਨੌਕਰੀਆਂ ਪ੍ਰਾਪਤ ਕਰ ਸਕਦੇ ਹਨ। ਆਇਰਲੈਂਡ ਪਹਿਲਾਂ ਨਾਲੋਂ ਬਿਹਤਰ ਕਰ ਰਿਹਾ ਹੈ।" ਉਨ੍ਹਾਂ ਦਾ ਕਹਿਣਾ ਹੈ, "ਅਸਲ ਵਿੱਚ, ਜਦੋਂ ਰਾਸ਼ਟਰਪਤੀ ਟਰੰਪ ਵੱਡੇ ਅਦਾਰਿਆਂ ਵਿੱਚ ਖੋਜ ਫੰਡਾਂ ਵਿੱਚ ਕਟੌਤੀ ਕਰ ਰਹੇ ਹਨ, ਤਾਂ ਇਹ ਯਕੀਨੀ ਤੌਰ 'ਤੇ ਉਨ੍ਹਾਂ ਲੋਕਾਂ ਵਿੱਚ ਡਰ ਪੈਦਾ ਕਰ ਰਿਹਾ ਹੈ ਜੋ ਲੰਬੇ ਸਮੇਂ ਦੇ ਕੰਮ ਬਾਰੇ ਸੋਚ ਰਹੇ ਹਨ, ਜਿਵੇਂ, ਸਕਾਲਰਸ। ਉਹ ਹੁਣ ਦੂਜੇ ਦੇਸ਼ਾਂ ਵੱਲ ਦੇਖਣਾ ਸ਼ੁਰੂ ਕਰ ਰਹੇ ਹਨ।"

ਅਮੇਰਿਕਨ ਯੂਨੀਵਰਸਿਟੀਆਂ ਦੀਆਂ ਐਸੋਸੀਏਸ਼ਨ ਅਤੇ ਕਈ ਕਾਲਜਾਂ ਨੇ ਟਰੰਪ ਪ੍ਰਸ਼ਾਸਨ ਦੇ 'ਫੰਡਿੰਗ ਕੱਟ ਆਰਡਰ' ਦੇ ਜਵਾਬ ਵਿੱਚ ਇੱਕ ਮੁਕੱਦਮਾ ਦਾਇਰ ਕੀਤਾ ਹੈ। ਉਸ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਸ ਨੂੰ ਲਾਗੂ ਕੀਤਾ ਗਿਆ ਤਾਂ ਇਹ ਕਟੌਤੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿੱਚ ਡਾਕਟਰੀ ਖੋਜ ਦਾ 'ਵਿਨਾਸ਼' ਕਰ ਦੇਵੇਗੀ।

# SPECIAL SCREENING

VENUE :

**SRI GURU SINGH SABHA, SURREY**

TIMING :

**SATURDAY, MARCH-29 AT 6:45PM**

FROM THE DIRECTOR OF AWARD WINNING DOCUMENTARY


**RISE OF THE KHALSA**

&

**SAKA**

THE MARTYRS OF NANKANA SAHIB

MORE THAN 150 SCREENINGS ACROSS 10 COUNTIES




WRITTEN AND DIRECTED BY

**JAGMEET SINGH SAMUNDRI**

The Sikh Code of Conduct
(REHAT MARYADA)
has been strictly
adhered to while making this film

DURATION : 80 MINS

/martyrsdocu



ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

# ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 2017 ਤੋਂ ਲੈਕੇ ਹੁਣ ਤੱਕ 'ਹੋਮਜ਼ ਫੌਰ ਬੀ ਸੀ' ਅਤੇ 'ਹੋਮਜ਼ ਫੌਰ ਪੀਪਲ' ਯੋਜਨਾਵਾਂ ਦੇ ਤਹਿਤ ਬੀ.ਸੀ. ਭਰ ਵਿੱਚ 90,000 ਤੋਂ ਵੱਧ ਘਰ ਉਪਲਬਧ ਕੀਤੇ ਜਾ ਚੁੱਕੇ ਹਨ ਜਾਂ ਕੀਤੇ ਜਾਣ ਵਾਲੇ ਹਨ।

31 ਮਾਰਚ, 2025 ਤੱਕ **gov.bc.ca/spectax** 'ਤੇ ਜਾਂ **1.833.554.2323** ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ

ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ

BRITISH COLUMBIA

ਸਫ਼ਾ 1 ਦਾ ਬਾਕੀ

ਚੋਣ ਪ੍ਰਚਾਰ ਦੇ ਦੌਰੇ 'ਤੇ ਹਨ। ਕਾਰਨੀ ਨੇ ਅਮਰੀਕੀ ਟੈਰਿਫ਼ਾਂ 'ਤੇ ਕੈਨੇਡਾ ਦੇ ਜਵਾਬ ਬਾਰੇ ਪੁੱਛੇ ਜਾਣ 'ਤੇ ਸੰਕੇਤ ਦਿੱਤੇ ਕਿ ਸਰਕਾਰ ਅਜੇ ਤਕੜਾ ਫ਼ੈਸਲਾ ਲੈਣ ਦੀ ਸਥਿਤੀ 'ਚ ਨਹੀਂ ਹੈ।

ਉਨ੍ਹਾਂ ਕਿਹਾ, "ਅਸੀਂ ਅਗਲੇ ਹਫ਼ਤੇ ਕਾਫ਼ੀ ਕੁਝ ਹੋਣ ਵਾਲਾ ਹੈ। ਇਸ ਲਈ ਹੁਣੇ ਹੀ ਕੋਈ ਕਦਮ ਚੁੱਕਣਾ ਸਮਝਦਾਰੀ ਨਹੀਂ ਹੋਵੇਗੀ।"

2 ਅਪਰੈਲ ਨੂੰ, ਟਰੰਪ ਨੇ ਹੋਰ ਵਪਾਰਿਕ ਟੈਰਿਫ਼ ਲਗਾਉਣ ਦੀ ਯੋਜਨਾ ਬਣਾਈ ਹੈ, ਜਿਸ ਤਹਿਤ ਅਮਰੀਕਾ ਆਪਣੇ ਸਾਰੇ ਵਪਾਰਿਕ ਸਾਥੀਆਂ 'ਤੇ ਟੈਕਸ ਲਗਾਵੇਗਾ। ਕਾਰਨੀ ਦਾ ਕਹਿਣਾ ਹੈ ਕਿ ਇਹ ਦੇਖਣ ਲਈ ਉਡੀਕ ਕਰਨੀ ਜ਼ਰੂਰੀ ਹੈ ਕਿ ਇਹ ਨਵੇਂ ਟੈਰਿਫ਼ ਕਿਨ੍ਹਾਂ ਦੇਸ਼ਾਂ 'ਤੇ ਅਤੇ ਕਿਸ ਤਰੀਕੇ ਨਾਲ ਲਾਗੂ ਕੀਤੇ ਜਾਣਗੇ।

ਕਾਰਨੀ ਨੇ ਟੈਰਿਫ਼ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ "ਸਮਝਦਾਰੀ ਨਾਲ" ਜਵਾਬ ਦੇਣ ਦੀ ਗੱਲ ਕੀਤੀ ਹੈ।

## "ਟੈਰਿਫ਼ ਹਟਾਓ, ਨਾ ਤਾਂ ਜਵਾਬੀ ਕਾਰਵਾਈ ਲਈ ਤਿਆਰ ਰਹੋ" : ਪੀਅਰ ਪੌਲੀਵੀਅਰ




ਬ੍ਰਿਟਿਸ਼ ਕੋਲੰਬੀਆ 'ਚ ਆਪਣਾ ਚੋਣ ਪ੍ਰਚਾਰ ਕਰ ਰਹੇ ਕੰਜ਼ਰਵੇਟਿਵ ਆਗੂ ਪੀਅਰ ਪੌਲੀਵੀਅਰ ਨੇ ਐਲਾਨ ਕੀਤਾ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ ਸਰਕਾਰ ਬਣਾਉਂਦੀ ਹੈ, ਤਾਂ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਆਟੋ-ਟੈਰਿਫ਼ਾਂ ਦੇ ਵਿਰੁੱਧ "ਮਜ਼ਬੂਤੀ ਨਾਲ ਲੜੇਗੀ"।

ਉਨ੍ਹਾਂ ਨੇ ਕਿਹਾ, "ਮੇਰਾ ਟਰੰਪ ਨੂੰ ਸੰਦੇਸ਼ ਹੈ—ਇਹ ਸਭ ਬੰਦ ਕਰੋ। ਅਮਰੀਕਾ ਆਪਣੇ ਦੋਸਤਾਂ 'ਤੇ ਹਮਲਾ ਕਰਨਾ ਬੰਦ ਕਰੇ ਅਤੇ ਵਪਾਰ ਦੁਬਾਰਾ ਆਮ ਰਾਹ 'ਤੇ ਲਿਆਵੇ, ਤਾਂ ਜੋ ਦੋਵਾਂ ਦੇਸ਼ ਹੋਰ ਅਮੀਰ, ਮਜ਼ਬੂਤ ਅਤੇ ਸੁਰੱਖਿਅਤ ਹੋ ਸਕਣ।"

ਪੌਲੀਵੀਅਰ ਨੇ ਇਹ ਟਿੱਪਣੀਆਂ ਬ੍ਰਿਟਿਸ਼ ਕੋਲੰਬੀਆ ਦੇ ਕੋਕਵਿਟਲ ਸ਼ਹਿਰ 'ਚ ਅਪੋਲੋ ਸ਼ੀਟ ਮੈਟਲ ਫੈਕਟਰੀ 'ਚ ਚੋਣ ਪ੍ਰਚਾਰ ਦੌਰਾਨ ਕੀਤੀਆਂ।

ਉਨ੍ਹਾਂ ਨੇ ਟਰੰਪ ਵੱਲੋਂ ਵਿਦੇਸ਼ੀ ਬਣੀਆਂ ਕਾਰਾਂ ਅਤੇ ਟਰੱਕਾਂ 'ਤੇ 25% ਟੈਰਿਫ਼ ਲਗਾਉਣ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ "ਤਬਾਹੀ ਲਿਆਉਣ ਵਾਲੀ" ਨੀਤੀ ਹੈ, ਜਿਸ ਕਾਰਨ ਦੋਵਾਂ ਦੇਸ਼ਾਂ ਦੇ ਰਿਸ਼ਤੇ ਖ਼ਤਰੇ 'ਚ ਪੈ ਸਕਦੇ ਹਨ।

ਉਨ੍ਹਾਂ ਨੇ ਕਿਹਾ, "ਅਸੀਂ ਕਦੇ ਵੀ ਅਮਰੀਕਾ ਦਾ 51ਵਾਂ ਰਾਜ ਨਹੀਂ ਬਣਾਂਗੇ। ਪਰ ਜੇਕਰ ਟਰੰਪ ਇਹ ਗਲਤ ਨੀਤੀ ਹਟਾ ਲੈਣ, ਤਾਂ ਅਸੀਂ ਦੋਬਾਰਾ ਦੋਸਤ ਬਣ ਸਕਦੇ ਹਾਂ।"

ਪੌਲੀਵੀਅਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਟਰੰਪ ਨੇ ਇਹ ਟੈਰਿਫ਼ ਜਾਰੀ ਰੱਖੇ, ਤਾਂ ਕੈਨੇਡਾ ਪੂਰੀ ਤਰ੍ਹਾਂ ਜਵਾਬ ਦੇਵੇਗਾ।

ਉਨ੍ਹਾਂ ਕਿਹਾ, "ਜੇਕਰ ਟਰੰਪ ਇਹ ਟੈਰਿਫ਼ ਲਗਾਉਂਦੇ ਹਨ, ਤਾਂ ਉਨ੍ਹਾਂ ਨੂੰ ਇਸ ਦਾ ਨਤੀਜਾ ਵੀ ਭੁਗਤਣਾ ਪਵੇਗਾ। ਸ਼ੁਰੂਆਤੀ ਤੌਰ 'ਤੇ ਇਹ ਸਾਨੂੰ ਨੁਕਸਾਨ ਦੇ ਸਕਦੇ ਹਨ, ਪਰ ਅਸੀਂ ਲੜਾਂਗੇ।"

ਉਨ੍ਹਾਂ ਕਿਹਾ "ਨਵੀਂ ਮਜ਼ਬੂਤ ਕੰਜ਼ਰਵੇਟਿਵ ਸਰਕਾਰ ਦੇ ਚਾਰ ਸਾਲਾਂ ਅੰਦਰ, ਅਸੀਂ ਪੂਰੀ ਤਰ੍ਹਾਂ ਦੁਬਾਰਾ ਖੜ੍ਹੇ ਹੋ ਜਾਵਾਂਗੇ। ਅਸੀਂ ਆਪਣੀ ਅਰਥਵਿਵਸਥਾ ਮੁੜ-ਤਿਆਰ ਕਰਾਂਗੇ। ਅਸੀਂ ਅਮਰੀਕਾ 'ਤੇ ਆਧਾਰਤ ਨਹੀਂ ਰਹਾਂਗੇ।"

ਉਨ੍ਹਾਂ ਨੇ ਅਗੇ ਕਿਹਾ, "ਜੇਕਰ ਟਰੰਪ ਨੇ ਇਹ ਟੈਰਿਫ਼ ਨਹੀਂ ਹਟਾਏ, ਤਾਂ ਉਹ ਆਪਣਾ ਸਭ ਤੋਂ ਵੱਡਾ ਵਪਾਰਕ ਸਾਥੀ ਅਤੇ ਦੋਸਤ ਗਵਾ ਬੈਠਣਗੇ।"

ਉਨ੍ਹਾਂ ਮੁੱਖ ਤੌਰ 'ਤੇ ਇਹ ਵਾਅਦਾ ਕੀਤਾ ਕਿ "ਕੈਨੇਡਾ ਦੀ ਅਰਥਵਿਵਸਥਾ ਨੂੰ ਨਵਾਂ ਰੂਪ ਦਿੱਤਾ ਜਾਵੇਗਾ, ਜਿਸ ਨਾਲ ਇਹ ਟੈਰਿਫ਼ਾਂ ਦੇ ਪ੍ਰਭਾਵ ਤੋਂ ਬਚ ਸਕੇ।"

## ਜਗਮੀਤ ਸਿੰਘ ਨੇ ਟਰੰਪ ਦੇ ਟੈਰਿਫ਼ਾਂ ਨੂੰ "ਗੈਰਕਾਨੂੰਨੀ ਵਪਾਰਕ ਜੰਗ" ਕਰਾਰ ਦਿੱਤਾ




ਇਸ ਦੇ ਤਰ੍ਹਾਂ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਟਰੰਪ ਦੇ ਨਵੇਂ ਟੈਰਿਫ਼ਾਂ ਨੂੰ "ਗੈਰਕਾਨੂੰਨੀ ਵਪਾਰਕ ਜੰਗ" ਕਰਾਰ ਦਿੰਦਿਆਂ, ਐਲਾਨ ਕੀਤਾ ਹੈ ਕਿ ਉਹ ਕਿਸੇ ਵੀ ਉਦਯੋਗਿਕ ਸਾਮਾਨ ਨੂੰ ਕੈਨੇਡਾ ਤੋਂ ਬਾਹਰ ਜਾਣ ਨਹੀਂ ਦੇਣਗੇ।

ਜਗਮੀਤ ਸਿੰਘ ਨੇ ਵਿੰਡਸਰ 'ਚ ਆਟੋ-ਉਦਯੋਗ ਨਾਲ ਜੁੜੇ ਮਜ਼ਦੂਰਾਂ ਨਾਲ ਮੁਲਾਕਾਤ ਦੌਰਾਨ ਕਿਹਾ, "ਕੈਨੇਡੀਅਨ ਲੋਕ ਗੁੱਸੇ ਵਿੱਚ ਹਨ, ਪਰ ਵਿੰਡਸਰ ਦੇ ਲੋਕ ਬਹੁਤ ਹੀ ਨਾਰਾਜ਼ ਹਨ।"

ਜਗਮੀਤ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਜੋ ਵੀ ਪੈਸਾ ਜਵਾਬੀ ਟੈਰਿਫ਼ਾਂ ਰਾਹੀਂ ਇਕੱਠਾ ਹੋਵੇਗਾ, ਉਹ ਮੁਕੰਮਲ ਤੌਰ 'ਤੇ ਮਜ਼ਦੂਰਾਂ ਅਤੇ ਵਪਾਰ-ਪ੍ਰਭਾਵਿਤ ਭਾਈਚਾਰਿਆਂ ਦੀ ਮਦਦ ਲਈ ਹੀ ਵਰਤਿਆ ਜਾਵੇਗਾ।

ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਮਜ਼ਦੂਰਾਂ ਨੂੰ ਇਕੱਲਾ ਨਹੀਂ ਛੱਡਾਂਗੇ, ਜਿਹਨਾਂ 'ਤੇ ਇਹ ਵਿਅਪਾਰਕ ਜੰਗ ਅਸਰ ਪਾ ਰਹੀ ਹੈ। ਕੋਈ ਵੀ ਉਦਯੋਗਿਕ ਸਾਮਾਨ ਕੈਨੇਡਾ ਤੋਂ ਬਾਹਰ ਨਹੀਂ ਜਾਵੇਗਾ"

ਜਗਮੀਤ ਸਿੰਘ ਨੇ ਸਖ਼ਤ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਵੀ ਉਤਪਾਦਨਕਾਰੀ ਉਪਕਰਣ (ਮਓਨੁਫ਼ਓਚਟੁਰਿਨਗ ਏਤੁਪਿਮਏਨਟ) ਨੂੰ ਕੈਨੇਡਾ ਤੋਂ ਬਾਹਰ ਜਾਣ ਨਹੀਂ ਦੇਵੇਗੀ।

ਉਨ੍ਹਾਂ ਨੇ ਕਿਹਾ, "ਕੈਨੇਡਾ ਦੇ ਉਦਯੋਗਾਂ ਵਿੱਚ ਕੀਤੇ ਗਏ ਨਿਵੇਸ਼ 'ਚ ਸਾਡੇ ਲੋਕਾਂ ਦਾ ਹਿੱਸਾ ਹੈ। ਅਸੀਂ ਕਿਸੇ ਵੀ ਉਦਯੋਗਿਕ ਮਸ਼ੀਨਰੀ ਨੂੰ ਦੇਸ਼ ਤੋਂ ਬਾਹਰ ਨਹੀਂ ਜਾਣ ਦੇਵਾਂਗੇ।"

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਐਨਡੀਪੀ ਸਰਕਾਰ ਬਣੀ ਤਾਂ ਮਜ਼ਦੂਰਾਂ ਲਈ ਬਿਹਤਰ ਇਨਸ਼ੋਰੈਂਸ ਯੋਜਨਾ ਲਿਆਂਦੀ ਜਾਵੇਗੀ। ਸਰਕਾਰੀ ਵਿਭਾਗ ਅਤੇ ਏਜੰਸੀਆਂ ਘਰੇਲੂ ਤਿਆਰ ਕੀਤੀਆਂ ਕਾਰਾਂ ਹੀ ਖਰੀਦਣਗੇ। ਸਾਰੇ ਉਦਯੋਗਿਕ ਅਤੇ ਆਟੋ-ਉਤਪਾਦਨ ਖੇਤਰਾਂ 'ਚ ਨਵੇਂ ਨਿਵੇਸ਼ ਵਧਾਏ ਜਾਣ।

ਜਗਮੀਤ ਸਿੰਘ ਨੇ ਕਿਹਾ ਕਿ ਭਾਵੇਂ ਉਨ੍ਹਾਂ ਨੂੰ ਹੋਰ ਪਾਰਟੀਆਂ ਨਾਲ ਨੀਤੀਆਂ ਨੂੰ ਲੈ ਕੇ ਅਕਸਰ ਅਸਹਿਮਤੀ ਰਹਿੰਦੀ ਹੈ, ਪਰ ਉਨ੍ਹਾਂ ਦਾ ਮੰਨਣਾ ਹੈ ਕਿ ਟਰੰਪ ਦੇ ਟੈਰਿਫ਼ਾਂ 'ਤੇ ਪੂਰਾ ਦੇਸ਼ ਇਕੱਠਾ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ, "ਜਦੋਂ ਗੱਲ ਟਰੰਪ ਦੀ ਆਉਂਦੀ ਹੈ, ਤਾਂ ਸਾਨੂੰ ਇਕੱਠੇ ਹੋਣ ਦੀ ਲੋੜ ਹੈ। ਸਾਡੇ ਮਜ਼ਦੂਰਾਂ ਨੂੰ ਬਚਾਉਣ, ਜਵਾਬੀ ਟੈਰਿਫ਼ ਲਾਉਣ, ਅਤੇ ਕੈਨੇਡਾ ਦੀ ਅਰਥਵਿਵਸਥਾ ਦੀ ਰਾਖੀ ਕਰਨ ਲਈ ਸਾਨੂੰ ਇੱਕਜੁਟ ਹੋਣਾ ਚਾਹੀਦਾ ਹੈ।"

ਜਗਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਹਾਲੇ ਤੱਕ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਟਰੰਪ ਦੇ ਨਵੇਂ ਟੈਰਿਫ਼ਾਂ ਬਾਰੇ ਕੋਈ ਗੱਲਬਾਤ ਨਹੀਂ ਹੋਈ ਹੈ।

# ਕੈਨੇਡਾ ਤੋਂ ਅਮਰੀਕਾ ਜਾਣ ਵਾਲੀਆਂ ਕਈ ਉਡਾਣਾਂ ਰੱਦ, ਯਾਤਰੀ ਪ੍ਰੇਸ਼ਾਨ

ਔਟਵਾ : ਕੈਨੇਡਾਆਂ ਦੀ ਦੋ ਪ੍ਰਮੁੱਖ ਏਅਰਲਾਈਨ ਕੰਪਨੀਆਂ ਫਲੇਅਰ ਏਅਰਲਾਈਨਜ਼ ਅਤੇ ਵੈਸਟਜੈੱਟ ਨੇ ਅਲਬਰਟਾ ਤੋਂ ਸੰਯੁਕਤ ਰਾਜ ਅਮਰੀਕਾ ਲਈ ਆਪਣੀਆਂ ਕਈ ਉਡਾਣਾਂ ਰੱਦ ਕਰ ਦਿੱਤੀਆਂ ਹਨ। ਇਹ ਕਦਮ ਯਾਤਰੀ ਮੰਗ ਵਿੱਚ ਆਈ ਵੱਡੀ ਗਿਰਾਵਟ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਵਪਾਰਕ ਟੈਰਿਫ਼ਾਂ ਦੇ ਚਲਦਿਆਂ ਲਿਆ ਗਿਆ ਹੈ।

ਫਲੇਅਰ ਏਅਰਲਾਈਨਜ਼ ਨੇ ਐਲਾਨ ਕੀਤਾ ਹੈ ਕਿ ਐਡਮਿੰਟਨ ਅਤੇ ਕੈਲਗਰੀ ਤੋਂ ਲਾਸ ਵੇਗਾਸ ਤੇ ਫੀਨਿਕਸ ਜਾਣ ਵਾਲੀਆਂ ਚਾਰ ਉਡਾਣਾਂ ਉਮੀਦ ਤੋਂ ਪਹਿਲਾਂ ਹੀ ਬੰਦ ਕਰ ਦਿੱਤੀਆਂ ਜਾਣਗੀਆਂ। ਐਡਮੰਟਨ ਤੋਂ ਲਾਸ ਵੇਗਾਸ ਦੀ ਉਡਾਣ, ਜੋ 26 ਮਈ ਨੂੰ ਸਮਾਪਤ ਹੋਣੀ ਸੀ, ਹੁਣ 7 ਅਪ੍ਰੈਲ ਨੂੰ ਹੀ ਬੰਦ ਹੋ ਜਾਵੇਗੀ। ਐਡਮੰਟਨ ਤੋਂ ਫੀਨਿਕਸ ਉਡਾਣ 22 ਅਪ੍ਰੈਲ ਦੀ ਬਜਾਏ 8 ਅਪ੍ਰੈਲ ਨੂੰ ਖਤਮ ਕੀਤੀ ਜਾ ਰਹੀ ਹੈ। ਕੈਲਗਰੀ ਤੋਂ ਲਾਸ ਵੇਗਾਸ ਦੀਆਂ ਦੋ ਉਡਾਣਾਂ 7 ਅਤੇ 8 ਅਪ੍ਰੈਲ ਨੂੰ ਖਤਮ ਹੋਣਗੀਆਂ।




ਇਸੇ ਤਰ੍ਹਾਂ ਵੈਸਟਜੈੱਟ ਨੇ ਵੀ ਐਲਾਨ ਕੀਤਾ ਕਿ ਉਹ ਅਲਬਰਟਾ ਤੋਂ ਸੰਯੁਕਤ ਰਾਜ ਲਈ ਦੋ ਪਲਾਨਡ ਉਡਾਣਾਂ ਰੱਦ ਕਰ ਰਹੀ ਹੈ।

ਐਡਮੰਟਨ ਤੋਂ ਆਰਲੈਂਡੋ, ਫਲੋਰੀਡਾ ਜਾਣ ਵਾਲੀ ਉਡਾਣ (ਸਮਰਟਾਈਮ ਸੇਵਾ) ਹੁਣ ਚਲਾਈ ਨਹੀਂ ਜਾਵੇਗੀ। ਕੈਲਗਰੀ ਤੋਂ ਨਿਊਯਾਰਕ ਦੇ ਲਾਗਾਰਡਿਆ ਹਵਾਈ ਅੱਡੇ ਤੱਕ ਦੀ ਯਾਤਰਾ ਵੀ ਖਤਮ ਕਰ ਦਿੱਤੀ ਗਈ ਹੈ।

ਫਲੇਅਰ ਅਤੇ ਵੈਸਟਜੈੱਟ ਦੋਨਾਂ ਨੇ ਦੱਸਿਆ ਕਿ ਉਡਾਣਾਂ ਦੀ ਮੰਗ ਵਿੱਚ ਆਇਆ ਘਾਟਾ ਹੀ ਇਹਨਾਂ ਬੰਦਸ਼ਾਂ ਦੀ ਮੁੱਖ ਵਜ੍ਹਾ ਹੈ।

ਐਡਮੰਟਨ ਦੇ ਇੱਕ ਟ੍ਰੈਵਲ ਏਜੰਟ ਨੇ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ਼ਾਂ ਤੇ ਵਪਾਰਕ ਪਾਬੰਦੀਆਂ ਕਾਰਨ, ਕੈਨੇਡੀਅਨ ਯਾਤਰੀ ਹੁਣ ਅਮਰੀਕਾ ਜਾਣ ਤੋਂ ਹਚਕਚਾ ਰਹੇ ਹਨ। ਉਨ੍ਹਾਂ ਨੇ ਕਿਹਾ, "ਅਸੀਂ ਬਹੁਤ ਸਾਰੇ ਅਜਿਹੇ ਯਾਤਰੀ ਵੇਖ ਰਹੇ ਹਾਂ ਜੋ ਅਮਰੀਕਾ ਜਾਣ ਦੀ ਥਾਂ ਜਾਂ ਤਾਂ ਕੈਨੇਡਾ ਦੇ ਅੰਦਰ ਯਾਤਰਾ ਕਰ ਰਹੇ ਹਨ ਜਾਂ ਹੋਰ ਦੇਸ਼ਾਂ ਦੀ ਯਾਤਰਾ ਕਰ ਰਹੇ ਹਨ।"

ਇਸੇ ਤਰ੍ਹਾਂ, ਹੋਰ ਯਾਤਰੀ ਸਲਾਹਕਾਰਾਂ ਦਾ ਵੀ ਮੰਨਣਾ ਹੈ ਕਿ ਕੈਨੇਡੀਅਨ ਲੋਕ ਹੁਣ ਆਪਣੇ ਦੱਖਣੀ ਗੁਆਂਢੀ ਦੇ ਵਪਾਰ ਤੇ ਯਾਤਰਾ 'ਚ ਭਾਗ ਨਹੀਂ ਲੈਣਾ ਚਾਹੁੰਦੇ।

ਇਹ ਹਾਲਾਤ ਅੰਕੜਿਆਂ 'ਚ ਵੀ ਦਰਜ ਹੋ ਰਹੇ ਹਨ, ਜਿਸ ਕਰਕੇ ਕੈਨੇਡੀਅਨ ਏਅਰਲਾਈਨ ਕੰਪਨੀਆਂ ਨੇ ਆਪਣੀ ਨੀਤੀ 'ਚ ਵੱਡੇ ਬਦਲਾਅ ਕੀਤੇ ਹਨ।

# ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕੈਨੇਡਾ ਸਣੇ ਕਈ ਮੁਲਕਾਂ ਤੋਂ ਆਉਣ ਵਾਲੀਆਂ ਕਾਰਾਂ 'ਤੇ ਲਗਾਇਆ 25 ਫ਼ੀਸਦੀ ਟੈਰਿਫ਼

ਔਟਵਾ : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਹੁਣ ਨਵੇਂ ਟੈਰਿਫ ਦਾ ਐਲਾਨ ਕੀਤਾ ਹੈ, ਜਿਸ ਦੇ ਮੁਤਾਬਕ ਹੁਣ ਅਮਰੀਕਾ ਵਿੱਚ ਆਉਣ ਵਾਲੀਆਂ ਕਾਰਾਂ ਅਤੇ ਕਾਰਾਂ ਦੇ ਪੁਰਜ਼ਿਆਂ 'ਤੇ 25 ਫੀਸਦੀ ਟੈਰਿਫ ਲਗਾਇਆ ਜਾਵੇਗਾ।

ਟਰੰਪ ਦੇ ਇਸ ਐਲਾਨ ਦੇ ਨਾਲ ਹੀ ਵਿਸ਼ਵ ਪੱਧਰ 'ਤੇ ਵਪਾਰ ਯੁੱਧ ਦੇ ਵਧਣ ਦਾ ਖ਼ਤਰਾ ਹੋਰ ਵਧ ਗਿਆ ਹੈ।

ਟਰੰਪ ਨੇ ਕਿਹਾ ਹੈ ਕਿ ਇਹ ਨਵੀਨਤਮ ਟੈਰਿਫ 2 ਅਪ੍ਰੈਲ ਤੋਂ ਲਾਗੂ ਹੋਣਗੇ, ਜਿਸ ਨਾਲ ਅਗਲੇ ਦਿਨ ਤੋਂ ਹੀ ਵਾਹਨਾਂ ਨੂੰ ਦਰਾਮਦ ਕਰਨ ਵਾਲੇ ਕਾਰੋਬਾਰਾਂ 'ਤੇ ਚਾਰਜ ਲੱਗਣਗੇ। ਹਾਲਾਂਕਿ, ਪੁਰਜ਼ਿਆਂ 'ਤੇ ਚਾਰਜ ਮਈ ਜਾਂ ਬਾਅਦ ਵਿੱਚ ਲੱਗਣੇ ਸ਼ੁਰੂ ਹੋਣਗੇ।

ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਸ ਨਾਲ ਕਾਰ ਉਦਯੋਗ ਵਿੱਚ "ਜ਼ਬਰਦਸਤ ਵਿਕਾਸ" ਆਵੇਗਾ ਅਤੇ ਅਮਰੀਕਾ ਵਿੱਚ ਨੌਕਰੀਆਂ ਅਤੇ ਨਿਵੇਸ਼ ਨੂੰ ਹੁਲਾਰਾ ਮਿਲੇਗਾ।

ਪਰ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਅਮਰੀਕਾ ਵਿੱਚ ਮਹੱਤਵਪੂਰਨ ਕਾਰ ਉਤਪਾਦਨ ਅਸਥਾਈ ਤੌਰ 'ਤੇ ਬੰਦ ਹੋਣ, ਕੀਮਤਾਂ ਵਧਣ ਅਤੇ ਸਹਿਯੋਗੀਆਂ ਨਾਲ ਸਬੰਧਾਂ ਵਿੱਚ ਤਣਾਅ ਆਉਣ ਦੀ ਸੰਭਾਵਨਾ ਹੈ।

ਅਮਰੀਕਾ ਨੇ ਪਿਛਲੇ ਸਾਲ ਲਗਭਗ 80 ਲੱਖ ਕਾਰਾਂ ਦਰਾਮਦ ਕੀਤੀਆਂ ਹਨ, ਜੋ ਕਿ ਵਪਾਰ ਵਿੱਚ ਲਗਭਗ 240 ਬਿਲੀਅਨ ਡਾਲਰ ਅਤੇ ਕੁੱਲ ਵਿਕਰੀ ਦਾ ਲਗਭਗ ਅੱਧਾ ਹਿੱਸਾ ਹੈ।

ਅਮਰੀਕਾ ਨੂੰ ਸਭ ਤੋਂ ਵੱਧ ਕਾਰਾਂ ਮੈਕਸੀਕੋ ਸਪਲਾਈ ਕਰਦਾ ਹੈ, ਇਸ ਤੋਂ ਬਾਅਦ ਦੱਖਣੀ ਕੋਰੀਆ, ਜਾਪਾਨ, ਕੈਨੇਡਾ ਅਤੇ ਜਰਮਨੀ ਆਉਂਦੇ ਹਨ। ਟਰੰਪ ਦੇ ਇਸ ਤਾਜ਼ਾ ਐਲਾਨ ਨਾਲ ਵਿਸ਼ਵਵਿਆਪੀ ਕਾਰ ਵਪਾਰ ਅਤੇ ਸਪਲਾਈ ਚੇਨ ਦੇ ਵਿਗੜਨ ਦਾ ਖ਼ਤਰਾ ਹੈ।

ਬਹੁਤ ਸਾਰੀਆਂ ਅਮਰੀਕੀ ਕਾਰ ਕੰਪਨੀਆਂ ਦਾ ਮੈਕਸੀਕੋ ਅਤੇ ਕੈਨੇਡਾ ਵਿੱਚ ਵੀ ਕੰਮ ਹੈ, ਜੋ ਤਿੰਨਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਮੁਕਤ ਵਪਾਰ ਸਮਝੌਤੇ ਦੀਆਂ ਸ਼ਰਤਾਂ ਅਧੀਨ ਸਥਾਪਿਤ ਕੀਤੀਆਂ ਗਈਆਂ ਹਨ।

ਵ੍ਹਾਈਟ ਹਾਊਸ ਵੱਲੋਂ ਕਿਹਾ ਗਿਆ ਹੈ ਕਿ ਇਹ ਆਦੇਸ਼ ਨਾ ਸਿਰਫ਼ ਤਿਆਰ ਕਾਰਾਂ 'ਤੇ ਲਾਗੂ ਹੋਵੇਗਾ, ਸਗੋਂ ਕਾਰਾਂ ਦੇ ਪੁਰਜ਼ਿਆਂ 'ਤੇ ਵੀ ਲਾਗੂ ਹੋਵੇਗਾ। ਆਮ ਤੌਰ 'ਤੇ ਇਹ ਪੁਰਜੇ ਅਮਰੀਕਾ ਦੂਜੇ ਦੇਸ਼ਾਂ ਤੋਂ ਮੰਗਵਾਉਂਦਾ ਹੈ ਅਤੇ ਫਿਰ ਆਪਣੇ ਦੇਸ਼ 'ਚ ਅਸੈਂਬਲ ਕਰਦਾ ਹੈ।

ਵ੍ਹਾਈਟ ਹਾਊਸ ਨੇ ਇਹ ਵੀ ਕਿਹਾ ਹੈ ਕਿ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਪੁਰਜ਼ਿਆਂ 'ਤੇ ਨਵੇਂ ਟੈਰਿਫ ਦੀ ਛੋਟ ਹੈ।

ਹਾਲਾਂਕਿ, ਅਮਰੀਕੀ ਕਸਟਮ ਅਤੇ ਸਰਹੱਦੀ ਗਸ਼ਤ ਨੇ ਟੈਰਿਫ ਦਾ ਮੁਲਾਂਕਣ ਕਰਨ ਲਈ ਇੱਕ ਪ੍ਰਣਾਲੀ ਸਥਾਪਤ ਕੀਤੀ ਹੈ ਕਿਉਂਕਿ ਗੁਆਂਢੀ ਦੇਸ਼ ਹਰ ਰੋਜ਼ ਅਰਬਾਂ ਦੇ ਸਮਾਨ ਸਰਹੱਦਾਂ ਪਾਰ ਭੇਜਦੇ ਤੇ ਮੰਗਵਾਉਂਦੇ ਹਨ।

ਬੁੱਧਵਾਰ ਨੂੰ, ਜਨਰਲ ਮੋਟਰਜ਼ ਦੇ ਸ਼ੇਅਰ ਲਗਭਗ 3 ਫੀਸਦੀ ਤੱਕ ਘਟ ਗਏ। ਟਰੰਪ ਦੇ ਐਲਾਨ ਤੋਂ ਬਾਅਦ ਫੋਰਡ ਸਮੇਤ ਹੋਰ ਕੰਪਨੀਆਂ ਦੇ ਸ਼ੇਅਰਾਂ ਨੂੰ ਵੀ ਤੇਜ਼ੀ ਨਾਲ ਵੇਚਿਆ ਗਿਆ।

ਜਦੋਂ ਇੱਕ ਪ੍ਰੈਸ ਕਾਨਫਰੰਸ ਵਿੱਚ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਕੋਈ ਉਮੀਦ ਹੈ ਕਿ ਉਹ ਆਪਣਾ ਫੈਸਲਾ




ਬਦਲ ਸਕਦੇ ਹਨ, ਟਰੰਪ ਨੇ ਕਿਹਾ - ਨਹੀਂ। ਬਾਅਦ ਵਿੱਚ ਉਨ੍ਹਾਂ ਕਿਹਾ - "ਇਹ ਸਥਾਈ ਹੈ।"

ਟਰੰਪ ਨੇ ਕਿਹਾ, "ਜੇ ਤੁਸੀਂ ਆਪਣੀ ਕਾਰ ਸੰਯੁਕਤ ਰਾਜ ਅਮਰੀਕਾ ਵਿੱਚ ਹੀ ਬਣਾਉਂਦੇ ਹੋ ਤਾਂ ਕੋਈ ਟੈਰਿਫ ਨਹੀਂ ਹੈ।"

ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਟੈਰਿਫ ਦੇ ਜਵਾਬ ਵਿੱਚ "ਸਾਰੇ ਬਦਲ ਮੇਜ਼ 'ਤੇ ਰੱਖੇਗੀ"।

ਜਾਪਾਨ, ਜੋ ਕਿ ਕਈ ਪ੍ਰਮੁੱਖ ਮੋਟਰ ਉਦਯੋਗ ਦਿੱਗਜਾਂ ਦਾ ਘਰ ਹੈ, ਦੁਨੀਆਂ ਦੀਆਂ ਕਾਰਾਂ ਦਾ ਦੂਜਾ ਸਭ ਤੋਂ ਵੱਡਾ ਨਿਰਯਾਤਕ ਹੈ।

ਟੋਕੀਓ ਵਿੱਚ ਵੀ ਜਾਪਾਨੀ ਕਾਰ ਨਿਰਮਾਤਾਵਾਂ - ਟੋਇਟਾ, ਨਿਸਾਨ, ਹੌਂਡਾ ਦੇ ਸ਼ੇਅਰ ਡਿੱਗ ਗਏ ਹਨ।

ਟੈਰਿਫ ਇੱਕ ਪ੍ਰਕਾਰ ਦਾ ਟੈਕਸ ਹੁੰਦਾ ਹੈ ਜੋ ਦਰਾਮਦ ਕੀਤੀਆਂ ਜਾਂਦੀਆਂ ਚੀਜ਼ਾਂ 'ਤੇ ਸਰਕਾਰ ਦੁਆਰਾ ਵਸੂਲਿਆ ਜਾਂਦਾ ਹੈ ਅਤੇ ਇਸਦਾ ਭੁਗਤਾਨ ਉਹ ਕੰਪਨੀ ਕਰਦੀ ਹੈ ਜੋ ਸਮਾਨ ਮੰਗਵਾਉਂਦੀ ਹੈ।

ਟਰੰਪ ਵੀ ਇਸੇ ਤਰ੍ਹਾਂ ਦੇ ਟੈਰਿਫ ਲਗਾ ਰਹੇ ਹਨ। ਉਹ ਅਮਰੀਕੀ ਕਾਰੋਬਾਰਾਂ ਦੀ ਰੱਖਿਆ ਅਤੇ ਨਿਰਮਾਣ ਨੂੰ ਉਤਸ਼ਾਹਤ ਕਰਨ ਲਈ ਇੱਕ ਵਿਆਪਕ ਮੁਹਿੰਮ ਦੇ ਹਿੱਸੇ ਵਜੋਂ ਅਮਰੀਕਾ ਵਿੱਚ ਦਰਾਮਦ ਕੀਤੇ ਜਾ ਰਹੀਆਂ ਕਈ ਚੀਜ਼ਾਂ 'ਤੇ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਪਰ ਇੱਕ ਪਾਸੇ ਜਿੱਥੇ ਇਹ ਉਪਾਅ ਘਰੇਲੂ ਕਾਰੋਬਾਰਾਂ ਲਈ ਲਾਭਦਾਇਕ ਸਾਬਿਤ ਹੋ ਸਕਦੇ ਹਨ, ਦੂਜੇ ਪਾਸੇ ਵਿਦੇਸ਼ਾਂ ਤੋਂ ਪੁਰ 'ਤੇ ਨਿਰਭਰ ਕਾਰੋਬਾਰਾਂ ਲਈ ਲਾਗਤਾਂ ਵੀ ਵਧ ਜਾਣਗੀਆਂ, ਜਿਵੇਂ ਕਿ ਕਾਰ ਨਿਰਮਾਤਾਵਾਂ ਲਈ।

ਵਿਸ਼ਲੇਸ਼ਕਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਇੱਕ ਕਾਰ ਦੀ ਕੀਮਤ ਹਜ਼ਾਰਾਂ ਡਾਲਰ ਤੱਕ ਵਧ ਸਕਦੀ ਹੈ।

ਐਂਡਰਸਨ ਇਕਨਾਮਿਕ ਗਰੁੱਪ ਦੇ ਅਨੁਸਾਰ, ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੇ ਪੁਰਜ਼ਿਆਂ 'ਤੇ 25 ਫੀਸਦੀ ਟੈਰਿਫ, ਵਾਹਨ ਦੇ ਆਧਾਰ 'ਤੇ ਕੀਮਤ ਵਿੱਚ 4,000-10,000 ਡਾਲਰ ਤੱਕ ਦਾ ਵਾਧਾ ਕਰੇਗਾ।

ਕਾਰਾਂ 'ਤੇ ਲੱਗਣ ਵਾਲੇ ਇਹ ਨਵੇਂ ਕਾਰ ਦਰਾਮਦ ਟੈਕਸ ਉਸੇ ਦਿਨ ਲਾਗੂ ਹੋਣ ਵਾਲੇ ਹਨ ਜਦੋਂ ਅਖੌਤੀ ਪਰਸਪਰ ਟੈਰਿਫ ਸ਼ੁਰੂ ਹੋ ਰਹੇ ਹਨ, ਉਹ ਟੈਰਿਫ ਜੋ ਅਮਰੀਕਾ ਆਪਣੇ ਵਾਪਰਕ ਸਬੰਧਾਂ ਵਾਲੇ ਵੱਖ-ਵੱਖ ਦੇਸ਼ਾਂ 'ਤੇ ਲਗਾ ਰਿਹਾ ਹੈ।

ਹਾਲਾਂਕਿ, ਇਹ ਸੱਪਸ਼ਟ ਨਹੀਂ ਹੈ ਕਿ ਕਾਰ ਟੈਰਿਫ ਉਨ੍ਹਾਂ ਯੋਜਨਾਵਾਂ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ ਹਨ।

ਪਰ ਯੂਕੇ ਸਮੇਤ ਬਹੁਤ ਸਾਰੇ ਦੇਸ਼ ਨਵੇਂ ਟੈਕਸਾਂ ਦੇ ਨਤੀਜੇ ਵਜੋਂ ਆਪਣੇ ਨਿਰਯਾਤਕਾਂ ਦੇ ਪ੍ਰਭਾਵਿਤ ਹੋਣ ਬਾਰੇ ਚਿੰਤਤ ਹਨ।

ਅਮਰੀਕਾ ਪਿਛਲੇ ਸਾਲ ਬ੍ਰਿਟਿਸ਼-ਅਧਾਰਤ ਜੈਗੁਆਰ ਲੈਂਡ ਰੋਵਰ ਲਈ ਸਭ ਤੋਂ ਵੱਧ ਵਿਕਰੀ ਵਾਲਾ ਬਾਜ਼ਾਰ ਸੀ। ਇਸ ਕਾਰ ਨਿਰਮਾਤਾ ਨੇ ਅਮਰੀਕੀਆਂ ਨੂੰ 116,294 ਵਾਹਨ ਵੇਚੇ, ਜੋ ਕਿ ਯੂਕੇ ਅਤੇ ਚੀਨ ਵਿੱਚ ਵਿਕਰੀ ਤੋਂ ਵੱਧ ਸਨ।

ਅਨੁਮਾਨ ਮੁਤਾਬਕ, ਯੂਕੇ ਸਰਕਾਰ ਅਮਰੀਕੀ ਪ੍ਰਸ਼ਾਸਨ ਨਾਲ ਗੱਲਬਾਤ ਕਰ ਰਹੀ ਹੈ ਅਤੇ ਟੈਰਿਫ ਲਾਗੂ ਹੋਣ ਤੋਂ ਪਹਿਲਾਂ ਇੱਕ ਵਪਾਰਕ ਸਮਝੌਤੇ ਦੀ ਉਮੀਦ ਰੱਖਦੀ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਟਰੰਪ ਦੇ ਐਲਾਨ ਨੂੰ ਆਪਣੇ ਦੇਸ਼ ਅਤੇ ਇਸ ਦੇ ਕਾਰ ਉਦਯੋਗ 'ਤੇ "ਸਿੱਧਾ ਹਮਲਾ" ਕਿਹਾ ਹੈ।

ਉਨ੍ਹਾਂ ਕਿਹਾ, "ਇਸ ਨਾਲ ਸਾਨੂੰ ਨੁਕਸਾਨ ਹੋਵੇਗਾ, ਪਰ ਇਸ ਸਮੇਂ ਦੌਰਾਨ ਇਕੱਠੇ ਰਹਿ ਕੇ ਅਸੀਂ ਹੋਰ ਮਜ਼ਬੂਤ ਹੋਵਾਂਗੇ।

ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਕਿਹਾ ਕਿ ਬਲੌਕ (ਇੱਕੋ-ਜਿਹੇ ਸਿਆਸੀ ਹਿੱਤਾਂ ਵਾਲੇ ਦੇਸ਼ਾਂ ਦਾ ਸਮੂਹ) ਕਿਸੇ ਵੀ ਸੰਭਾਵੀ ਪ੍ਰਤੀਕਿਰਿਆ ਤੋਂ ਪਹਿਲਾਂ ਉਪਾਵਾਂ 'ਤੇ ਵਿਚਾਰ ਕਰੇਗਾ।

ਉਨ੍ਹਾਂ ਕਿਹਾ, "ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ, ਟੈਰਿਫ ਟੈਕਸ ਹਨ - ਕਾਰੋਬਾਰਾਂ ਲਈ ਮਾੜੇ, ਅਮਰੀਕਾ ਅਤੇ ਯੂਰਪੀਅਨ ਯੂਨੀਅਨ ਵਿੱਚ ਖਪਤਕਾਰਾਂ ਲਈ ਵੀ ਮਾੜੇ।"

ਉਨ੍ਹਾਂ ਅੱਗੇ ਕਿਹਾ, "ਯੂਰਪੀ ਸੰਘ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਕਰਦੇ ਹੋਏ, ਗੱਲਬਾਤ ਰਾਹੀਂ ਹੱਲ ਲੱਭਣਾ ਜਾਰੀ ਰੱਖੇਗਾ।"

ਉਦਯੋਗ ਸੰਸਥਾ,ਸੁਸਾਇਟੀ ਆਫ਼ ਮੋਟਰ ਮੈਨੂਫੈਕਚਰਰਜ਼ ਐਂਡ ਟਰੇਡਰਜ਼ (ਐਸਐਮਐਮਟੀ) ਦੇ ਅਨੁਸਾਰ, ਯੂਕੇ ਲਈ, ਯੂਰਪੀ ਸੰਘ ਤੋਂ ਬਾਅਦ ਅਮਰੀਕਾ ਦੂਜਾ ਸਭ ਤੋਂ ਵੱਡਾ ਕਾਰ ਬਰਾਮਦ ਬਾਜ਼ਾਰ ਹੈ, ਜਿੱਥੇ ਮੁੱਖ ਤੌਰ 'ਤੇ ਲਗਜ਼ਰੀ ਕਾਰਾਂ ਐਟਲਾਂਟਿਕ ਪਾਰ ਭੇਜੀਆਂ ਜਾਂਦੀਆਂ ਹਨ।

ਐਸਐਮਐਮਟੀ ਦੇ ਮੁੱਖ ਕਾਰਜਕਾਰੀ ਮਾਈਕ ਹਾਵੇਸ ਨੇ ਯੂਕੇ ਅਤੇ ਅਮਰੀਕੀ ਸਰਕਾਰਾਂ ਨੂੰ "ਤੁਰੰਤ ਇਕੱਠੇ ਹੋਣ ਅਤੇ ਇੱਕ ਅਜਿਹਾ ਸੌਦਾ ਕਰਨ ਦੀ ਅਪੀਲ ਕੀਤੀ ਜੋ ਸਾਰਿਆਂ ਲਈ ਕੰਮ ਕਰੇ"।

ਕਾਰ ਉਦਯੋਗ ਪਹਿਲਾਂ ਹੀ ਸਟੀਲ ਅਤੇ ਐਲੂਮੀਨੀਅਮ 'ਤੇ ਵਧੇ ਹੋਏ ਟੈਰਿਫ ਨਾਲ ਜੂਝ ਰਿਹਾ ਹੈ, ਜੋ ਟਰੰਪ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਲਗਾਏ ਸਨ।

ਹਾਲ ਹੀ ਦੇ ਹਫ਼ਤਿਆਂ ਵਿੱਚ, ਫੋਰਡ ਅਤੇ ਜਨਰਲ ਮੋਟਰਜ਼ ਵਰਗੀਆਂ ਵੱਡੀਆਂ ਕਾਰ ਕੰਪਨੀਆਂ ਨੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਉਹ ਕਾਰ ਉਦਯੋਗ ਨੂੰ ਕਿਸੇ ਵੀ ਹੋਰ ਡਿਊਟੀ ਤੋਂ ਛੋਟ ਦੇਣ।

ਯੂਐੱਸ ਇੰਟਰਨੈਸ਼ਨਲ ਟਰੇਡ ਕਮਿਸ਼ਨ ਦੁਆਰਾ 2024 ਦੇ ਇੱਕ ਅਧਿਐਨ ਨੇ ਭਵਿੱਖਬਾਣੀ ਕੀਤੀ ਸੀ ਕਿ ਆਯਾਤ 'ਤੇ 25 ਫੀਸਦੀ ਟੈਰਿਫ ਦਰਾਮਦਾਂ ਨੂੰ ਲਗਭਗ 75 ਫੀਸਦੀ ਤੱਕ ਘਟਾ ਦੇਵੇਗਾ, ਜਦਕਿ ਅਮਰੀਕਾ ਵਿੱਚ ਔਸਤ ਕੀਮਤਾਂ ਵਿੱਚ ਲਗਭਗ 5 ਫੀਸਦੀ ਵਾਧਾ ਹੋਵੇਗਾ।

ਪਰ ਟਰੰਪ ਨੇ ਆਪਣਾ ਫੈਸਲਾ ਜਿਉਂ ਦਾ ਤਿਉਂ ਰੱਖਦੇ ਹੋਏ ਇਸ ਨੂੰ ਲਾਗੂ ਕੀਤਾ ਹੈ। ਜੋ ਕਿ ਵ੍ਹਾਈਟ ਹਾਊਸ ਦੇ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੌਰਾਨ ਆਏ ਵਿਚਾਰ ਨੂੰ ਹੀ ਪੁਨਰ ਸੁਰਜੀਤ ਕਰਨਾ ਹੈ।

ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕੀ ਕਾਮਿਆਂ ਸਿਰਫ਼ ਪੁਰਜ਼ਿਆਂ ਨੂੰ ਅਸੈਂਬਲ ਨਾ ਕਰਨ ਸਗੋਂ ਆਪ ਪੁਰਜੇ ਬਣਾਉਣ।

ਨਵੀਨਤਮ ਟੈਰਿਫਾਂ ਤੋਂ ਇੱਕ ਦਿਨ ਪਹਿਲਾਂ, ਦੱਖਣੀ ਕੋਰੀਆਈ ਕਾਰ ਨਿਰਮਾਤਾ ਕੰਪਨੀ ਹੁੰਡਈ ਨੇ ਐਲਾਨ ਕੀਤਾ ਕਿ ਉਹ ਅਮਰੀਕਾ ਵਿੱਚ 21 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗੀ ਅਤੇ ਦੱਖਣੀ ਸੂਬੇ ਲੁਈਸਿਆਨਾ ਵਿੱਚ ਇੱਕ ਨਵਾਂ ਸਟੀਲ ਪਲਾਂਟ ਲਗਾਵੇਗੀ।

ਟਰੰਪ ਨੇ ਇਸ ਨਿਵੇਸ਼ ਦੀ ਸ਼ਲਾਘਾ ਕੀਤੀ ਹੈ ਅਤੇ ਕਿਹਾ ਹੈ ਕਿ ਇਹ "ਇੱਕ ਸਪੱਸ਼ਟ ਉਦਾਹਰਣ ਹੈ ਕਿ ਟੈਰਿਫ ਬਹੁਤ ਮਜ਼ਬੂਤੀ ਨਾਲ ਕੰਮ ਕਰਦੇ ਹਨ"।

ਯੂਨਾਈਟਿਡ ਆਟੋਵਰਕਰਜ਼ ਯੂਨੀਅਨ ਦੇ ਆਗੂ ਸ਼ੌਨ ਫੇਨ, ਜਿਨ੍ਹਾਂ ਨੇ ਚੋਣਾਂ ਵਿੱਚ ਟਰੰਪ ਦਾ ਵਿਰੋਧ ਕੀਤਾ ਸੀ, ਨੇ ਰਾਸ਼ਟਰਪਤੀ ਦੇ ਕੰਮਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਹ "ਮੁਫ਼ਤ ਵਪਾਰ ਵਾਲੀ ਤਬਾਹੀ ਨੂੰ ਖਤਮ ਕਰਨ ਲਈ ਕਦਮ ਵਧਾ ਰਹੇ ਹਨ ਜਿਸਨੇ ਦਹਾਕਿਆਂ ਤੋਂ ਮਜ਼ਦੂਰ ਵਰਗ ਦੇ ਭਾਈਚਾਰਿਆਂ ਨੂੰ ਤਬਾਹ ਕਰ ਦਿੱਤਾ ਹੈ"।

ਅਮਰੀਕੀ ਆਟੋਮੋਟਿਵ ਨੀਤੀ ਕੌਂਸਲ ਦੇ ਵਪਾਰ ਸਮੂਹ ਦੇ ਮੁਖੀ, ਮੈਟ ਬਲੰਟ ਨੇ ਕਿਹਾ, "ਯੂਐਸ ਆਟੋਮੇਕਰ ਅਮਰੀਕਾ ਵਿੱਚ ਆਟੋਮੋਟਿਵ ਉਤਪਾਦਨ ਅਤੇ ਨੌਕਰੀਆਂ ਵਧਾਉਣ ਦੇ ਰਾਸ਼ਟਰਪਤੀ ਟਰੰਪ ਦੇ ਦ੍ਰਿਸ਼ਟੀਕੋਣ ਪ੍ਰਤੀ ਵਚਨਬੱਧ ਹਨ।"

# ਵੈਲੀ 'ਚ "ਬ੍ਰੈਥ ਆਫ ਲਾਈਫ ਚਰਚ" ਨੂੰ ਲੱਗੀ ਅੱਗ

ਸਰੀ: ਸਰੀ ਦੇ ਵੈਲੀ ਇਲਾਕੇ 'ਚ ਇੱਕ ਸ਼ਾਪਿੰਗ ਮਾਲ 'ਚ ਲੱਗੀ ਭਿਆਨਕ ਅੱਗ ਕਾਰਨ "ਬ੍ਰੈਥ ਆਫ ਲਾਈਫ ਚਰਚ" ਪੂਰੀ ਤਰ੍ਹਾਂ ਨਸ਼ਟ ਹੋ ਗਿਆ। ਇਹ ਚਰਚ ਲਾਤੀਨੀ ਭਾਈਚਾਰੇ ਵਾਸਤੇ ਇੱਕ ਨਵਾਂ ਧਾਰਮਿਕ ਸਥਾਨ ਸੀ।


ਇਹ ਅੱਗ ਸੋਮਵਾਰ (25 ਮਾਰਚ) ਤੜਕੇ 2:30 ਵਜੇ ਲੱਗੀ, ਜਿਸਨੂੰ 25 ਅੱਗ-ਬੁਝਾਊ ਅਫ਼ਸਰਾਂ ਨੇ ਕਈ ਘੰਟਿਆਂ ਦੀ ਮਿਹਨਤ ਤੋਂ ਬਾਅਦ ਕਾਬੂ 'ਚ ਲਿਆ। ਚਰਚ ਪ੍ਰਬੰਧਕਾਂ ਨੇ ਇੰਸਟਾਗ੍ਰਾਮ 'ਤੇ ਪੋਸਟ ਕਰਕੇ ਦੱਸਿਆ "ਸਾਡੀ ਚਰਚ ਦੀ ਇਮਾਰਤ 'ਚ 2 ਵਜੇ ਲੱਗੀ ਅੱਗ ਕਾਰਨ ਇਮਾਰਤ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੀ ਹੈ।"

ਸੋਮਵਾਰ ਤੜਕੇ ਸਰੀ ਪੁਲਿਸ ਨੇ ਇੱਕ ਵਿਅਕਤੀ ਨੂੰ ਅੱਗ ਨਾਲ ਸੰਬੰਧਿਤ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਜਾਂਚ ਕੀਤੀ, ਪਰ ਅੱਗ ਨੂੰ "ਸ਼ੱਕੀ " ਕਰਾਰ ਨਹੀਂ ਦਿੱਤਾ। ਵਿਅਕਤੀ ਨੂੰ ਸੋਮਵਾਰ ਦੁਪਹਿਰ ਤੱਕ ਰਿਹਾ ਕਰ ਦਿੱਤਾ ਗਿਆ।

ਅੱਗ ਦੌਰਾਨ ਕਿਸੇ ਦੀ ਜਾਨ ਨਹੀਂ ਗਈ, ਪਰ 108 ਐਵੇਨਿਊ 'ਤੇ ਰਾਤ-ਭਰ ਟ੍ਰੈਫਿਕ ਬੰਦ ਰਿਹਾ।

ਚਰਚ ਦੇ ਭਾਈਚਾਰੇ ਦੀ ਭਾਵਨਾਤਮਕ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ "ਇਹ ਅੰਤ ਨਹੀਂ, ਇੱਕ ਨਵੀਂ ਸ਼ੁਰੂਆਤ ਹੈ" ਇਹ "ਬ੍ਰੈਥ ਆਫ ਲਾਈਫ ਚਰਚ" ਦੇ ਸੋਸ਼ਲ ਮੀਡੀਆ ਪੋਸਟ 'ਚ ਲਿਖਿਆ ਗਿਆ।

ਚਰਚ-ਗੋਅਰ ਹੁਣ ਨਵੇਂ ਸਥਾਨ ਦੀ ਉਡੀਕ 'ਚ ਹਨ, ਜਿਥੇ ਵਿਆਹੁਲ ਆਗ ਤੋਂ ਬਾਅਦ ਆਉਣ ਵਾਲੀ ਅਗਲੀ ਪ੍ਰਾਰਥਨਾ-ਸਭਾ ਹੋ ਸਕੇ। ਉਨ੍ਹਾਂ ਕਿਹਾ "ਅਸੀਂ ਸਿਰਫ਼ ਆਪਣੇ ਚਰਚ ਲਈ ਨਹੀਂ, ਸਾਰੇ ਧਾਰਮਿਕ ਸਥਾਨਾਂ ਲਈ ਪ੍ਰਾਰਥਨਾ ਕਰ ਰਹੇ ਹਾਂ" - ਚਰਚ ਦੀ ਅਪੀਲ ਹੈ ਕਿ ਸਰੀ ਭਾਈਚਾਰਾ ਇਕੱਠਾ ਹੋ ਕੇ ਹੌਸਲਾ ਵਧਾਏ।




fruiticana hee jaana!
Rajan MANGOES have arrived!
Rajan MANGO ਰਾਜਨ
UNBEATABLE BIGGEST SALE IN CANADA
UNBEATABLE EXTRA SUPER SPECIAL
Rajan Mangoes (Haden) 4 kg
ਰਾਜਨ ਹੇਡਨ ਅੰਬ
$18.98 box
EXTRA SUPER SUPER SPECIAL
Yellow Onions 50 lbs
ਪੀਲੇ ਗੰਢੇ
$11.99 bag
SUPER SPECIAL
Jumbo Carrots
ਜੰਬੋ ਗਾਜਰਾਂ
79¢ lb
SUPER SPECIAL
Red Onions 25 lbs
ਲਾਲ ਗੰਢੇ
$12.99 bag
BOX SALE
Red Delicious Apples 40 lbs
ਲਾਲ ਸੁਆਦੀ ਸੇਬ 40 lbs
$35.00 box
Cilantro 60 Bunches
ਧਨੀਆ
$28.00 box
Red Lentil Whole, Red Lentil Split, Black Chana & Chickpeas 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾਂ ਦੀ ਸਾਬਤ ਦਾਲ,
$3.98 bag
SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.99 ea.
Jumbo Carrots 22 lbs
ਜੰਬੋ ਗਾਜਰਾਂ
22lbs
$14.50 box
Fresh Spinach 24 Bunches
ਪਾਲਕ
$22.00 box
Jumbo Cauliflower
ਵੱਡਾ ਗੋਬੀ ਦਾ ਫੁੱਲ
$25.00 box
Roasted Peanuts in Shell
ਭੁੱਜੀ ਮੂੰਗਫਲੀ
$1.59 lb
SUPER SPECIAL
Fresh Spinach
ਪਾਲਕ
99¢ bunch
Fresh Methi
ਤਾਜਾ ਮੇਥੀ
$1.99 bunch
English Cucumber
ਇੰਗਲਿਸ਼ ਖੀਰੇ
88¢ ea.
Roma Tomatoes
ਰੋਮਾ ਟਮਾਟਰ
$1.49 lb
Seedless Oranges (Small)
ਛੋਟਾ ਸੰਤਰੇ (ਬਿਨਾ ਬੀਜ ਤੋਂ)
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag
SUPER SPECIAL
Cilantro
ਧਨੀਆ
2 bunches for 99¢
Red Delicious Apples
ਲਾਲ ਸਵਾਦ ਸੇਬ
98¢ lb
Fresh Garlic
ਤਾਜ਼ਾ ਲਸਣ
$1.88 lb
Gala Apples
ਗਾਲਾ ਸੇਬ
98¢ lb
Rapini (Sarson da Saag)
ਸਰਸੋਂ ਦਾ ਸਾਗ
$2.99 bunch
Zucchini Squash
ਜ਼ੁਕੀਨੀ ਸਕੁਐਸ਼
88¢ lb
Aashirvaad Whole Wheat Atta 20 lbs
ਆਸ਼ੀਰਵਾਦ ਹੋਲ ਵਿਟ ਆਟਾ
$13.99 bag
Chickpeas & Red Lentil Whole
ਚਿੱਟੇ ਛੋਲੇ
ਧੋਤੀ ਮਸਰਾਂ ਦੀ ਦਾਲ
88¢ lb
Indian Eggplants
ਦੇਸੀ ਬਤਾਊਂ
$1.49 lb
Indican Punjabi Biscuits 2.2 lbs
ਇੰਡੀਕਨ ਪੰਜਾਬੀ ਕੁਕੀਜ਼
$4.89 pkg.
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$11.98 bottle
Gachak (Indican) 400 g
ਇੰਡੀਕਨ ਗੁਰ ਗਚਕ
$1.98 pkg.
Indican Premium Tea 216's
ਇੰਡੀਕਨ ਚਾਹ
$5.99 box
Aashirvaad Multigrain Atta 10 lbs
ਆਸ਼ੀਰਵਾਦ ਮਲਟੀਗ੍ਰੇਨ ਆਟਾ
$9.99 bag
Thur Mar 27, 2025 - Wed Apr 02, 2025
We reserve the right to limit the quantities while they last
Specials valid for Lower Mainland only
Product images may differ from the actual produc...
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Disclaimer: We reserve the right to add restrictions on products with a minimum purchase
THE SOUTH SURREY/WHITE ROCK FRUITICANA NOW OPEN AT 1812, 152ND ST.
Newton ----- 13783 72nd Ave. Surrey ---- 604-590-2080
Newton ----- 13156 64th Ave. Surrey ----- 604-598-9220
Scott Road ---- 12047 80th Ave. Surrey ----- 604-591-5032
Scott Road ---- 104-7028 120th St. ----- 604-590-8864
Cedar Hills ---- 12867 96th Ave. Surrey ----- 604-588-6620
Fleetwood ----- 101-15933 Fraser Hwy ----- 604-593-5163
Fleetwood ----- 15230 84 Ave. ----- 236-317-6272
Surrey ----- 12990 72nd Ave. ----- 604-503-5510
Surrey ----- 12788 76A Ave. Surrey ----- 604-597-1676
Surrey ----- 16788 64 Ave. ----- 604-372-2023
Surrey ----- 101-7228 192St. ----- 604-575-3750
Surrey ----- 101-1812 152St. ----- 604-539-5736
New Westminster 101-331 6th St. ----- 604-395-3595
Abbotsford ----- 2785 Bourquin Crescent W. 604-744-0328
Abbotsford ----- 31205 Maclure Rd. ----- 604-504-5877
Port Coquitlam 2807 Shaughnessy St. ----- 604-464-0822
Vancouver ----- 6257 Fraser St. ----- 604-321-9931
Richmond ----- 4101 No.5 Rd. ----- 604-244-9520